People's Herald

Rs- 100/month

People's Herald



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

"Equality and Justice"

स्वतंत्रता, समानता, भाईचारा

PATIALA On line paper 26 ਅਪਰੈਲ 2025 ਸਨਿੱਚਰਵਾਰ "ਰੋਜ਼ਾਨਾ" ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਅਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ




## ਦਹਿਸ਼ਤਗਰਦਾਂ ਨੂੰ ਫੰਡ ਤੇ ਸਿਖਲਾਈ ਦੇਣ ਦਾ ਸਾਡਾ ਪੁਰਾਣਾ ਇਤਿਹਾਸ ਰਿਹੈ: ਪਾਕਿ ਰੱਖਿਆ ਮੰਤਰੀ

### ਖ਼ਵਾਜਾ ਆਸਿਫ਼ ਨੇ ਇਕ ਵਰਚੁਅਲ ਇੰਟਰਵਿਊ ਦੌਰਾਨ ਪੱਛਮ ਲਈ ਇਹ 'ਮਾੜਾ ਕੰਮ' ਦਹਾਕਿਆਂ ਤੋਂ ਕਰਨ ਦੀ ਗੱਲ ਕਬੂਲੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਅਪਰੈਲ INTERNATIONAL PAPER, 94636 01616 hardipchumber57@gmail.com

ਲੰਡਨ, 25 ਅਪਰੈਲ

ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ਼ ਨੇ ਮੰਨਿਆ ਹੈ ਕਿ ਦਹਿਸ਼ਤਗਰਦ ਜਥੇਬੰਦੀਆਂ ਦੀ ਹਮਾਇਤ, ਉਨ੍ਹਾਂ ਨੂੰ ਸਿਖਲਾਈ ਤੇ ਫੰਡ ਮੁਹੱਈਆ ਕਰਵਾਉਣ ਦਾ ਉਨ੍ਹਾਂ ਦੇ ਮੁਲਕ ਦਾ ਪੁਰਾਣਾ ਇਤਿਹਾਸ ਰਿਹਾ ਹੈ ਤੇ ਉਹ ਇਹ 'ਮਾੜਾ ਕੰਮ' ਪੱਛਮ ਲਈ ਦਹਾਕਿਆਂ ਤੋਂ ਕਰਦੇ ਰਹੇ ਹਨ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਇਸ ਗ਼ਲਤੀ ਦਾ ਖਮਿਆਜ਼ਾ ਵੀ ਭੁਗਤਿਆ ਹੈ। ਸਕਾਈ ਨਿਊਜ਼ ਨੂੰ ਦਿੱਤੀ ਵਰਚੁਅਲ ਇੰਟਰਵਿਊ ਵਿੱਚ ਖ਼ਬਰ ਪੇਸ਼ਕਾਰ ਯਲਦਾ ਹਾਕਿਮ ਨੇ ਆਸਿਫ ਨੂੰ ਪਹਿਲਗਾਮ ਦਹਿਸ਼ਤੀ ਹਮਲੇ ਤੋਂ ਬਾਅਦ ਅਤਿਵਾਦ ਨੂੰ ਲੈ ਕੇ ਪਾਕਿਸਤਾਨ ਦੇ ਜਵਾਬ ਤੇ ਰੁਖ਼ ਬਾਰੇ ਸਵਾਲ ਕੀਤਾ ਸੀ।

ਹਾਕਿਮ ਨੇ ਸਵਾਲ ਕੀਤਾ ਸੀ, ''ਸਰ ਕੀ ਤੁਸੀਂ ਮੰਨਦੇ ਹੋ ਕਿ ਪਾਕਿਸਤਾਨ ਦਾ ਇਨ੍ਹਾਂ ਦਹਿਸ਼ਤੀ ਸੰਗਠਨਾਂ ਨੂੰ ਸਮਰਥਨ, ਸਿਖਲਾਈ ਅਤੇ ਫੰਡਿੰਗ ਦੇਣ ਦਾ ਲੰਮਾ ਇਤਿਹਾਸ ਰਿਹਾ ਹੈ।'' ਆਸਿਫ਼ ਨੇ ਜਵਾਬ ਦਿੱਤਾ, ''ਖੈਰ, ਅਸੀਂ ਕਰੀਬ ਪਿਛਲੇ ਤਿੰਨ ਦਹਾਕਿਆਂ ਤੋਂ ਅਮਰੀਕਾ ਲਈ ਇਹ ਮਾੜਾ ਕੰਮ ਕਰ ਰਹੇ ਹਾਂ, ਤੁਸੀਂ ਜਾਣਦੇ ਹੋ ਅਤੇ ਪੱਛਮ, ਜਿਸ ਵਿੱਚ ਬ੍ਰਿਟੇਨ ਵੀ ਸ਼ਾਮਲ ਹੈ।''

ਰੱਖਿਆ ਮੰਤਰੀ ਨੇ ਕਿਹਾ, ''ਇਹ ਇੱਕ ਗਲਤੀ ਸੀ, ਅਤੇ ਅਸੀਂ ਇਸ ਦਾ ਸਾਹਮਣਾ ਕੀਤਾ, ਅਤੇ ਇਸੇ ਲਈ ਤੁਸੀਂ ਮੈਨੂੰ ਇਹ ਕਹਿ ਰਹੇ ਹੋ। ਜੇਕਰ ਅਸੀਂ ਸੋਵੀਅਤ ਯੂਨੀਅਨ ਵਿਰੁੱਧ ਜੰਗ ਅਤੇ ਬਾਅਦ ਵਿੱਚ 9/11 ਤੋਂ ਬਾਅਦ ਜੰਗ ਵਿੱਚ ਸ਼ਾਮਲ ਨਾ ਹੁੰਦੇ, ਤਾਂ ਪਾਕਿਸਤਾਨ ਦਾ ਟਰੈਕ ਰਿਕਾਰਡ... ਇੱਕ ਬੇਦਾਗ਼ ਟਰੈਕ ਰਿਕਾਰਡ ਹੁੰਦਾ।''

ਆਸਿਫ਼ ਨੇ ਕਿਹਾ, ''ਇਸ ਖੇਤਰ ਵਿੱਚ ਜੋ ਕੁਝ ਵੀ ਹੋ ਰਿਹਾ ਹੈ, ਉਸ ਲਈ ਪਾਕਿਸਤਾਨ ਨੂੰ ਦੋਸ਼ੀ ਠਹਿਰਾਉਣਾ ਵੱਡੀਆਂ ਸ਼ਕਤੀਆਂ ਲਈ ਬਹੁਤ ਸੁਖਾਲਾ ਹੈ। ਜਦੋਂ ਅਸੀਂ 80 ਦੇ ਦਹਾਕੇ ਵਿੱਚ ਸੋਵੀਅਤ ਯੂਨੀਅਨ ਵਿਰੁੱਧ ਉਨ੍ਹਾਂ ਦੇ ਪਾਸੇ ਜੰਗ ਲੜ ਰਹੇ ਸੀ, ਤਾਂ ਅੱਜ ਦੇ ਇਹ ਸਾਰੇ ਦਹਿਸ਼ਤੀ ਸੰਗਠਨ ਵਾਸ਼ਿੰਗਟਨ ਵਿੱਚ ਸ਼ਰਾਬਾਂ ਪੀ ਰਹੇ ਸਨ ਅਤੇ ਖਾਣਾ ਖਾ ਰਹੇ ਸਨ।'' ਉਨ੍ਹਾਂ ਕਿਹਾ, ''ਅਤੇ ਫਿਰ 9/11 ਦੇ ਹਮਲੇ ਹੋਏ। ਫਿਰ, ਉਹੀ ਸਥਿਤੀ ਦੁਹਰਾਈ ਗਈ। ਮੈਨੂੰ ਲੱਗਦਾ ਹੈ ਕਿ ਸਾਡੀਆਂ ਸਰਕਾਰਾਂ ਨੇ ਫਿਰ ਗਲਤੀ ਕੀਤੀ।''

ਆਸਿਫ਼ ਨੇ ਕਿਹਾ ਕਿ ਉਸ ਸਮੇਂ ਪਾਕਿਸਤਾਨ ਨੂੰ 'ਪ੍ਰੌਕਸੀ ਵਜੋਂ ਵਰਤਿਆ ਗਿਆ' ਸੀ। ਕਾਬਿਲੇਗੌਰ ਹੈ ਕਿ ਕਸ਼ਮੀਰ ਦੇ ਪਹਿਲਗਾਮ ਵਿਚ ਮੰਗਲਵਾਰ ਨੂੰ ਹੋਏ ਦਹਿਸ਼ਤੀ ਹਮਲੇ, ਜਿਸ ਵਿਚ 26 ਲੋਕਾਂ ਦੀ ਜਾਨ ਜਾਂਦੀ ਰਹੀ ਸੀ, ਦੀ ਜ਼ਿੰਮੇਵਾਰੀ ਪਾਕਿਸਤਾਨ ਅਧਾਰਿਤ ਲਸ਼ਕਰ-ਏ-ਤਇਬਾ ਨਾਲ ਸਬੰਧਤ ਦਿ ਰਜ਼ਿਸਟੈਂਸ ਫਰੰਟ ਨੇ ਲਈ ਸੀ।

ਆਸਿਫ਼ ਨੇ ਕਿਹਾ, ''ਲਸ਼ਕਰ-ਏ-ਤਇਬਾ ਹੁਣ ਪਾਕਿਸਤਾਨ ਵਿੱਚ ਮੌਜੂਦ ਨਹੀਂ



ਹੈ। ਇਹ ਅਲੋਪ ਹੋ ਗਿਆ ਹੈ। ਇਹ ਅਲੋਪ ਹੋ ਗਿਆ ਹੈ... ਜੇਕਰ ਮੂਲ ਸੰਗਠਨ ਮੌਜੂਦ ਨਹੀਂ ਹੈ, ਤਾਂ ਇੱਥੇ ਇਸ ਦੀ ਸ਼ਾਖਾ ਕਿਵੇਂ ਪੈਦਾ ਹੋ ਸਕਦੀ ਹੈ।'' ਇਹ ਪੁੱਛੇ ਜਾਣ 'ਤੇ ਕਿ ਕੀ ਪਾਕਿਸਤਾਨ ਨੂੰ ਪਹਿਲਗਾਮ ਦਹਿਸ਼ਤੀ ਹਮਲੇ ਦੇ ਨਤੀਜੇ ਵਜੋਂ ਤਣਾਅ ਵਧਣ ਦਾ ਡਰ ਹੈ ਤਾਂ ਰੱਖਿਆ ਮੰਤਰੀ ਨੇ ਕਿਹਾ ਕਿ ਦੇਸ਼ 'ਹਰ ਤਰ੍ਹਾਂ ਦਾ' ਜਵਾਬ ਦੇਣ ਲਈ ਤਿਆਰ ਹੈ। ਆਸਿਫ਼ ਨੇ ਵਰਚੁਅਲ ਇੰਟਰਵਿਊ ਦੌਰਾਨ ਕਿਹਾ, ''ਅਸੀਂ ਭਾਰਤ ਵੱਲੋਂ ਸ਼ੁਰੂ ਕੀਤੀ ਗਈ ਹਰ ਚੀਜ਼ ਪ੍ਰਤੀ ਆਪਣੀ ਪ੍ਰਤੀਕਿਰਿਆ ਮਾਪਾਂਗੇ। ਇਹ ਇਕ ਨਪਿਆ ਤੁਲਿਆ ਜਵਾਬ ਹੋਵੇਗਾ, ਜੇ ਕੋਈ ਹਮਲਾ ਜਾਂ ਇਸ ਤਰ੍ਹਾਂ ਦੀ ਕੋਈ ਹੋਰ ਚੀਜ਼ ਹੁੰਦੀ ਹੈ, ਤਾਂ ਯਕੀਨੀ ਤੌਰ 'ਤੇ ਜੰਗ ਹੋਵੇਗੀ।'' -ਪੀਟੀਆਈ

## ਕੇਂਦਰ ਨੇ ਵਕਫ਼ ਐਕਟ ਉਤੇ ਰੋਕ ਲਾਉਣ ਦਾ ਸਪਰੀਮ ਕੋਰਟ 'ਚ ਕੀਤਾ ਵਿਰੋਧ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਅਪਰੈਲ INTERNATIONAL PAPER, 94636 01616 hardipchumber57@gmail.com



ਕੇਂਦਰ ਨੇ ਸ਼ੁੱਕਰਵਾਰ ਨੂੰ ਸੁਪਰੀਮ ਕੋਰਟ ਤੋਂ ਵਕਫ਼ (ਸੋਧ) ਐਕਟ, 2025 ਦੀ ਵਾਜਬੀਅਤ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਨੂੰ ਖਾਰਜ ਕਰਨ ਦੀ ਮੰਗ ਕੀਤੀ ਅਤੇ ਕਿਹਾ ਕਿ ਇਸ ਕਾਨੂੰਨ 'ਤੇ ਇਸ ਕਾਰਨ "ਪੂਰੀ ਤਰ੍ਹਾਂ ਰੋਕ" ਨਹੀਂ ਲਗਾਈ ਜਾ ਸਕਦੀ ਕਿਉਂਕਿ ਇਸ ਦੀ 'ਸੰਵਿਧਾਨਕਤਾ ਸਹੀ ਹੋਣ ਦੀ ਤਵੱਕੋ ਕੀਤੀ ਜਾਂਦੀ' ਹੈ।

ਸਰਕਾਰ ਨੇ ਸਿਖਰਲੀ ਅਦਾਲਤ ਅੱਗੇ ਪੇਸ਼ 1,332 ਸਫ਼ਿਆਂ ਦੇ ਮੁੱਢਲਾ ਜਵਾਬੀ ਹਲਫ਼ਨਾਮੇ ਵਿੱਚ ਇਸ ਵਿਵਾਦਪੂਰਨ ਕਾਨੂੰਨ ਦਾ ਬਚਾਅ ਕਰਦਿਆਂ ਕਿਹਾ ਕਿ "ਹੈਰਾਨੀ ਦੀ ਗੱਲ ਹੈ ਕਿ" 2013 ਤੋਂ ਬਾਅਦ, ਵਕਫ਼ ਜ਼ਮੀਨ ਵਿੱਚ 20 ਲੱਖ ਹੈਕਟੇਅਰ (ਬਿਲਕੁਲ 20,92,072.536) ਤੋਂ ਵੱਧ ਦਾ ਇਜ਼ਾਫ਼ਾ ਹੋਇਆ ਹੈ। ਹਲਫ਼ਨਾਮੇ ਵਿੱਚ ਕਿਹਾ ਗਿਆ ਹੈ, "ਜੇ ਪਿਛਾਂਹ ਵੀ ਝਾਤ ਮਾਰੀ ਜਾਵੇ ਤਾਂ ਮੁਗ਼ਲ ਦੌਰ ਦੌਰਾਨ, ਆਜ਼ਾਦੀ ਤੋਂ ਪਹਿਲਾਂ ਅਤੇ ਆਜ਼ਾਦੀ ਤੋਂ ਬਾਅਦ ਦੇ ਦੌਰ ਵਿੱਚ ਵੀ ਭਾਰਤ ਵਿੱਚ ਬਣਾਏ ਗਏ ਵਕਫ਼ਾਂ ਕੋਲ ਕੁੱਲ 18,29,163.896 ਏਕੜ ਜ਼ਮੀਨ ਸੀ।"

ਇਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਨਿੱਜੀ ਅਤੇ ਸਰਕਾਰੀ ਜਾਇਦਾਦਾਂ 'ਤੇ ਕਬਜ਼ਾ ਕਰਨ ਲਈ ਪਹਿਲਾਂ ਦੇ ਪ੍ਰਬੰਧਾਂ ਦੀ "ਦੁਰਵਰਤੋਂ ਦੀਆਂ ਰਿਪੋਰਟਾਂ" ਹਨ। ਇਹ ਹਲਫ਼ਨਾਮਾ ਘੱਟ ਗਿਣਤੀ ਮਾਮਲਿਆਂ ਦੇ ਮੰਤਰਾਲੇ ਦੇ ਸੰਯੁਕਤ ਸਕੱਤਰ ਸ਼ੇਰਸ਼ਾ ਸੀ. ਸ਼ੇਖ ਮੋਹਿਦੀਨ ਵੱਲੋਂ ਦਾਖ਼ਲ ਕੀਤਾ ਗਿਆ ਹੈ।

ਇਸ ਤੋਂ ਪਹਿਲਾਂ 17 ਅਪਰੈਲ ਨੂੰ ਕੇਂਦਰ ਨੇ ਸਿਖਰਲੀ ਅਦਾਲਤ ਨੂੰ ਭਰੋਸਾ ਦਿੱਤਾ ਸੀ ਕਿ ਉਹ 5 ਮਈ ਤੱਕ "ਉਪਭੋਗਤਾ ਦੁਆਰਾ ਵਕਫ਼" ਸਮੇਤ ਕਿਸੇ ਤਰ੍ਹਾਂ ਦੀ ਵੀ ਵਕਫ਼ ਜਾਇਦਾਦ ਨੂੰ ਨਾ ਤਾਂ ਡੀਨੋਟੀਫਾਈ ਕਰੇਗਾ ਅਤੇ ਨਾ ਹੀ ਕੇਂਦਰੀ ਵਕਫ਼ ਕੌਂਸਲ ਅਤੇ ਬੋਰਡਾਂ ਵਿੱਚ ਕੋਈ ਨਿਯੁਕਤੀਆਂ ਕਰੇਗਾ। ਚੀਫ਼ ਜਸਟਿਸ ਸੰਜੀਵ ਖੰਨਾ (Chief Justice Sanjiv Khanna) ਦੀ ਅਗਵਾਈ ਵਾਲੇ ਬੈਂਚ ਨੇ ਅੰਤਰਿਮ ਆਦੇਸ਼ ਪਾਸ ਕਰਨ ਲਈ 5 ਮਈ ਨੂੰ ਮਾਮਲੇ ਦੀ ਸੁਣਵਾਈ ਕਰਨੀ ਹੈ। -ਪੀਟੀਆਈ

## ਬਸਪਾ ਦੇ ਸੂਬਾ ਪ੍ਰਧਾਨ ਕਰੀਮਪੁਰੀ ਨੇ ਪਹਿਲਗਾਮ ਅੱਤਵਾਦੀ ਹਮਲੇ ਦੀ ਨਿੰਦਾ ਕਰ ਸਖਤ ਕਾਰਵਾਈ ਦੀ ਕੀਤੀ ਮੰਗ

### ਲੁਧਿਆਣਾ ਦਾ ਜੱਥੇਬੰਦਕ ਢਾਂਚਾ ਮਜਬੂਤ ਕਰਨ ਲਈ ਕੀਤੀਆਂ ਨਵੀਆਂ ਨਿਯੁਕਤੀਆਂ, ਬਿਲਗਾ ਦਿਹਾਤੀ ਦੇ ਇੰਚਾਰਜ ਤੇ ਬਿੱਟੂ ਸ਼ੇਰਪੁਰੀ ਮੀਡੀਆ ਇੰਚਾਰਜ ਨਿਯੁਕਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਅਪਰੈਲ INTERNATIONAL PAPER, 94636 01616 hardipchumber57@gmail.com



ਲੁਧਿਆਣਾ 25 ਅਪ੍ਰੈਲ ( ) ਬਹੁਜਨ ਸਮਾਜ ਪਾਰਟੀ ਜਿਲਾ ਲੁਧਿਆਣਾ ਦੀ ਇੱਕ ਅਹਿਮ ਮੀਟਿੰਗ ਡਾਕਟਰ ਅੰਬੇਡਕਰ ਭਵਨ ਜਲੰਧਰ ਬਾਈਪਾਸ ਵਿਖੇ ਹੋਈ ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਪੰਜਾਬ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਪੁੱਜੇ। ਉਨ੍ਹਾਂ ਬਸਪਾ ਦੀ ਕੌਮੀਂ ਪ੍ਰਧਾਨ ਭੈਣ ਕੁਮਾਰੀ ਵਾਂਗ ਪਹਿਲਗਾਮ ਅੱਤਵਾਦੀ ਹਮਲੇ ਦੀ ਸਖਤ ਸ਼ਬਦਾਂ 'ਚ ਨਿੰਦਾ ਕਰਦਿਆਂ ਕਿਹਾ ਕੇਂਦਰ ਸਰਕਾਰ ਨੂੰ ਇਸ ਮਾਲੇ ਨੂੰ ਪੂਰੀ ਗੰਭੀਰਤਾ ਨਾਲ ਲੈਂਦੇ ਹੋਏ ਜਲਦ ਤੋਂ ਜਲਦ ਸਖਤ ਕਾਰਵਾਈ ਅਮਲ 'ਚ ਲਿਆਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅੱਤਵਾਦੀ ਹਮਲਾ ਅਤਿ ਦੁਖਦਾਇਕ ਹੈ ਅਤੇ ਬਹੁਜਨ ਸਮਾਜ ਪਾਰਟੀ ਪੀੜਤ ਪਰਿਵਾਰਾਂ ਨਾਲ ਗਹਿਰੀ ਸੰਵੇਦਨਾ ਪ੍ਰਗਟ ਕਰਦੀ ਹੈ। ਉਨ੍ਹਾਂ ਵੱਲੋਂ ਲੁਧਿਆਣਾ ਦਾ ਜੱਥੇਬੰਦਕ ਢਾਂਚਾ ਹੋਰ ਮਜਬੂਤ ਕਰਦਿਆਂ ਸਾਬਕਾ ਜਿਲ੍ਹਾ ਪ੍ਰਧਾਨ ਸੀਨੀਅਰ ਆਗੂ ਪ੍ਰਗਣ ਬਿਲਗਾ ਨੂੰ ਲੁਧਿਆਣਾ ਦਿਹਾਤੀ ਦਾ ਇੰਚਾਰਜ ਨਿਯੁਕਤ ਕੀਤਾ ਹੈ। ਇਸ ਤੋਂ ਇਲਾਵਾ ਬਿੱਟੂ ਸ਼ੇਰਪੁਰ ਨੂੰ ਜਿਲ੍ਹਾ ਮੀਡੀਆ ਇੰਚਾਰਜ, ਮੀਨੂ ਧੀਰ ਨੂੰ ਜਿਲਾ ਕੋਆਰਡੀਨੇਟਰ ਤੇ ਮਹਿਲਾ ਵਿੰਗ ਦੀ ਇੰਚਾਰਜ, ਸੁਰੇਸ਼ ਕੁਮਾਰ ਸੋਨੂ ਨੂੰ ਜਨਰਲ ਸਕੱਤਰ, ਇੰਦਰੇਸ਼ ਕੁਮਾਰ ਤੋਮਰ ਨੂੰ ਕੈਸ਼ੀਅਰ, ਬਲਵਿੰਦਰ ਕੋਚ ਨੂੰ ਜ਼ਿਲ੍ਹਾ ਕੋਆਰਡੀਨੇਟਰ ਤੇ ਇੰਚਾਰਜ ਵਿਧਾਨ ਸਭਾ ਸੈਂਟਰਲ, ਰਜਿੰਦਰ ਨਿੱਕਾ ਨੂੰ ਜ਼ਿਲ੍ਹਾ ਕੋਆਰਡੀਨੇਟਰ ਤੇ ਇੰਚਾਰਜ ਵਿਧਾਨ ਸਭਾ ਪੂਰਬੀ, ਅਮਰੀਕ ਸਿੰਘ ਘੁਲਾਲ, ਜ਼ਿਲ੍ਹਾ ਕੋਆਰਡੀਨੇਟਰ ਤੇ ਇੰਚਾਰਜ ਵਿਧਾਨ ਸਭਾ ਦੱਖਣੀ ਨਿਯੁਕਤ ਕੀਤਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਬਾਡੀ ਦਾ ਜਲਦ ਹੋਰ ਵੀ ਵਿਸਥਾਰ ਕੀਤਾ ਜਾਵੇਗਾ ਤੇ 30 ਅਪ੍ਰੈਲ ਤੱਕ ਜਿਲ੍ਹੇ ਦੀਆਂ ਸਾਰੀਆਂ ਵਿਧਾਨ ਸਭਾ ਦੀਆਂ ਟੀਮਾਂ ਤਿਆਰ ਕਰਨ ਦਾ ਕੰਮ ਅਹੁਦੇਦਾਰਾਂ ਨੂੰ ਦਿੱਤਾ ਗਿਆ ਹੈ। ਇਸ ਮੌਕੇ ਸੂਬਾ ਜਨਰਲ ਸਕੱਤਰ ਤੇ ਜੋਨ ਇੰਚਾਰਜ ਪ੍ਰਵੀਨ ਬੰਗਾ, ਜਿਲ੍ਹਾ ਇੰਚਾਰਜ ਜੀਤ ਰਾਮ ਬਸਰਾ ਅਤੇ ਸ਼ਹਿਰੀ ਪ੍ਰਧਾਨ ਬਲਵਿੰਦਰ ਜੱਸੀ ਵੀ ਹਾਜਰ ਸੀ।

# ਜਥੇਦਾਰ ਦੀ ਨਿਯੁਕਤੀ ਤੇ ਸੇਵਾ ਮੁਕਤੀ ਸਬੰਧੀ ਨਿਯਮਾਂਵਲੀ ਲਈ SGPC ਨੇ ਸੁਝਾਵਾਂ ਦੇ ਸਮੇਂ 'ਚ ਕੀਤਾ ਵਾਧਾ

## ਹੁਣ 20 ਮਈ 2025 ਤਕ ਭੇਜੇ ਜਾ ਸਕਣਗੇ ਸੁਝਾਅ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com

ਐਸਜੀਪੀਸੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਯੋਗਤਾ, ਨਿਯੁਕਤੀ, ਜ਼ੁੰਮੇਵਾਰੀਆਂ ਤੇ ਸੇਵਾ ਮੁਕਤੀ ਸਬੰਧੀ ਮੰਗੇ ਸੁਝਾਵਾਂ ਦੇ ਸਮੇਂ ਵਿਚ ਵਾਧਾ ਕਰ ਦਿੱਤਾ ਹੈ।ਹੁਣ ਇਹ ਸੁਝਾਅ 20 ਮਈ 2025 ਤਕ ਭੇਜੇ ਜਾ ਸਕਕਣਗੇ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪੱਤਾਪ ਸਿੰਘ ਨੇ ਦਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਸਬੰਧੀ ਸੇਵਾ ਨਿਯਮ ਬਣਾਉਣ ਲਈ ਸਿੱਖ ਜਥੇਬੰਦੀਆਂ, ਸੰਪਰਦਾਵਾਂ, ਸੰਸਥਾਵਾਂ, ਸਿੰਘ ਸਭਾਵਾਂ, ਸਭਾ ਸੁਸਾਇਟੀਆਂ ਅਤੇ ਸਿੱਖ ਵਿਦਵਾਨਾਂ ਕੋਲੋਂ 20 ਅਪ੍ਰੈਲ 2025 ਤਕ ਸੁਝਾਅ ਮੰਗੇ ਸਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਬੇਸ਼ੱਕ ਬਹੁਤ ਸਾਰੇ ਸੁਝਾਅ ਪ੍ਰਾਪਤ ਹੋਏ ਹਨ ਪਰ ਇਸ ਦੇ ਹੋਰ ਵਿਸਥਾਰ ਲਈ 20 ਮਈ 2025 ਤਕ ਦਾ ਸਮਾਂ ਵਧਾਉਣ ਦਾ ਫ਼ੈਸਲਾ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਇਸ ਦੇ ਨਾਲ ਨਾਲ ਪਹਿਲੇ ਪੁੱਜੇ ਸੁਝਾਵਾਂ ਨੂੰ ਵਾਚਣ ਤੇ ਕੱਚਾ ਖਰੜਾ ਤਿਆਰ ਕਰਨ ਦੀ ਪ੍ਰਕਿਰਿਆ ਵੀ ਆਰੰਭੀ ਜਾਵੇਗੀ ਜਿਸ ਮਗਰੋਂ ਇੱਕ ਕਮੇਟੀ ਗਠਤ ਕਰ ਕੇ ਇਸ ਨੂੰ ਅੰਤਮ ਰੂਪ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਇਹ ਸੁਝਾਅ ਪਹਿਲਾਂ ਦੀ ਤਰ੍ਹਾਂ ਸ਼੍ਰੋਮਣੀ ਕਮੇਟੀ ਨੂੰ ਦਸਤੀ ਰੂਪ ਵਿਚ ਜਾਂ ਅਧਿਕਾਰਤ ਈਮੇਲ ਅਤੇ ਵਟਸਐਪ ਨੰਬਰ 77101-36200 ਉੱਤੇ ਭੇਜੇ ਜਾਣ।

# ਬਾਬੇ ਨਾਨਕ ਦੀਆਂ ਸਿਖਿਆਵਾਂ ਬਾਰੇ ਜਾਣ ਕੇ ਇਕ ਚੀਨੀ ਬਣਿਆ ਸਿੱਖ, ਜੇਸਨ ਨੇ ਗੁਰਮੁਖੀ ਪੜ੍ਹਨੀ ਸਿਖੀ ਤੇ ਅੱਜਕਲ ਬਿਨਾਂ ਨਾਗਾ ਉਹ ਨਿਤਨੇਮ ਦਾ ਪਾਠ ਕਰ ਰਿਹਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com

ਅੰਮ੍ਰਿਤਸਰ (ਚਰਨਜੀਤ ਸਿੰਘ): ਸ੍ਰੀ ਗੁਰੂ ਨਾਨਕ ਸਾਹਿਬ ਦੀਆਂ ਸਿਖਿਆਵਾਂ ਬਾਰੇ ਜਾਣ ਕੇ ਤੇ ਪੜ੍ਹ ਕੇ ਇਕ ਚੀਨੀ ਨੇ ਸਿੱਖ ਧਰਮ ਧਾਰਨ ਕਰਨ ਦਾ ਫ਼ੈਸਲਾ ਲਿਆ ਹੈ। ਇਸ ਸਮੇਂ ਜੇਸਨ ਨਾਮਕ ਇਹ ਵਿਅਕਤੀ ਅਖੰਡ ਕੀਰਤਨੀ ਜਥੇ ਦੇ ਅੰਮ੍ਰਿਤਸਰ ਵਿਖੇ ਸਥਿਤ ਰੰਗਲੇ ਸੱਜਣ ਟਰੱਸਟ ਵਿਚ ਰਹਿ ਕੇ ਗੁਰਮਤਿ ਬਾਰੇ ਜਾਣਕਾਰੀ ਹਾਸਲ ਕਰ ਰਿਹਾ ਹੈ।

ਇਸ ਪੱਤਰਕਾਰ ਨਾਲ ਗੱਲ ਕਰਦਿਆਂ ਜੇਸਨ ਨੇ ਦਸਿਆ ਕਿ ਉਹ ਮੂਲ ਰੂਪ ਵਿਚ ਚੀਨ ਦਾ ਰਹਿਣ ਵਾਲਾ ਹੈ ਤੇ ਅੱਜਕਲ ਅਮਰੀਕਾ ਵਿਖੇ ਰਹਿੰਦਾ ਹੈ ਉਥੇ ਹੀ ਉਸ ਨੂੰ ਸਿੱਖ ਧਰਮ, ਸਿੱਖ ਧਰਮ ਦੇ ਉਚੇ ਤੇ ਸੁੱਚੇ ਸਿਧਾਂਤ ਤੇ ਸਿੱਖ ਪ੍ਰੰਪਰਾਵਾਂ ਬਾਰੇ ਪਤਾ ਲਗਾ। ਜੇਸਨ ਮੁਤਾਬਕ ਉਹ ਲਗਗ ਛੇ ਮਹੀਨੇ ਤੋਂ ਸਿੱਖ ਧਰਮ ਬਾਰੇ ਵੱਧ ਤੋਂ ਵੱਧ ਜਾਣਕਾਰੀ ਹਾਸਲ ਕਰਨ ਦਾ ਯਤਨ ਕਰ ਰਿਹਾ ਹੈ। ਉਸ ਨੂੰ ਬਾਬੇ ਨਾਨਕ ਦਾ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦੇ ਸਿਧਾਂਤ ਨੇ ਬੇਹਦ ਪ੍ਰਭਾਵਤ ਕੀਤਾ।

ਰੰਗਲੇ ਸੱਜਣ ਟਰੱਸਟ ਵਿਚ ਰਹਿ ਕੇ ਜੇਸਨ ਨੇ ਗੁਰਮੁਖੀ ਪੜ੍ਹਨੀ ਸਿਖੀ ਤੇ ਅੱਜਕਲ ਬਿਨਾਂ ਨਾਗਾ ਉਹ ਨਿਤਨੇਮ ਦਾ ਪਾਠ ਕਰ ਰਿਹਾ ਹੈ। ਉਸ ਨੇ ਦਸਿਆ ਕਿ ਹੁਣ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਸਥਾ ਰਖਦਾ ਹੈ। ਅਖੰਡ ਕੀਰਤਨੀ ਜਥੇ ਦੀ ਚੋਣ ਕਿਉਂ ਬਾਰੇ ਪੁਛਣ 'ਤੇ ਜੇਸਨ ਨੇ ਦਸਿਆ ਕਿ ਇਹ ਨਿਰੋਲ ਧਾਰਮਕ ਲੋਕ ਹਨ ਜਿਨ੍ਹਾਂ ਦੇ ਪ੍ਰੇਰਣਾਮਈ ਜੀਵਨ ਤੋਂ ਬਹੁਤ ਕੱੁਝ ਸਿਖਿਆ ਜਾ



ਸਕਦਾ ਹੈ। ਇਹ ਲੋਕ ਨਿਰੋਲ ਗੁਰਮਤਿ ਦੇ ਪ੍ਰਚਾਰਕ ਹਨ ਤੇ ਇਹ ਲੋਕ ਵਿਸ਼ਵਾਸ ਪਾਤਰ ਹਨ। ਇਸ ਮੌਕੇ ਜਥੇ ਦੇ ਆਗੂ ਭਾਈ ਮਨਜੀਤ ਸਿੰਘ ਨੇ ਦਸਿਆ ਕਿ ਜੇਸਨ ਹਰ ਰੋਜ਼ ਅੰਮ੍ਰਿਤ ਵੇਲੇ ਹੀ ਆਸਾ ਕੀ ਵਾਰ ਦੇ ਕੀਰਤਨ ਸਮੇਂ ਦੀਵਾਨ ਵਿਚ ਹਾਜ਼ਰੀ ਭਰਦਾ ਹੈ।

# ਆਈ.ਏ.ਐਸ. ਅਧਿਕਾਰੀ ਵਿਨੈ ਬੁਬਲਾਨੀ ਨੇ ਪਟਿਆਲਾ ਦੇ ਡਵੀਜ਼ਨਲ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com

2008 ਬੈਚ ਦੇ ਸੀਨੀਅਰ ਆਈ.ਏ.ਐਸ. ਅਧਿਕਾਰੀ ਵਿਨੈ ਬੁਬਲਾਨੀ (IAS Vinay Bublani) ਨੇ ਅੱਜ ਪਟਿਆਲਾ ਡਵੀਜਨ ਦੇ ਡਵੀਜ਼ਨਲ ਕਮਿਸ਼ਨਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ। ਵਿਨੇ ਬੁਬਲਾਨੀ, ਇਸ ਤੋਂ ਪਹਿਲਾਂ ਸਕੱਤਰ ਸਕੂਲ ਸਿੱਖਿਆ ਵਿਭਾਗ ਅਤੇ ਵਾਧੂ ਚਾਰਜ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਜੋਂ ਸੇਵਾਵਾਂ ਨਿਭਾਅ ਰਹੇ ਸਨ।



ਪਟਿਆਲਾ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਉਨ੍ਹਾਂ ਦੀ ਆਮਦ ਮੌਕੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਅਤੇ ਐਸ.ਐਸ. ਪੀ. ਡਾ. ਨਾਨਕ ਸਿੰਘ ਨੇ ਸਵਾਗਤ ਕੀਤਾ। ਇਸ ਮੌਕੇ ਪੁਲਿਸ ਦੀ ਟੁਕੜੀ ਨੇ ਗਾਰਡ ਆਫ਼ ਆਨਰ ਵਜੋਂ ਵਿਨੇ ਬੁਬਲਾਨੀ ਨੂੰ ਸਲਾਮੀ ਦਿੱਤੀ।

ਅਹੁਦਾ ਸੰਭਾਲਣ ਮਗਰੋਂ ਵਿਨੈ ਬੁਬਲਾਨੀ (IAS Vinay Bublani) ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਪਟਿਆਲਾ ਮੰਡਲ ਦੇ ਜ਼ਿਲ੍ਹਿਆਂ ਅੰਦਰ ਲੋਕਾਂ ਨੂੰ ਬਿਹਤਰ, ਸਮਾਂ ਬੱਧ ਤੇ ਪਾਰਦਰਸ਼ੀ ਪ੍ਰਸ਼ਾਸਨਿਕ ਸੇਵਾਵਾਂ ਪ੍ਰਦਾਨ ਕਰਵਾਉਣਾ ਉਨ੍ਹਾਂ ਦੀ ਮੁਢਲੀ ਤਰਜੀਹ ਹੋਵੇਗੀ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਐਸ.ਐਸ.ਪੀ ਡਾਂ ਨਾਨਕ ਸਿੰਘ ਤੇ ਹੋਰ ਅਧਿਕਾਰੀਆਂ ਨਾਲ ਸੰਖੇਪ ਮੀਟਿੰਗ ਕਰਕੇ ਜ਼ਿਲ੍ਹੇ ਬਾਰੇ ਜਾਣਕਾਰੀ ਲੈਂਦਿਆਂ ਸਮੂਹ ਅਧਿਕਾਰੀਆਂ ਨੂੰ ਆਪਸੀ ਤਾਲਮੇਲ ਨਾਲ ਸਰਕਾਰ ਦੀਆਂ ਨੀਤੀਆਂ ਤੇ ਪ੍ਰੋਗਰਾਮ ਬਿਹਤਰ ਢੰਗ ਨਾਲ ਲਾਗੂ ਕਰਨ ਦੇ ਆਦੇਸ਼ ਦਿੱਤੇ।

ਡਵੀਜਨਲ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚਲਾਈ ਜਾ ਰਹੀ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਗਈ ਹੈ। ਉਨ੍ਹਾਂ ਕਿਹਾ ਕਿ ਉਹ ਸਕੂਲ ਸਿੱਖਿਆ ਵਿਭਾਗ 'ਚ ਰਹੇ ਹਨ, ਇਸ ਲਈ ਉਹ ਆਪਣੀ ਡਵੀਜਨ ਅੰਦਰ ਸਰਕਾਰੀ ਸਕੂਲਾਂ ਦੇ ਹੋਏ ਗੁਣਾਤਮਕ ਸੁਧਾਰ ਤਹਿਤ ਸਕੂਲ ਆਫ਼ ਐਮੀਨੈਂਸ ਵੀ ਦੇਖਣ ਜਾਣਗੇ।

ਸ੍ਰੀ ਵਿਨੈ ਬੁਬਲਾਨੀ ਨੇ ਇਸ ਦੌਰਾਨ ਚੱਲ ਰਹੀ ਕਣਕ ਦੀ ਖਰੀਦ ਪ੍ਰਕ੍ਰਿਆ ਦਾ ਵੀ ਜਾਇਜ਼ਾ ਲਿਆ ਅਤੇ ਆਦੇਸ਼ ਦਿੱਤੇ ਕਿ ਕਿਸਾਨਾਂ ਦੀ ਮੰਡੀਆਂ 'ਚ ਵਿਕਣ ਲਈ ਆਈ ਫ਼ਸਲ ਦੀ ਤੁਰੰਤ ਖਰੀਦ ਤੇ ਅਦਾਇਗੀ ਕਰਕੇ ਲਿਫਟਿੰਗ ਵੀ ਨਾਲੋ-ਨਾਲ ਯਕੀਨੀ ਬਣਾਈ ਜਾਵੇ।

ਜਿਕਰਯੋਗ ਹੈ ਕਿ ਵਿਨੈ ਬੁਬਲਾਨੀ ਸ਼ਹੀਦ ਭਗਤ ਸਿੰਘ ਨਗਰ ਦੇ ਡਿਪਟੀ ਕਮਿਸ਼ਨਰ, ਡਾਇਰੈਕਟਰ ਲੈਂਡ ਰਿਕਾਰਡ ਜਲੰਧਰ ਤੇ ਵਿਸ਼ੇਸ਼ ਸਕੱਤਰ ਮਾਲ ਸਮੇਤ ਹੋਰ ਅਹਿਮ ਅਹੁਦਿਆਂ 'ਤੇ ਵੀ ਸੇਵਾ ਨਿਭਾਅ ਚੁੱਕੇ ਹਨ। ਇਸ ਤੋਂ ਪਹਿਲਾਂ ਸ੍ਰੀ ਬੁਬਲਾਨੀ ਨੇ ਆਪਣੀ ਧਰਮ ਪਤਨੀ ਸ੍ਰੀਮਤੀ ਮ੍ਰਿਦੁਲਾ ਬੁਬਲਾਨੀ ਸਮੇਤ ਸ੍ਰੀ ਕਾਲੀ ਦੇਵੀ ਮੰਦਿਰ ਵਿਖੇ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਦੀ ਪ੍ਰਾਰਥਨਾ ਕੀਤੀ।

ਇਸ ਮੌਕੇ ਐਸ.ਪੀ. (ਐਚ) ਵੈਭਵ ਚੌਧਰੀ, ਏ.ਡੀ. ਸੀ. ਨਵਰੀਤ ਕੌਰ ਸੇਖੋਂ, ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਦੀਪਜੋਤ ਕੌਰ, ਐਸ.ਡੀ.ਐਮ ਕ੍ਰਿਪਾਲਵੀਰ ਸਿੰਘ, ਮੁੱਖ ਮੰਤਰੀ ਫੀਲਡ ਅਫ਼ਸਰ ਨਵਜੋਤ ਸ਼ਰਮਾ, ਡਿਵੀਜਨਲ ਕਮਿਸ਼ਨਰ ਦੇ ਪੀ.ਏ. ਆਸ਼ੂ ਗਰਗ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ। ਡਵੀਜਨਲ ਕਮਿਸ਼ਨਰ ਦਫ਼ਤਰ ਦੇ ਅਮਲੇ ਨੇ ਵੀ ਸ੍ਰੀ ਬੁਬਲਾਨੀ ਨੂੰ ਜੀ ਆਇਆਂ ਆਖਿਆ।

# ਮਸਕ ਫਾਊਂਡੇਸ਼ਨ ਵੱਲੋਂ ਭਾਰਤੀ ਕੰਪਨੀ ਨੂੰ 50 ਮਿਲੀਅਨ ਡਾਲਰ ਦਾ ਇਨਾਮ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com

ਵਾਸ਼ਿੰਗਟਨ, - ਇਕ ਭਾਰਤੀ ਕੰਪਨੀ ਜੋ ਵਾਯੂਮੰਡਲ ਤੋਂ ਜਲਵਾਯੂ-ਗਰਮ ਕਰਨ ਵਾਲੀ ਕਾਰਬਨ ਡਾਈਆਕਸਾਈਡ ਨੂੰ ਖਿੱਚਣ ਲਈ ਕਿਸਾਨਾਂ ਦੇ ਖੇਤਾਂ 'ਤੇ ਪੱਥਰ ਫੈਲਾਉਂਦੀ ਹੈ, ਨੇ ਐਲੋਨ ਮਸਕ ਦੀ ਫਾਊਂਡੇਸ਼ਨ ਦੁਆਰਾ ਫੰਡ ਕੀਤੇ ਗਏ ਇਕ ਵਿਸ਼ਵਵਿਆਪੀ ਮੁਕਾਬਲੇ ਵਿਚ 50 ਮਿਲੀਅਨ ਡਾਲਰ



ਦਾ ਸ਼ਾਨਦਾਰ ਇਨਾਮ ਜਿੱਤਿਆ ਹੈ। ਮਾਟੀ ਕਾਰਬਨ 88 ਦੇਸ਼ਾਂ ਦੀਆਂ 1,300 ਤੋਂ ਵੱਧ ਟੀਮਾਂ ਵਿਚੋਂ ਇਕ ਸੀ, ਜਿਨ੍ਹਾਂ ਨੇ ਚਾਰ ਸਾਲਾ ਐਕਸ ਪ੍ਰਾਈਜ਼ ਕਾਰਬਨ ਰਿਮੂਵਲ ਮੁਕਾਬਲੇ ਵਿਚ ਹਿੱਸਾ ਲਿਆ ਸੀ, ਜੋ ਕਿ 2021 ਵਿਚ ਕਾਰਬਨ-ਰਿਮੂਵਲ ਤਕਨਾਲੋਜੀਆਂ ਦੀ ਤਾਇਨਾਤੀ ਨੂੰ ਉਤਸ਼ਾਹਿਤ ਕਰਨ ਲਈ ਸ਼ੁਰੂ ਕੀਤਾ ਗਿਆ ਸੀ। ਬਹੁਤ ਸਾਰੇ ਵਿਗਿਆਨੀ ਮੰਨਦੇ ਹਨ ਕਿ ਗੈਸੋਲੀਨ, ਕੋਲਾ ਤੇ ਤੇਲ ਵਰਗੇ ਜੈਵਿਕ ਈਂਧਨ ਦੇ ਜਲਣ ਕਾਰਨ ਹੋਣ ਵਾਲੀ ਗਲੋਬਲ ਵਾਰਮਿੰਗ ਵਿਰੁੱਧ ਲੜਾਈ ਵਿਚ ਕਾਰਬਨ ਨੂੰ ਹਟਾਉਣਾ ਬਹੁਤ ਜ਼ਰੂਰੀ ਹੈ, ਜੋ ਕਾਰਬਨ ਡਾਈਆਕਸਾਈਡ ਛੱਡਦੇ ਹਨ। ਮੁਕਾਬਲੇ ਦੇ ਤਕਨੀਕੀ ਮੁਖੀ ਮਾਈਕਲ ਲੀਚ ਨੇ ਕਿਹਾ ਕਿ ਇਹ ਮਹੱਤਵਪੂਰਨ ਹੈ ਕਿ ਅਸੀਂ ਨਿਕਾਸ ਘਟਾਉਣ ਦੇ ਬਦਲ ਵਜੋਂ ਕਾਰਬਨ ਡਾਈਆਕਸਾਈਡ ਹਟਾਉਣ ਨੂੰ ਉਤਸ਼ਾਹਿਤ ਨਾ ਕਰੀਏ।

# ਭਾਰਤ-ਪਾਕਿ ਤਣਾਅ ਕਾਰਨ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੇ ਭਵਿੱਖ 'ਤੇ ਖੜ੍ਹੇ ਹੋਏ ਸਵਾਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com

ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ-ਪਾਕਿਸਤਾਨ ਵਿਚਾਲੇ ਵਧਦੇ ਤਣਾਅ ਦੇ ਵਿਚਕਾਰ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੇ ਪ੍ਰਾਜੈਕਟ ਦਾ ਭਵਿੱਖ ਸਵਾਲਾਂ ਦੇ ਘੇਰੇ ਵਿਚ ਆ ਗਿਆ ਹੈ। ਇਸ ਬੇਯਕੀਨੀ ਦੇ ਬਾਵਜੂਦ, ਲਾਂਘਾ ਅੱਜ ਖੁੱਲ੍ਹਾ ਰਿਹਾ ਅਤੇ ਸ਼ਰਧਾਲੂ ਆਮ ਵਾਂਗ ਆਉਂਦੇ ਰਹੇ।

ਹਾਲਾਂਕਿ, ਭਾਰਤ ਸਰਕਾਰ ਨੇ ਹਾਲੇ ਤੱਕ ਸਪੱਸ਼ਟ ਨਹੀਂ ਕੀਤਾ ਹੈ ਕਿ ਇਹ ਪ੍ਰਾਜੈਕਟ ਜਾਰੀ ਰਹੇਗਾ ਜਾਂ ਮੁਅੱਤਲ ਕੀਤਾ ਜਾਵੇਗਾ।




ਸੂਤਰ ਦੱਸਦੇ ਹਨ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਇਸ ਪ੍ਰਾਜੈਕਟ ਦੇ ਭਵਿੱਖ ਬਾਰੇ ਕੋਈ ਵੀ ਸਖ਼ਤ ਫੈਸਲਾ ਲੈਣ ਸਬੰਧੀ ਔਖੀ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗ਼ੌਰਤਲਬ ਹੈ ਕਿ ਪਾਰਟੀ ਪੰਜਾਬ ਵਿੱਚ ਆਪਣਾ ਆਧਾਰ ਮਜ਼ਬੂਤ ਕਰਨ ਲਈ ਉਤਸੁਕ ਹੈ, ਜਿੱਥੇ ਸਿੱਖ ਸਮਰਥਨ ਬਹੁਤ ਅਹਿਮੀਅਤ ਰੱਖਦਾ ਹੈ।

ਸਿੱਖਾਂ ਅਤੇ ਸਿੱਖ ਧਰਮ ਲਈ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੀ ਮਹੱਤਤਾ ਨੂੰ ਦੇਖਦੇ ਹੋਏ, ਇਸਦੀ ਸਥਿਤੀ ਨੂੰ ਬਦਲਣ ਨਾਲ ਸਿੱਖ ਭਾਈਚਾਰੇ ਨਾਲ ਪਾਰਟੀ ਦੇ ਰਿਸ਼ਤੇ ਪ੍ਰਭਾਵਿਤ ਹੋ ਸਕਦੇ ਹਨ। ਇਸ ਦੌਰਾਨ, ਜੇ ਲਾਂਘਾ ਬੰਦ ਹੋ ਜਾਂਦਾ ਹੈ ਤਾਂ ਪਾਕਿਸਤਾਨ ਨੂੰ ਕਾਫ਼ੀ ਮਾਲੀਆ ਵੀ ਗੁਆਉਣਾ ਪੈ ਸਕਦਾ ਹੈ।

ਗ਼ੌਰਤਲਬ ਹੈ ਕਿ ਗੁਆਂਢੀ ਮੁਲਕ ਪਾਕਿਸਤਾਨੀ ਇੰਟੀਗ੍ਰੇਟਿਡ ਚੈੱਕ ਪੋਸਟ (Pakistani Integrated Check Post – ICP) 'ਤੇ ਪ੍ਰਤੀ ਸ਼ਰਧਾਲੂ 20 ਅਮਰੀਕੀ ਡਾਲਰ ਦੀ ਫੀਸ ਲੈਂਦਾ ਹੈ, ਜਿਸ ਨਾਲ ਰੋਜ਼ਾਨਾ 200-400 ਯਾਤਰੀਆਂ ਤੋਂ ਕਾਫ਼ੀ ਆਮਦਨ ਹੁੰਦੀ ਹੈ, ਖਾਸ ਕਰਕੇ ਹਫ਼ਤੇ ਦੇ ਆਖ਼ਰੀ ਦਿਨਾਂ (ਸ਼ਨਿੱਚਰਵਾਰ-ਐਤਵਾਰ) ਦੌਰਾਨ।

ਭਾਰਤ ਵੱਲੋਂ ਇਸ ਫੀਸ ਨੂੰ ਮੁਆਫ ਕਰਨ ਦੀਆਂ ਵਾਰ-ਵਾਰ ਕੀਤੀਆਂ ਬੇਨਤੀਆਂ ਦੇ ਬਾਵਜੂਦ ਪਾਕਿਸਤਾਨ ਸਿੱਖ ਸ਼ਰਧਾਲੂਆਂ ਤੋਂ ਇਹ ਫ਼ੀਸ ਉਗਰਾਹੁਣ ਲਈ ਦ੍ਰਿੜ੍ਹ ਹੈ।

# ਪਟਿਆਲਾ ਦੇ 8 ਪਿੰਡ ਮੋਹਾਲੀ ਜ਼ਿਲ੍ਹੇ 'ਚ ਤਬਦੀਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com

ਪੰਜਾਬ ਸਰਕਾਰ ਨੇ ਕੱਲ੍ਹ ਹੋਈ ਕੈਬਨਿਟ ਮੀਟਿੰਗ ਵਿੱਚ ਪਟਿਆਲਾ ਜ਼ਿਲ੍ਹੇ ਦੇ ਤਹਿਸੀਲ ਰਾਜਪੁਰਾ ਵਿੱਚ ਪੈਂਦੇ 8 ਪਿੰਡਾਂ ਨੂੰ ਮੋਹਾਲੀ ਜ਼ਿਲ੍ਹੇ ਦੀ ਸਬ ਤਹਿਸੀਲ ਬਨੂੜ ਤਬਦੀਲ ਕਰਨ ਦਾ ਫੈਸਲਾ ਕੀਤਾ ਹੈ। ਇਸ ਸੰਬੰਧੀ ਕੈਬਨਿਟ ਨੇ ਰਸਮੀ ਤੌਰ 'ਤੇ ਪਿੰਡਾਂ ਦੀ ਤਬਦੀਲੀ ਦੀ ਪ੍ਰਵਾਨਗੀ ਦੇ ਦਿੱਤੀ ਹੈ। ਸਰਕਾਰ ਵੱਲੋਂ ਦਿੱਤੀ ਪ੍ਰਗਵਾਨਗੀ ਤੋਂ ਬਾਅਦ ਹੁਣ ਰਾਜਪੁਰਾ ਤਹਿਸੀਲ ਦੇ ਪਿੰਡ ਮਾਣਕਪੁਰਾ, ਖੇੜਾ ਗੱਜੂ, ਉਰਨਾ, ਚੰਗੇਰਾ, ਉੱਚਾ ਖੇੜਾ, ਗੁਰਦਿੱਤਪੁਰਾ, ਹਦਿਤਪੁਰਾ ਅਤੇ ਲੈਹਲਾਂ ਸਮੇਤ ਅੱਠ ਪਿੰਡਾਂ ਨੂੰ ਸਬ ਤਹਿਸੀਲ ਬਨੂੜ ਵਿੱਚ ਤਬਦੀਲ ਕਰ ਦਿੱਤਾ ਹੈ।

# ਜਸਟਿਸ ਮਨਮੋਹਨ ਦੇ ਬੈਂਚ ਨੇ ਕਿਹਾ, "ਸਾਨੂੰ ਆਪਣੇ ਆਜ਼ਾਦੀ ਘੁਲਾਟੀਆਂ ਦਾ ਮਜ਼ਾਕ ਨਹੀਂ ਉਡਾਉਣਾ ਚਾਹੀਦਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 9463601616
hardipchumber57@gmail.com

ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਮਹਾਰਾਸ਼ਟਰ ਵਿੱਚ ਇੱਕ ਰੈਲੀ ਦੌਰਾਨ ਵਿਨਾਇਕ ਦਾਮੋਦਰ ਸਾਵਰਕਰ ਬਾਰੇ "ਗੈਰ-ਜ਼ਿੰਮੇਵਾਰਾਨਾ" ਟਿੱਪਣੀਆਂ ਕਰਨ ਲਈ ਕਾਂਗਰਸ ਆਗੂ ਰਾਹੁਲ ਗਾਂਧੀ ਦੀ ਝਾੜ-ਝੰਬ ਕੀਤੀ ਪਰ ਨਾਲ ਹੀ ਉਨ੍ਹਾਂ ਵਿਰੁੱਧ ਅਪਰਾਧਕ ਕਾਰਵਾਈ 'ਤੇ ਰੋਕ ਲਗਾ ਦਿੱਤੀ।

ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਮਨਮੋਹਨ ਦੇ ਬੈਂਚ ਨੇ ਕਿਹਾ, "ਸਾਨੂੰ ਆਪਣੇ ਆਜ਼ਾਦੀ ਘੁਲਾਟੀਆਂ ਦਾ ਮਜ਼ਾਕ ਨਹੀਂ ਉਡਾਉਣਾ ਚਾਹੀਦਾ।" ਬੈਂਚ ਨੇ ਗਾਂਧੀ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਅਭਿਸ਼ੇਕ ਸਿੰਘਵੀ ਨੂੰ ਸਵਾਲ ਕੀਤਾ ਕਿ ਕੀ ਉਨ੍ਹਾਂ ਨੂੰ ਚੇਤੇ ਹੈ ਕਿ ਮਹਾਤਮਾ ਗਾਂਧੀ ਨੇ ਵੀ ਅੰਗਰੇਜ਼ਾਂ ਨਾਲ ਆਪਣੀ ਖ਼ਤੋ-ਕਿਤਾਬਤ ਦੌਰਾਨ ਖ਼ੁਦ ਲਈ 'ਤੁਹਾਡਾ ਵਫ਼ਾਦਾਰ ਸੇਵਕ' ਵਰਗੇ ਸ਼ਬਦਾਂ ਦੀ ਵਰਤੋਂ ਕੀਤੀ ਸੀ।

ਜਦੋਂ ਸਿੰਘਵੀ ਨੇ ਦਲੀਲ ਦਿੱਤੀ ਕਿ ਗਾਂਧੀ ਵਿਰੁੱਧ ਦੁਸ਼ਮਣੀ ਅਤੇ ਜਨਤਕ ਸ਼ਰਾਰਤ ਨੂੰ ਹੁਲਾਰਾ ਦੇਣ ਦੇ ਦੋਸ਼ ਨਹੀਂ ਸਨ, ਤਾਂ ਬੈਂਚ ਨੇ ਟਿੱਪਣੀ ਕੀਤੀ, "ਤੁਸੀਂ ਬਹੁਤ ਆਗਿਆਕਾਰੀ ਹੋ.. ਕੀ ਤੁਹਾਡੇ ਮੁਵੱਕਿਲ ਨੂੰ ਪਤਾ ਹੈ ਕਿ ਮਹਾਤਮਾ ਗਾਂਧੀ ਨੇ ਵੀ ਵਾਇਸਰਾਏ ਨੂੰ ਸੰਬੋਧਨ ਕਰਦੇ ਸਮੇਂ 'ਤੁਹਾਡਾ ਵਫ਼ਾਦਾਰ ਸੇਵਕ' ਵਰਤਿਆ ਸੀ? ਕੀ ਮਹਾਤਮਾ ਗਾਂਧੀ ਨੂੰ ਸਿਰਫ਼ ਇਸ ਲਈ 'ਅੰਗਰੇਜ਼ਾਂ ਦਾ ਸੇਵਕ' ਕਿਹਾ ਜਾ ਸਕਦਾ ਹੈ...। ਮੈਂ ਦੇਖਿਆ ਹੈ ਕਿ ਉਨ੍ਹਾਂ ਦਿਨਾਂ ਵਿੱਚ ਕਲਕੱਤਾ ਹਾਈ ਕੋਰਟ ਦੇ ਜੱਜ ਤੱਕ ਵੀ ਚੀਫ਼ ਜਸਟਿਸ ਨੂੰ 'ਤੁਹਾਡਾ ਸੇਵਕ' ਲਿਖ ਕੇ ਸੰਬੋਧਿਤ ਕਰਦੇ ਸਨ।"

ਜਸਟਿਸ ਦੱਤਾ ਨੇ ਕਿਹਾ, "ਕੀ ਤੁਹਾਡੇ ਮੁਵੱਕਿਲ ਨੂੰ ਪਤਾ ਹੈ ਕਿ ਉਸਦੀ ਦਾਦੀ (ਇੰਦਰਾ ਗਾਂਧੀ), ਜਦੋਂ ਉਹ ਪ੍ਰਧਾਨ ਮੰਤਰੀ ਸੀ, ਨੇ ਵੀ ਇਸ ਬਹੁਤ ਹੀ ਸੱਜਣ (ਸਾਵਰਕਰ) ਦੀ ਪ੍ਰਸ਼ੰਸਾ ਕਰਦੇ ਹੋਏ ਇੱਕ ਪੱਤਰ ਭੇਜਿਆ ਸੀ?" ਜੱਜ ਨੇ ਕਿਹਾ, "ਤਾਂ, ਸਮਝ ਲਓ ਕਿ ਸਾਨੂੰ ਆਜ਼ਾਦੀ ਘੁਲਾਟੀਆਂ ਬਾਰੇ ਗੈਰ-ਜ਼ਿੰਮੇਵਾਰਾਨਾ ਬਿਆਨ ਨਹੀਂ ਦੇਣੇ ਚਾਹੀਦੇ। (ਉਂਝ) ਤੁਸੀਂ ਕਾਨੂੰਨ 'ਤੇ ਇੱਕ ਵਧੀਆ ਨੁਕਤਾ ਉਠਾਇਆ ਹੈ, ਇਸ ਲਈ ਤੁਸੀਂ ਸਟੇਅ ਹਾਸਲ ਕਰਨ ਦੇ ਹੱਕਦਾਰ ਹੋ।"



ਇਸ ਦੇ ਨਾਲ ਹੀ ਸਿਖਰਲੀ ਅਦਾਲਤ ਨੇ ਉੱਤਰ ਪ੍ਰਦੇਸ਼ ਸਰਕਾਰ ਅਤੇ ਸ਼ਿਕਾਇਤਕਰਤਾ ਵਕੀਲ ਨ੍ਰਿਪੇਂਦਰ ਪਾਂਡੇ ਨੂੰ ਨੋਟਿਸ ਜਾਰੀ ਕੀਤਾ ਅਤੇ ਇਲਾਹਾਬਾਦ ਹਾਈ ਕੋਰਟ ਦੇ ਉਸ ਹੁਕਮ 'ਤੇ ਰੋਕ ਲਗਾ ਦਿੱਤੀ ਜਿਸ ਵਿਚ ਗਾਂਧੀ ਵਿਰੁੱਧ ਹੇਠਲੀ ਅਦਾਲਤ ਦੇ ਸੰਮਨ ਨੂੰ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ ਸੀ। -ਪੀਟੀਆਈ

# ਡਾ. ਜਸਪ੍ਰੀਤ ਕੌਰ ਨੇ UPSC ਪ੍ਰੀਖਿਆ ਵਿੱਚ 829ਵਾਂ ਰੈਂਕ ਪ੍ਰਾਪਤ ਕਰ ਮੋਰਿੰਡਾ ਦਾ ਵਧਾਇਆ ਮਾਣ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 9463601616
hardipchumber57@gmail.com

ਮੋਰਿੰਡਾ ਦੀ ਵਸਨੀਕ ਡਾ. ਜਸਪ੍ਰੀਤ ਕੌਰ ਨੇ ਦੇਸ਼ ਦੀ ਸਭ ਤੋਂ ਮਹੱਤਵਪੂਰਨ ਪ੍ਰੀਖਿਆ UPSC ਦੀ ਪ੍ਰੀਖਿਆ ਨੂੰ ਪਹਿਲੀ ਕੋਸ਼ਿਸ਼ ਵਿੱਚ ਹੀ ਪਾਸ ਕਰਕੇ ਮੋਰਿੰਡਾ ਸ਼ਹਿਰ ਅਤੇ ਜਿਲਾ ਰੂਪਨਗਰ ਦਾ ਮਾਣ ਵਧਾਇਆ ਹੈ। ਮੋਰਿੰਡਾ ਨੂੰ ਇਹ ਮਾਣ ਸਤਿਕਾਰ ਦੂਜੀ ਵਾਰ ਮਿਲਿਆ ਹੈ,ਅਤੇ ਦੋਨੋਂ ਵਾਰ ਹੀ ਇਸ ਪ੍ਰੀਖਿਆ ਵਿੱਚੋਂ ਲੜਕੀਆਂ ਨੇ ਹੀ ਬਾਜੀ ਮਾਰੀ ਹੈ। ਇਸ ਤੋਂ ਪਹਿਲਾਂ ਸਾਲ 2010 ਵਿੱਚ ਮੋਰਿੰਡਾ ਦੀ ਤਹਿਸੀਲ ਵਿੱਚ ਚਪੜਾਸੀ ਵਜੋਂ ਕੰਮ ਕਰਦੇ ਰਣਜੀਤ ਸਿੰਘ ਦੀ ਲੜਕੀ ਸੰਦੀਪ ਕੌਰ ਨੇ ਇਹ ਪ੍ਰੀਖਿਆ ਪਾਸ ਕਰਕੇ ਆਈਏਐਸ ਦਾ ਅਹੁਦਾ ਹਾਸਲ ਕੀਤਾ ਸੀ ਜਿਹੜੀ ਕਿ ਹੁਣ ਲਖਨਊ ਵਿਖੇ ਡਾਇਰੈਕਟਰ ਵੂਮਨ ਵੈਲਫੇਅਰ ਤੇ ਐਮਡੀ ਵੂਮੈਨ ਵੈਲਫੇਅਰ ਵਜੋਂ ਸੇਵਾਵਾਂ ਨਿਭਾ ਰਹੀ ਹੈ।



ਪ੍ਰਾਪਤ ਜਾਣਕਾਰੀ ਅਨੁਸਾਰ ਮੋਰਿੰਡਾ ਦੇ ਵਸਨੀਕ ਤੇ ਪੰਜਾਬ ਪੁਲਿਸ ਹੈਡਕੁਆਰਟਰ ਵਿੱਚ ਸਬ ਇੰਸਪੈਕਟਰ ਵਜੋ ਸੇਵਾ ਨਿਭਾ ਰਹੇ ਸਰਬਜੀਤ ਸਿੰਘ ਅਤੇ ਕਮਲਜੀਤ ਕੌਰ ਦੀ ਧੀ ਡਾ. ਜਸਪ੍ਰੀਤ ਕੌਰ ਨੇ 2023 ਵਿੱਚ ਸਰਕਾਰੀ ਕਾਲਜ ਪਟਿਆਲਾ ਤੋਂ ਐੱਮ.ਬੀ.ਬੀ. ਐੱਸ. ਦੀ ਪੜਾਈ ਮੁਕੰਮਲ ਕੀਤੀ। ਜਦਕਿ ਜਸਪ੍ਰੀਤ ਕੌਰ ਨੇ ਮੁੱਢਲੀ ਵਿੱਦਿਆ ਸਾਹਿਬਜਾਦਾ ਅਜੀਤ ਸਿੰਘ ਅਕੈਡਮੀ ਰੂਪਨਗਰ ਤੋਂ ਪ੍ਰਾਪਤ ਕੀਤੀ। । ਡਾ. ਜਸਪ੍ਰੀਤ ਕੌਰ ਨੇ ਦੱਸਿਆ ਕਿ ਉਹਨਾਂ ਨੇ ਐੱਮ.ਬੀ.ਬੀ.ਐੱਸ. ਦੀ ਪੜਾਈ ਕਰਨ ਤੋਂ ਬਾਅਦ ਇੱਕ ਸਾਲ ਚੰਡੀਗੜ੍ਹ ਕੋਚਿੰਗ ਵੀ ਪ੍ਰਾਪਤ ਕੀਤੀ। ਜਿਸ ਦੌਰਾਨ ਉਨਾਂ ਵਲੋਂ ਚੰਡੀਗੜ੍ਹ ਤੋਂ ਮੋਰਿੰਡਾ ਆ ਕੇ ਰੋਜ਼ਾਨਾ 12 ਤੋਂ 16 ਘੰਟੇ ਤੱਕ ਯੂ.ਪੀ.ਐੱਸ.ਸੀ. ਦੀ ਪੜਾਈ ਕੀਤੀ ਗਈ। ਉਹਨਾਂ ਦੱਸਿਆ ਕਿ ਆਪਣੇ ਪਰਿਵਾਰ ਦੇ ਸਹਿਯੋਗ ਸਦਕਾ ਹੀ ਉਹ ਪੜਾਈ ਲਈ ਐਨਾ ਸਮਾਂ ਕੱਢ ਸਕੀ ਹੈ ਅਤੇ 26 ਸਾਲ ਦੀ ਉਮਰ ਵਿੱਚ , ਉਸ ਨੇ ਪਹਿਲੀ ਕੋਸ਼ਿਸ਼ ਵਿੱਚ ਹੀ ਯੂ.ਪੀ.ਐੱਸ.ਸੀ. ਪ੍ਰੀਖਿਆ ਪਾਸ ਕਰਕੇ ਦੇਸ਼ ਭਰ ਵਿੱਚੋਂ 829 ਵਾਂ ਰੈਂਕ ਹਾਸਿਲ ਕੀਤਾ ਹੈ। ਜੋ ਉਨਾ ਲਈ ਇੱਕ ਬਹੁਤ ਵੱਡੀ ਪ੍ਰਾਪਤੀ ਹੈ। ਉਹਨਾਂ ਪੰਜਾਬ ਦੇ ਸਮੂਹ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਮਿਹਨਤ ਨਾਲ ਹੀ ਆਪਣੇ ਦੇਸ਼ ਵਿੱਚ ਵੱਡੇ-ਵੱਡੇ ਮੁਕਾਮ ਹਾਸਿਲ ਕੀਤੇ ਜਾ ਸਕਦੇ ਹਨ। ਉਹਨਾਂ ਕਿਹਾ ਕਿ ਆਉਣ ਵਾਲੇ ਸਮੇਂ ਦੌਰਾਨ ਉਹ ਹੋਰ ਮਿਹਨਤ ਕਰਕੇ ਅੱਗੇ ਵਧਣਾ ਚਾਹੁੰਦੀ ਹੈ। ਉਹਨਾਂ ਦੱਸਿਆ ਕਿ ਉਹ ਐੱਮ.ਬੀ.ਬੀ.ਐੱਸ. ਕਰਨ ਉਪਰੰਤ ਡਾਕਟਰੀ ਦੇ ਪੇਸ਼ੇ ਤੋਂ ਸੰਤੁਸ਼ਟ ਨਹੀਂ ਸੀ ਅਤੇ ਲੋਕਾਂ ਲਈ ਕੁੱਝ ਹੋਰ ਜਿਆਦਾ ਕਰਨ ਦੀ ਚਾਹਤ ਰੱਖਦੀ ਸੀ। ਇਸੇ ਕਾਰਨ ਉਸ ਨੇ ਮਿਹਨਤ ਕਰਕੇ ਯੂ.ਪੀ.ਐੱਸ.ਸੀ. ਦੀ ਪ੍ਰੀਖਿਆ ਪਾਸ ਕੀਤੀ। ਉਨਾ ਕਿਹਾ ਕਿ ਉਹ ਆਪਣੀ ਇਸ ਕਾਮਯਾਬੀ ਤੋਂ ਕਾਫੀ ਖੁਸ਼ ਹਨ ਅਤੇ ਇਸ ਮਾਣਮੱਤੀ ਪ੍ਰਾਪਤੀ ਲਈ ਪਰਮਾਤਮਾ ਤੇ ਆਪਣੇ ਪਰਿਵਾਰ ਦਾ ਧੰਨਵਾਦ ਕਰਦੇ ਹਨ। ਜਿਨਾ ਨੇ ਹਰ ਔਖੇ ਸਮੇ ਉਸ ਦਾ ਸਾਥ ਦੇ ਕੇ ਹੋਰ ਬਿਹਤਰੀਨ ਪ੍ਰਦਰਸ਼ਨ ਕਰਨ ਲਈ ਉਤਸ਼ਾਹਿਤ ਕੀਤਾ ਤੇ ਡੋਲਣ ਨਹੀ ਦਿੱਤਾ।

ਮੋਰਿੰਡਾ ਵਾਸੀਆਂ ਨੂੰ ਡਾ. ਜਸਪ੍ਰੀਤ ਕੌਰ ਦੀ ਇਸ ਪ੍ਰਾਪਤੀ ਤੇ ਬਹੁਤ ਮਾਣ ਹੈ। ਡਾ. ਜਸਪ੍ਰੀਤ ਕੌਰ ਦੇ ਮਾਤਾ ਕਮਲਜੀਤ ਕੌਰ ਹਾਊਸ ਵਾਈਫ ਹਨ, ਜਦਕਿ ਡਾ. ਜਸਪ੍ਰੀਤ ਕੌਰ ਦਾ ਵੱਡਾ ਭਰਾ ਵੀ ਪੰਜਾਬ ਪੁਲਿਸ ਵਿੱਚ ਹੈਡ ਕਾਂਸਟੇਬਲ ਹੈ।

# ਰਾਫੇਲ-ਮਰੀਨ ਲੜਾਕੂ ਜਹਾਜ਼ਾਂ ਲਈ ਭਾਰਤ-ਫਰਾਂਸ ਸੌਦਾ ਸੋਮਵਾਰ ਨੂੰ ਹੋਵੇਗਾ ਸਹੀਬੰਦ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 9463601616
hardipchumber57@gmail.com

ਭਾਰਤ ਸੋਮਵਾਰ ਨੂੰ ਰਾਫੇਲ-ਮਰੀਨ ਲੜਾਕੂ ਜਹਾਜ਼ਾਂ ਦੀ ਖ਼ਰੀਦ ਲਈ ਫਰਾਂਸ ਨਾਲ ਇਕ ਸਮਝੌਤੇ 'ਤੇ ਦਸਤਖ਼ਤ ਕਰਨ ਲਈ ਤਿਆਰ ਹੈ। ਇਸ 63,000 ਕਰੋੜ ਰੁਪਏ ਦੇ ਸੌਦੇ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਸੁਰੱਖਿਆ ਬਾਰੇ ਕੈਬਨਿਟ ਕਮੇਟੀ ਨੇ 9 ਅਪਰੈਲ ਨੂੰ ਮਨਜ਼ੂਰੀ ਦੇ ਦਿੱਤੀ ਸੀ। ਇਸ ਸਮਝੌਤੇ 'ਤੇ ਨਵੀਂ ਦਿੱਲੀ ਵਿਚ ਦਸਤਖ਼ਤ ਕੀਤੇ ਜਾਣਗੇ ਅਤੇ ਇਸ ਵਿਚ 26 ਰਾਫੇਲ-ਮਰੀਨ ਜੈਟ, ਹਥਿਆਰ, ਸਿਮੂਲੇਟਰ, ਸਪੇਅਰ ਪਾਰਟਸ



ਅਤੇ ਲੌਜਿਸਟਿਕਸ ਸਹਾਇਤਾ ਦੀ ਖਰੀਦ ਸ਼ਾਮਲ ਹੈ।

ਰਾਫੇਲ-ਮਰੀਨ ਜੈਟ ਭਾਰਤੀ ਸਮੁੰਦਰੀ ਫ਼ੌਜ ਦੀ ਸਮਰੱਥਾ ਨੂੰ ਕਾਫ਼ੀ ਵਧਾਏਗਾ, ਜਿਸ ਵਿਚ ਲੰਬੀ ਦੂਰੀ ਵਾਲੀਆਂ ਸਟ੍ਰਾਈਕ ਮਿਜ਼ਾਈਲਾਂ ਅਤੇ 650 ਕਿਲੋਮੀਟਰ ਦੀ ਦੂਰੀ ਦੀ ਸਕੈਲਪ-ਈਜੀ ਕਰੂਜ਼ ਮਿਜ਼ਾਈਲ ਨੂੰ ਲਿਜਾਣ ਦੀ ਸਮਰੱਥਾ ਵਰਗੀਆਂ ਵਿਸ਼ੇਸ਼ਤਾਵਾਂ ਹਨ। ਜੈਟ 22 ਸਿੰਗਲ-ਸੀਟਰ ਅਤੇ ਚਾਰ ਟਵਿਨ-ਸੀਟਰ ਮੁੱਖ ਤੌਰ 'ਤੇ ਸਵਦੇਸ਼ੀ ਤੌਰ 'ਤੇ ਬਣੇ ਏਅਰਕ੍ਰਾਫਟ ਕੈਰੀਅਰ ਆਈਐੱਨਐੱਸ ਵਿਕ੍ਰਾਂਤ 'ਤੇ ਤਾਇਨਾਤ ਕੀਤੇ ਜਾਣਗੇ ਅਤੇ ਸੰਕਟ ਦੀ ਸਥਿਤੀ ਵਿੱਚ ਭਾਰਤੀ ਹਵਾਈ ਸੈਨਾ ਵੱਲੋਂ ਵਰਤੇ ਜਾ ਸਕਦੇ ਹਨ।

ਜੈਟਾਂ ਦੇ ਡਿਲਿਵਰੀ ਇਕਰਾਰਨਾਮੇ ਦੇ ਇਸ 'ਤੇ ਸਹੀ ਪਾਏ ਜਾਣ ਤੋਂ ਤਿੰਨ ਸਾਲਾਂ ਬਾਅਦ ਸ਼ੁਰੂ ਹੋਣ ਦੀ ਉਮੀਦ ਹੈ, ਜਿਸ ਨਾਲ ਪੂਰਾ ਬੇੜਾ 2031 ਤੱਕ ਮੌਜੂਦ ਹੋ ਜਾਵੇਗਾ। ਗ਼ੌਰਤਲਬ ਹੈ ਕਿ ਰਾਫੇਲ-ਮਰੀਨ ਜੈਟ ਪੁਰਾਣੇ ਮਿਗ-29 ਕੇ ਫਲੀਟ ਦੀ ਥਾਂ ਲੈਣਗੇ, ਜੋ ਕਿ 2011 ਤੋਂ ਸੇਵਾ ਵਿੱਚ ਹੈ। ਨਵੇਂ ਜੈਟ ਜਲ ਸੈਨਾ ਦੀਆਂ ਸਮਰੱਥਾਵਾਂ ਵਿੱਚ ਇੱਕ ਅਹਿਮ ਅਪਗ੍ਰੇਡ ਪ੍ਰਦਾਨ ਕਰਨਗੇ, ਜਿਸ ਵਿੱਚ ਫੋਲਡੇਬਲ ਵਿੰਗ ਅਤੇ ਮਜ਼ਬੂਤ ਲੈਂਡਿੰਗ ਗੀਅਰ ਵਰਗੀਆਂ ਵਿਸ਼ੇਸ਼ਤਾਵਾਂ ਹਨ।

# ਭੂ-ਮਾਫ਼ੀਆ ਵੱਲੋਂ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਆਗੂ 'ਤੇ ਕਾਤਲਾਨਾ ਹਮਲਾ

ਲਹਿਰਾਗਾਗਾ: ਨੇੜਲੇ ਪਿੰਡ ਖਾਈ ਦੇ ਇੱਕ ਪਰਿਵਾਰ ਦੀ ਜ਼ਮੀਨ ਨੂੰ ਇਕ ਸਿਆਸੀ ਆਗੂ ਦੀ ਕਥਿਤ ਸ਼ਹਿ 'ਤੇ ਲਹਿਰਾਗਾਗਾ ਇਲਾਕੇ ਵਿੱਚ ਸਰਗਰਮ ਭੂ-ਮਾਫ਼ੀਆ ਧੱਕੇ ਨਾਲ ਦੱਬਣੀ ਚਾਹੁੰਦਾ ਸੀ। ਇਸ ਦੇ ਖਿਲਾਫ ਕੱਲ੍ਹ ਪਿੰਡ ਖਾਈ ਦਾ ਇਕੱਠ ਹੋਇਆ ਸੀ। ਪਿੰਡ ਅਤੇ ਕਿਰਤੀ ਕਿਸਾਨ ਯੂਨੀਅਨ ਨੇ ਗਰੀਬ ਪਰਿਵਾਰ ਦੇ ਹੱਕ ਵਿੱਚ ਸਟੈਂਡ ਲੈਂਦਿਆਂ ਭੂ-ਮਾਫ਼ੀਆ ਗਰੋਹ ਨੂੰ ਕਬਜ਼ਾ ਕਰਨ ਤੋਂ ਵਰਜਿਆ ਸੀ।

ਇਸ ਮਾਮਲੇ ਦੀ ਪੈਰਵੀ ਕਿਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਦੇ ਜ਼ਿਲ੍ਹਾ ਕਨਵੀਨਰ ਨਿਰਭੈ ਸਿੰਘ ਖਾਈ ਕਰ ਰਹੇ ਸਨ। ਆਪਣੇ ਮਨਸੂਬੇ ਸਫਲ ਨਾ ਹੁੰਦਿਆਂ ਦੇਖ ਕੇ ਕਥਿਤ ਭੂ-ਮਾਫ਼ੀਆ ਗਰੋਹ ਦੇ ਗੁੰਡਿਆਂ ਨੇ ਅੱਜ ਸਵੇਰੇ ਜਦੋਂ ਨਿਰਭੈ ਸਿੰਘ ਖਾਈ ਆਪਣੀ ਸਰਕਾਰੀ ਡਿਊਟੀ ਕਰਨ ਸਕੂਲ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਰਸਤੇ ਵਿੱਚ ਇੱਕ ਗੱਡੀ ਰਾਹੀਂ ਅੱਗਿਓਂ ਫੇਟ ਮਾਰੀ ਤੇ ਇੱਕ ਗੱਡੀ ਨਾਲ ਪਿੱਛੋਂ ਫੇਟ ਮਾਰੀ ਅਤੇ ਘੇਰ ਕੇ ਬੁਰੀ ਤਰ੍ਹਾਂ ਲੋਹੇ ਦੀਆਂ ਰਾਡਾ ਨਾਲ ਬੁਰੀ ਤਰ੍ਹਾਂ ਕੁੱਟਿਆ।

ਹਮਲਾਵਰਾਂ ਨੇ ਉਨ੍ਹਾਂ ਦੀਆਂ ਦੋਵੇਂ ਲੱਤਾਂ ਤੇ ਇੱਕ ਬਾਂਹ ਤੋੜ ਦਿੱਤੀ ਗਈ ਅਤੇ ਗੱਡੀ ਦੀ ਵੀ ਬੁਰੀ ਤਰ੍ਹਾਂ ਭੰਨਤੋੜ ਕੀਤੀ। ਹਮਲਾਵਰ ਨਿਰਭੈ ਸਿੰਘ ਨੂੰ ਮਾਰ ਦੇਣ ਦੀ ਨੀਅਤ ਨਾਲ ਅਗਵਾਹ ਕਰ ਕੇ ਲੈ ਕੇ ਜਾ ਰਹੇ ਸਨ ਪਰ ਆਲੇ ਦੁਆਲੇ ਲੋਕ ਇਕੱਠੇ ਹੋਣ 'ਤੇ ਕੁੱਟਮਾਰ ਕਰਕੇ ਛੱਡ ਕੇ ਭੱਜ ਗਏ। ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ, ਜ਼ਿਲ੍ਹਾ ਸਕੱਤਰ ਦਰਸ਼ਨ ਸਿੰਘ ਕੁੰਨਰਾ, ਯੂਥ ਵਿੰਗ ਦੇ ਸੂਬਾ ਕਨਵੀਨਰ ਭੁਪਿੰਦਰ ਸਿੰਘ ਲੌਂਗੋਵਾਲ ਅਤੇ ਕੁਲਦੀਪ ਸਿੰਘ ਚੁਲੜ ਨੇ ਦੱਸਿਆ ਕਿ ਨਿਰਭੈ ਸਿੰਘ 'ਤੇ ਇਹ ਹਮਲਾ ਗਰੀਬ ਪਰਿਵਾਰ ਦੀ ਜ਼ਮੀਨ 'ਤੇ ਭੂ-ਮਾਫ਼ੀਆ ਨੂੰ ਕਬਜ਼ੇ ਤੋਂ ਰੋਕਣ ਦੀ ਰੰਜਿਸ਼ ਹੇਠ ਕੀਤਾ ਗਿਆ ਹੈ।

ਜਥੇਬੰਦੀ ਨੇ ਪੁਲੀਸ ਤੋਂ ਮੰਗ ਕੀਤੀ ਕਿ ਫੌਰੀ ਬਣਦੀ ਕਾਰਵਾਈ ਕਰ ਕੇ ਹਮਲਾਵਰਾਂ ਖ਼ਿਲਾਫ਼ ਕੇਸ ਦਰਜ ਕੀਤਾ ਜਾਵੇ ਤੇ ਦੋਸ਼ੀਆਂ ਨੂੰ ਫੌਰੀ ਗ੍ਰਿਫ਼ਤਾਰ ਕੀਤਾ ਜਾਵੇ।



ਜ਼ਖ਼ਮੀ ਨੂੰ ਇਲਾਜ ਲਈ ਸਿਵਲ ਹਸਪਤਾਲ ਲਹਿਰਾਗਾਗਾ ਦਾਖ਼ਲ ਕਰਵਾਇਆ ਗਿਆ, ਜਿਥੋਂ ਉਨ੍ਹਾਂ ਨੂੰ ਡੀਐਮਸੀ ਹਸਪਤਾਲ ਭੇਜਿਆ ਗਿਆ ਹੈ। ਇਸ ਬਾਰੇ ਏਐਸਆਈ ਹਰਿੰਦਰ ਸਿੰਘ ਨੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਚਿੱਟੇ ਦਾ ਟੀਕਾ ਲਗਾਉਣ ਨਾਲ ਮੌਤ, ਨਸ਼ੇ ਦੀ ਸਰਿੰਜ ਹੱਥ ਵਿੱਚ ਹੀ ਰਹਿ ਗਈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 9463601616
hardipchumber57@gmail.com

ਪਾਇਲ, 25 ਅਪਰੈਲ

ਪੰਜਾਬ ਸਰਕਾਰ ਤੇ ਪੰਜਾਬ ਪੁਲੀਸ ਦੀ ਸਿੰਥੈਟਿਕ (ਚਿੱਟੇ) ਨਸ਼ੇ ਨੂੰ ਠੱਲ੍ਹ ਪਾਉਣ ਲਈ ਵਿੱਢੀ ਮੁਹਿੰਮ ਦੇ ਬਾਵਜੂਦ ਥਾਣਾ ਪਾਇਲ ਅਧੀਨ ਪੈਂਦੇ ਪਿੰਡ ਰੌਣੀ ਵਿਖੇ ਇੱਕ ਨੌਜਵਾਨ ਦੀ ਚਿੱਟੇ ਦਾ ਟੀਕਾ ਲਗਾਉਣ ਨਾਲ ਮੌਤ ਹੋ ਗਈ ਅਤੇ ਉਸ ਦੀ ਨਸ਼ੇ ਦੀ ਸਰਿੰਜ ਹੱਥ ਵਿੱਚ ਹੀ ਰਹਿ ਗਈ। ਇਸ ਘਟਨਾ ਦੀ ਸੋਸ਼ਲ ਮੀਡੀਆ ਉਤੇ ਵੀ ਭਾਰੀ ਚਰਚਾ ਹੈ। ਗ਼ੌਰਤਲਬ ਹੈ ਕਿ ਪਿੰਡ ਰੌਣੀ ਵਿਖੇ ਥਾਣਾ ਪਾਇਲ ਅਧੀਨ ਪੁਲੀਸ ਚੌਕੀ ਵੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਸਵੇਰੇ ਤਰਨਜੀਤ ਸਿੰਘ ਉਰਫ ਘੋਕੀ ਉਮਰ ਕਰੀਬ 31 ਸਾਲ ਦੀ ਲਾਸ਼ ਸਰਕਾਰੀ ਸਕੂਲ ਲਾਗੇ ਬਣੇ ਜਿਮ ਕੋਲ ਰਸਤੇ 'ਚੋਂ ਮਿਲੀ, ਜਿਸ ਦੀ ਟੀਕਾ ਲਗਾਉਣ ਨਾਲ ਮੌਤ ਹੋ ਗਈ। ਉਸ ਸਮੇਂ ਵਰਤੀ ਸਰਿੰਜ ਵੀ ਹੱਥ ਵਿੱਚ ਹੀ ਸੀ।

ਜਿਉਂ ਹੀ ਇਹ ਖ਼ਬਰ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਤਾਂ ਲੋਕਾਂ ਨੇ ਕੁਮੈਂਟਾਂ ਵਿੱਚ ਪੰਜਾਬ ਪੁਲੀਸ ਦੇ ਨਸ਼ਿਆਂ ਖ਼ਿਲਾਫ਼ ਜੰਗ ਨੂੰ ਲੈ ਕੇ ਕੀਤੇ ਜਾ ਰਹੇ ਦਾਅਵਿਆਂ 'ਤੇ ਸਵਾਲ ਖੜ੍ਹੇ ਕੀਤੇ। ਪਿੰਡ ਰੌਣੀ ਦੇ ਲੋਕਾਂ ਦੇ ਦੱਸਣ ਮੁਤਾਬਿਕ ਤਰਨਦੀਪ ਸਿੰਘ ਘੋਕੀ ਨਸ਼ੇ ਕਰਨ ਦਾ ਆਦੀ ਸੀ। ਇਸ ਦੌਰਾਨ ਪਤਾ ਲੱਗਾ ਹੈ ਕਿ ਪਰਿਵਾਰ ਵੱਲੋਂ ਮ੍ਰਿਤਕ ਦਾ ਸਸਕਾਰ ਕਰ ਦਿੱਤਾ ਗਿਆ ਹੈ।

ਜਦੋਂ ਇਸ ਸਬੰਧੀ ਥਾਣਾ



ਪਾਇਲ ਦੇ ਐੱਸਐੱਚਓ ਸੰਦੀਪ ਕੁਮਾਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਇਸ ਘਟਨਾ ਦੀ ਕੋਈ ਇਤਲਾਹ ਨਹੀਂ ਮਿਲੀ, ਨਾ ਹੀ ਪਰਿਵਾਰਕ ਮੈਂਬਰਾਂ ਨੇ ਕੋਈ ਸੂਚਨਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਉਹ ਫਿਰ ਵੀ ਮਾਮਲੇ ਦੀ ਜਾਂਚ ਪੜਤਾਲ ਕਰ ਰਹੇ ਹਨ।

# ਆਸਟ੍ਰੇਲੀਆ 'ਚ ਰਾਜਪੁਰਾ ਦੇ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 9463601616
hardipchumber57@gmail.com

ਆਸਟ੍ਰੇਲੀਆ ਦੇ ਨਿਊ ਸਾਊਥ ਵੇਲਜ਼ 'ਚ ਪਟਿਆਲਾ ਜ਼ਿਲ੍ਹੇ ਦੀ ਰਾਜਪੁਰਾ ਤਹਿਸੀਲ ਦੇ ਰਹਿਣ ਵਾਲੇ 18 ਸਾਲਾ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਮ੍ਰਿਤਕ ਦੀ ਪਛਾਣ ਏਕਮ ਸਿੰਘ ਸਾਹਨੀ (18) ਪੁੱਤਰ ਅਮਰਿੰਦਰ ਸਿੰਘ ਸਾਹਨੀ ਵਾਸੀ ਗੁਲਾਬ ਨਗਰ ਕਲੋਨੀ, ਰਾਜਪੁਰਾ, ਪਟਿਆਲਾ ਵਜੋਂ ਹੋਈ ਹੈ।

ਆਸਟ੍ਰੇਲੀਆ ਦੇ ਨਿਊ ਸਾਊਥ ਵੇਲਜ਼ ਸ਼ਹਿਰ 'ਚ ਕਾਰ ਪਾਰਕਿੰਗ 'ਚ ਇਕ ਨੌਜਵਾਨ ਨਾਲ ਬਹਿਸ ਤੋਂ ਬਾਅਦ ਨੌਜਵਾਨਾਂ ਨੇ ਗੋਲੀਆਂ ਚਲਾ ਦਿੱਤੀਆਂ। ਜਿਸ ਵਿਚ ਕੁਝ ਸਮੇਂ ਬਾਅਦ ਉਸ ਦੀ ਮੌਤ ਹੋ ਗਈ। ਜਦੋਂ ਤੋਂ ਉਨ੍ਹਾਂ ਦੇ ਬੇਟੇ ਦੀ ਮੌਤ ਦੀ ਖ਼ਬਰ ਮਿਲੀ ਤਾਂ ਪਰਿਵਾਰ ਸਦਮੇ 'ਚ ਹੈ। ਆਸਟ੍ਰੇਲੀਅਨ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।



"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਕਲ੍ਹ ਦੇ ਲੇਖ ਦਾ ਬਾਕੀ ਭਾਗ

ਪੇਸ਼ਵਾ ਕਾਲ ਦੌਰਾਨ, ਇਸ ਬਾਰੇ ਕਾਨੂੰਨ ਸਨ ਕਿ ਕਿਸ ਨੂੰ ਕਿਸ ਤਰ੍ਹਾਂ ਦੇ ਕੱਪੜੇ ਪਹਿਨਣੇ ਚਾਹੀਦੇ ਹਨ। ਮੇਰੀ ਮਾਂ ਮੈਨੂੰ ਦੱਸਦੀ ਹੁੰਦੀ ਸੀ ਕਿ ਜੇਕਰ ਮਹਾਰ ਕੋਈ ਕੱਪੜਾ ਖਰੀਦਣਾ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਦੂਰੋਂ ਦੇਖਣਾ ਪੈਂਦਾ ਸੀ ਅਤੇ ਦੂਰੋਂ ਕੀਮਤ ਪੁੱਛਣੀ ਪੈਂਦੀ ਸੀ। ਦੁਕਾਨਦਾਰ ਦੁਕਾਨ ਵਿੱਚ ਹੀ ਕੱਪੜੇ ਨੂੰ ਹਿਲਾ ਦਿੰਦਾ ਸੀ। ਜੇਕਰ ਉਹ ਵਿਅਕਤੀ ਕੱਪੜਾ ਖਰੀਦਦਾ



ਸੀ, ਤਾਂ ਉਹ ਇੱਕ ਘੜੇ ਵਿੱਚ ਪਾਣੀ ਲਿਆਉਂਦਾ ਸੀ, ਕੱਪੜੇ ਉੱਤੇ ਛਿੜਕਦਾ ਸੀ ਅਤੇ ਨਵੇਂ ਕੱਪੜੇ ਨੂੰ ਗਾਰੇ ਚਿੱਕੜ ਵਿੱਚ ਲਬੇੜਦਾ ਸੀ ਕਿਉਂਕਿ ਮਹਾਰ ਨਵੇਂ ਕੱਪੜੇ ਨਹੀਂ ਪਾ ਸਕਦੇ ਸਨ! ਉਹ ਗਾਰੇ ਚਿੱਕੜ ਵਿੱਚ ਖਿੱਚੀ ਗਈ ਸਾੜ੍ਹੀ ਨੂੰ ਦੋ ਉਂਗਲਾਂ ਪਾ ਕੇ ਪਾੜ ਦਿੰਦਾ ਸੀ। ਫਿਰ ਮਹਾਰ ਪੈਸੇ ਰੱਖਦਾ ਸੀ ਅਤੇ ਕੱਪੜਾ ਲੈ ਲੈਂਦਾ ਸੀ। ਅਸੀਂ ਲੋਕ ਲੰਗੋਟ ਪਹਿਨਦੇ ਸੀ। ਇਹ ਪੇਸ਼ਵਾ ਦਾ ਹੁਕਮ ਸੀ। ਬ੍ਰਾਹਮਣਾਂ ਨੂੰ ਧੋਤੀ ਪਹਿਨਣੀ ਪੈਂਦੀ ਸੀ ਜਿਸਦੇ ਦੋਵੇਂ ਪਾਸੇ ਝਾਲਰਾਂ ਹੁੰਦੀਆਂ ਸਨ, ਗੈਰ-ਬ੍ਰਾਹਮਣਾਂ ਦੇ ਸਿਰਫ਼ ਪਿੱਠ 'ਤੇ ਝਾਲਰਾਂ ਹੀ ਹੁੰਦੀਆਂ ਸਨ। ਭੰਡਾਰੀ ਲੋਕਾਂ ਨੂੰ ਕਮਰ 'ਤੇ ਵੱਡਾ ਰੁਮਾਲ ਲਪੇਟਣਾ ਪੈਂਦਾ ਸੀ। ਅਜਿਹੇ ਨਿਯਮ ਸਨ।

ਜਦੋਂ ਬ੍ਰਿਟਿਸ਼ ਸਰਕਾਰ ਆਈ, ਤਾਂ ਉਨ੍ਹਾਂ ਨੇ ਮੁੰਬਈ 'ਤੇ ਕਬਜ਼ਾ ਕਰ ਲਿਆ। ਪੇਸ਼ਵਾਂ ਦੀਆਂ ਨਜ਼ਰਾਂ ਸੁਨਿਆਰਿਆਂ 'ਤੇ ਸਨ। ਸੁਨਿਆਰੇ ਕਹਿੰਦੇ ਸਨ ਕਿ ਉਹ ਬ੍ਰਾਹਮਣ ਹਨ। ਪੇਸ਼ਵਾ ਕਹਿੰਦੇ ਸਨ ਕਿ ਅਸੀਂ ਬ੍ਰਾਹਮਣ ਹਾਂ। ਸੁਨਿਆਰੇ ਬ੍ਰਾਹਮਣਾਂ ਵਾਂਗ ਧੋਤੀ ਪਹਿਨਦੇ ਸਨ। ਉਨ੍ਹਾਂ ਨੂੰ ਅਜਿਹੀ ਧੋਤੀ ਨਹੀਂ ਪਹਿਨਣੀ ਚਾਹੀਦੀ, ਉਨ੍ਹਾਂ ਕਰਕੇ ਭ੍ਰਿਸ਼ਟਾਚਾਰ ਹੋਇਆ, ਇਹ ਗੱਲ ਸਾਰੇ ਅਖ਼ਬਾਰਾਂ ਵਿੱਚ ਛਪੀ। ਹਰ ਕੋਈ ਇਹ ਕਹਿ ਕੇ ਰੌਲਾ ਪਾਉਣ ਲੱਗ ਪਿਆ ਕਿ ਅੰਗਰੇਜ਼ਾਂ ਨੇ ਧਰਮ ਨੂੰ ਬਰਬਾਦ ਕਰ ਦਿੱਤਾ ਹੈ। ਅੰਗਰੇਜ਼ ਗੁੱਸੇ ਵਿੱਚ ਆ ਗਏ। ਉਨ੍ਹਾਂ ਨੇ ਪੇਸ਼ਵਾ ਦੀ ਸ਼ਿਕਾਇਤ ਸੁਣੀ। ਪੇਸ਼ਵਾ ਨੇ ਕਿਹਾ, ਪਹਿਲਾਂ ਸਾਡੀਆਂ ਪਰਜਾ 'ਤੇ ਪਾਬੰਦੀਆਂ ਸਨ। ਤੁਹਾਡੇ ਆਉਣ ਤੋਂ ਬਾਅਦ, ਉਨ੍ਹਾਂ ਨੇ ਕਸੋਟਾ ਪਹਿਨਣਾ ਸ਼ੁਰੂ ਕਰ ਦਿੱਤਾ ਹੈ। ਉਸ ਸਮੇਂ, ਪੂਰਬੀ ਕੰਪਨੀ ਹੁਣੇ ਭਾਰਤ ਆਈ ਸੀ। ਮਹਾਜਨ ਵਾਲਕੇਸ਼ਵਰ ਵਿੱਚ ਰਹਿੰਦੇ ਸਨ। ਮੁੱਖ ਅਧਿਕਾਰੀ ਨੇ ਸ਼ਿਕਾਇਤ ਸੁਣੀ। ਉਸਨੇ ਮਹਾਜਨਾਂ ਨੂੰ ਬੁਲਾਇਆ ਅਤੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ। ਇਹ ਗੱਲ ਸਾਹਮਣੇ ਆਈ ਕਿ ਸੁਨਿਆਰਿਆਂ ਨੇ ਝਾਲ ਵਾਲੀ ਧੋਤੀ ਪਹਿਨਣੀ ਸ਼ੁਰੂ ਕਰ ਦਿੱਤੀ ਸੀ। ਹੁਕਮ ਦਿੱਤਾ ਗਿਆ ਸੀ ਕਿ ਸੁਨਿਆਰੇ ਅਜਿਹੀ ਧੋਤੀ ਨਹੀਂ ਪਹਿਨਣਗੇ। ਪੰਚਾਂ ਨੇ ਉਨ੍ਹਾਂ ਨੂੰ ਪੰਜਾਹ ਰੁਪਏ ਜੁਰਮਾਨਾ ਕੀਤਾ। ਹੁਣ ਲੋਕਾਂ ਨੇ ਕੋਟ ਅਤੇ ਪੈਂਟ ਪਹਿਨਣੇ ਸ਼ੁਰੂ ਕਰ ਦਿੱਤੇ ਹਨ। ਉਹ ਕਾਰਾਂ ਵਿੱਚ ਬੈਠਣ ਲੱਗ ਪਏ ਹਨ, ਇਸ ਤੋਂ ਇਲਾਵਾ ਉਨ੍ਹਾਂ ਵਿੱਚ ਕੋਈ ਸੁਧਾਰ ਨਹੀਂ ਹੋਇਆ ਹੈ। ਫਿਰ ਇਹ ਲੋਕ ਆਲੋਚਨਾ ਕਿਉਂ ਕਰਦੇ ਹਨ? ਉਹ ਸਾਡੇ ਸ਼ੁਭਚਿੰਤਕ ਕਿਵੇਂ ਹਨ? ਉਹ ਕਹਿੰਦੇ ਹਨ ਕਿ ਜੇਕਰ ਤੁਸੀਂ ਬੁੱਧ ਧਰਮ ਅਪਣਾਉਂਦੇ ਹੋ, ਤਾਂ ਤੁਹਾਨੂੰ ਮਿਲਣ ਵਾਲੇ ਵਜ਼ੀਫ਼ੇ ਬੰਦ ਹੋ ਜਾਣਗੇ। ਮਿੱਲਾਂ ਵਿੱਚ ਕੰਮ ਕਰਨ ਵਾਲਿਆਂ ਨੂੰ ਸਕਾਲਰਸ਼ਿਪ ਦੀ ਮਹੱਤਤਾ ਕਿਵੇਂ ਪਤਾ ਲੱਗੇਗੀ? ਸਕਾਲਰਸ਼ਿਪ ਸਕੂਲਾਂ ਵਿੱਚ ਪੜ੍ਹਨ ਵਾਲਿਆਂ ਲਈ ਮਹੱਤਵਪੂਰਨ ਹੈ। ਪੱਤਰਕਾਰ ਅਜਿਹਾ ਕਿਉਂ ਸੋਚਦੇ ਹਨ? ਉਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਸਕਾਲਰਸ਼ਿਪ ਨਹੀਂ ਮਿਲੇਗੀ। ਮੈਂ ਅਜੇ ਵੀ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਜ਼ਿੰਦਾ ਹਾਂ! (ਤਾੜੀਆਂ) ਮੇਰੀ ਮੌਤ ਤੋਂ ਬਾਅਦ ਜੋ ਕੁਝ ਵੀ ਹੋਣਾ ਹੈ, ਉਹ ਹੁੰਦਾ ਰਹੇਗਾ। ਜਿੰਨਾ ਚਿਰ ਮੈਂ ਜ਼ਿੰਦਾ ਹਾਂ, ਡਰਨ ਦਾ ਕੋਈ ਕਾਰਨ ਨਹੀਂ ਹੈ। ਸਿੱਖ ਅਛੂਤਾਂ ਨੂੰ ਸਕਾਲਰਸ਼ਿਪ ਮਿਲਦੀ ਹੈ। ਸਕਾਲਰਸ਼ਿਪ ਧਰਮ 'ਤੇ ਨਿਰਭਰ ਨਹੀਂ ਕਰਦੀ। ਉਹ ਨਿਮਰ ਵਿਕਾਸ 'ਤੇ ਨਿਰਭਰ ਕਰਦੀ ਹੈ। ਅਤੇ ਤੁਸੀਂ ਉਨ੍ਹਾਂ ਨੂੰ ਕਿੰਨੇ ਦਿਨਾਂ ਲਈ ਦਿੱਤਾ? ਕੀ ਇਹ 'ਯਵਚੰਦਰਦਿਵਾਕਰੌ' ਵਰਗਾ ਨਹੀਂ ਹੈ? ਕੀ ਸਕਾਲਰਸ਼ਿਪ ਉਦੋਂ ਤੱਕ ਦਿੱਤੀ ਜਾਵੇਗੀ ਜਦੋਂ ਤੱਕ ਚੰਦਰਮਾ ਅਤੇ ਸੂਰਜ ਮੌਜੂਦ ਹਨ? ਕੀ ਉਹ ਇੱਕ ਸਾਲ ਲਈ ਹਨ ਜਾਂ ਦੋ ਜਾਂ ਤਿੰਨ ਸਾਲਾਂ ਲਈ? ਜੇ ਤੁਸੀਂ ਕੁਮਕੁਮ ਲਗਾਉਣਾ ਚਾਹੁੰਦੇ ਹੋ, ਤਾਂ ਤੁਹਾਨੂੰ ਇਹ ਯਕੀਨੀ ਹੋਣਾ ਚਾਹੀਦਾ ਹੈ ਕਿ ਤੁਹਾਡਾ ਪਤੀ ਜ਼ਿੰਦਾ ਰਹੇਗਾ ਜਾਂ ਨਹੀਂ। ਸਰਕਾਰੀ ਨੌਕਰੀ ਕਿੰਨੇ ਸਾਲਾਂ ਲਈ ਰਹੇਗੀ? ਮੈਂ ਕੁਝ ਕਿਹਾ ਅਤੇ ਪੰਜ ਸਾਲਾਂ ਬਾਅਦ ਮੁਨਸ਼ੀ ਸਾਹਿਬ ਨੂੰ ਪੇਟ ਦਰਦ ਹੋਣ ਲੱਗ ਪਿਆ। ਉਸਨੇ ਮੁਸਲਮਾਨਾਂ ਨੂੰ ਦਿੱਤੀਆਂ ਗਈਆਂ ਰਿਆਇਤਾਂ ਵਾਪਸ ਲੈ ਲਈਆਂ। ਈਸਾਈਆਂ ਨੂੰ ਵੀ ਰਿਆਇਤਾਂ ਦਿੱਤੀਆਂ ਗਈਆਂ। ਪਰ ਉਸਦੇ ਕੋਲ ਇੱਕ ਆਦਮੀ ਸੀ ਜੋ ਰਾਜਪਾਲ ਬਣਨਾ ਚਾਹੁੰਦਾ ਸੀ। ਉਸਨੇ ਕਿਹਾ ਕਿ ਉਸਨੂੰ ਕੁਝ ਨਹੀਂ ਚਾਹੀਦਾ। ਫਿਰ ਉਸਦੇ ਕਾਗਜ਼ ਮੇਰੇ ਕੋਲ ਆਏ। ਮੈਂ ਉਨ੍ਹਾਂ ਨੂੰ ਪਾੜ ਕੇ ਸੁੱਟ ਦਿੱਤਾ। ਦੂਜੇ ਲੋਕ ਸੋਨੇ ਦੇ ਹਾਰ ਪਹਿਨਦੇ ਹਨ, ਤਾਂ ਕੀ ਸਾਨੂੰ ਆਪਣੇ ਆਪ ਨੂੰ ਫਾਂਸੀ ਦੇਣੀ ਚਾਹੀਦੀ ਹੈ? ਮੈਂ ਲਿਖਿਆ, ਇਹ ਸੰਭਵ ਨਹੀਂ ਹੈ। ਅੱਜ ਤੱਕ ਅਸੀਂ ਇਸਨੂੰ ਰੱਖਿਆ ਪਰ ਹੁਣ ਇਸਦਾ ਕੋਈ ਫਾਇਦਾ ਨਹੀਂ ਹੈ।

ਸਾਡੇ ਵਿੱਚੋਂ ਇੱਕ ਵਿਅਕਤੀ ਇੰਜੀਨੀਅਰ ਬਣਨ ਦੇ ਸਮਰੱਥ ਹੈ। ਪਰ ਹੁਣ ਤੱਕ ਉਸਨੂੰ ਇੰਜੀਨੀਅਰ ਨਹੀਂ ਬਣਨ ਦਿੱਤਾ ਗਿਆ। ਸਾਡਾ ਵਿਅਕਤੀ ਮੁੱਖ ਮੰਤਰੀ ਬਣਨ ਦੀ ਦੌੜ ਵਿੱਚ ਵੀ ਇਸ ਵਿੱਚ ਸ਼ਾਮਲ ਹੈ।

ਜੇਕਰ ਰਾਜਾ ਖੁਦ ਆਪਣੀ ਪਰਜਾ ਨੂੰ ਮਾਰਨਾ ਸ਼ੁਰੂ ਕਰ ਦੇਵੇ, ਤਾਂ ਪਰਜਾ ਕਿਸ ਕੋਲ ਜਾਵੇ? ਭੁੱਖੀ ਦੇ ਬਣੇ ਲੱਡੂ, ਜਿਸਨੇ ਉਨ੍ਹਾਂ ਨੂੰ ਖਾਧਾ ਉਹ ਫਸ ਗਿਆ, ਜਿਸਨੇ ਨਹੀਂ ਖਾਧਾ ਉਹ ਵੀ ਫਸ ਗਿਆ।

ਮੈਂ ਪੜ੍ਹੇ-ਲਿਖੇ ਲੋਕਾਂ ਨੂੰ ਦੱਸਣਾ ਚਾਹੁੰਦਾ ਹਾਂ। ਮਹਾਰ ਲੋਕ ਕੀ ਕਰਦੇ ਸਨ? ਉਹ ਰਾਤ ਨੂੰ ਉੱਠਦੇ ਅਤੇ ਘੁੰਮਦੇ ਰਹਿੰਦੇ ਸਨ। ਉਹ ਰਾਤ ਨੂੰ ਸਵੇਰ ਤੋਂ ਜੋ ਵੀ ਬਚਦਾ ਸੀ ਉਹ ਖਾ ਲੈਂਦੇ ਸਨ। ਫਲਟਨ ਪਿੰਡ ਵਿੱਚ ਮਹਾਰ ਸਨ। ਉਨ੍ਹਾਂ ਕੋਲ 24 ਵਿੱਘਾ ਜ਼ਮੀਨ ਸੀ। ਉੱਥੇ ਇੱਕ ਮੰਦਰ ਸੀ। ਉਸ ਵਿੱਚ ਭੰਡਾਰਾ ਹੁੰਦਾ ਸੀ। ਸਾਡੇ ਇੱਕ ਮੰਤਰੀ ਹੁੰਦਾ ਸੀ। ਇਸ ਦਾਅਵਤ ਵਿੱਚ, ਉਹ ਲੱਡੂ, ਜਲੇਬੀਆਂ, ਰੋਟੀਆਂ ਆਦਿ ਨਾਲ ਭਰੀ ਇੱਕ ਗੱਡੀ ਲਿਆਉਂਦਾ ਸੀ। ਮਹਾਰ ਮੰਦਰ ਦੇ ਗੇਟ ਕੋਲ ਬੈਠਦੇ ਸਨ ਅਤੇ ਭੋਜਨ ਲੈ ਜਾਂਦੇ ਸਨ। ਇੰਨਾ ਕੁਝ ਮਿਲਣ ਤੋਂ ਬਾਅਦ, ਮਹਾਰਾਂ ਨੂੰ ਜ਼ਮੀਨ ਲੈਣ ਦੀ ਕੀ ਲੋੜ ਸੀ? ਕੁਝ ਦਿਨਾਂ ਬਾਅਦ, ਖਾਣਾ ਬੰਦ ਕਰ ਦਿੱਤਾ ਗਿਆ, ਫਿਰ ਇਨ੍ਹਾਂ ਮਹਾਰਾਂ ਨੇ ਕਿਹਾ, 'ਸਾਡੇ ਕੋਲ ਇੰਨੀ ਜ਼ਮੀਨ ਸੀ। ਮਰਾਠਿਆਂ ਨੇ ਇਸਨੂੰ ਹੜੱਪ ਲਿਆ।' ਸਾਨੂੰ ਮੰਦਰ ਤੋਂ ਜੋ ਭੋਜਨ ਮਿਲਦਾ ਸੀ ਉਹ ਵੀ ਬੰਦ ਕਰ ਦਿੱਤਾ ਗਿਆ। ਉਨ੍ਹਾਂ ਦੀ ਹਾਲਤ ਵੀ ਅਜਿਹੀ ਸੀ।

ਜਦੋਂ ਜਲਗਾਓਂ ਵਿੱਚ ਸ਼ਰਾਧ ਹੁੰਦੀ ਸੀ, ਤਾਂ ਮਹਾਰ ਭਿਖਾਰੀਆਂ ਵਾਂਗ ਕੂੜੇ 'ਤੇ ਬੈਠਦੇ ਸਨ। ਲੋਕ ਮੈਨੂੰ ਕਹਿੰਦੇ ਸਨ - ਉਹ ਈਸਾਈ ਬਣ ਗਏ ਹਨ, ਉਹਨਾ ਦਾ ਭੋਜਨ ਖੋਹ ਲਿਆ ਗਿਆ। ਹੁਣ ਉਹ ਕਿਵੇਂ ਬਚੇਣਗੇ? ਮੇਰਾ ਇੱਕ ਬ੍ਰਾਹਮਣ ਵਿਰੋਧੀ

"ਇਕੁਐਲਿਟੀ ਐਂਡ ਜਸਟਿਸ"
"Equality and Justice"

ਸੀ। ਉਹ ਮੈਨੂੰ ਰੋਜ਼ਾਨਾ ਦੇ ਹਿਸਾਬ-ਕਿਤਾਬ ਦੱਸਦਾ ਸੀ। ਉਹ ਜਾਨਵਰਾਂ ਦੇ ਮਾਸ, ਸਿੰਗਾਂ, ਚਮੜੀ, ਹੱਡੀਆਂ ਆਦਿ ਦੀ ਦੋ-ਚਾਰ ਹਜ਼ਾਰ ਰੁਪਏ ਦੀ ਕੀਮਤ ਦੱਸਦਾ ਸੀ ਅਤੇ ਕਹਿੰਦਾ ਸੀ, 'ਡਾ. ਅੰਬੇਡਕਰ ਨੇ ਮਹਾਰਾਂ ਨੂੰ ਇੰਨਾ ਨੁਕਸਾਨ ਪਹੁੰਚਾਇਆ।' ਇਹ ਕੇਸਰੀ ਵਿੱਚ ਛਪਦਾ ਸੀ। ਹਾਲਾਂਕਿ, ਮੈਂ ਕਦੇ ਇਸਦਾ ਜਵਾਬ ਨਹੀਂ ਦਿੱਤਾ।

ਇੱਕ ਵਾਰ ਸੰਗਮੇਸ਼ਵਰ ਵਿੱਚ ਇੱਕ ਮੀਟਿੰਗ ਹੋਈ। ਮਹਾਰਾਂ ਦੀ ਮੀਟਿੰਗ ਵਿੱਚ ਇਸ ਬ੍ਰਾਹਮਣ ਨੇ ਮੇਰੇ ਬਾਰੇ ਪੁੱਛਿਆ। ਮੈਂ ਖਾਣਾ ਖਾਣ ਬੈਠਾ ਸੀ। ਮੈਂ ਉਸਨੂੰ ਕਿਹਾ ਕਿ ਮੈਂ ਖਾਣਾ ਖਾਣ ਤੋਂ ਬਾਅਦ ਆਵਾਂਗਾ। ਉਸਨੇ ਇਹ ਵੀ ਕਿਹਾ ਕਿ ਜੇਕਰ ਉਸਦੇ ਕੋਲ ਸਮਾਂ ਹੈ, ਤਾਂ ਉਹ ਅੰਦਰ ਆ ਸਕਦਾ ਹੈ। ਉਸ ਆਦਮੀ ਨੇ ਕਿਹਾ, ਕੰਮ ਛੋਟਾ ਹੈ ਪਰ ਮਹੱਤਵਪੂਰਨ ਹੈ। ਉਸਨੇ ਕਿਹਾ, "ਤੁਸੀਂ ਇਨ੍ਹਾਂ ਸਾਰੇ ਲੋਕਾਂ ਨੂੰ ਕਹਿੰਦੇ ਹੋ ਕਿ ਮਾਸ ਨਾ ਖਾਣ, ਮਰੇ ਹੋਏ ਜਾਨਵਰ ਨਾ ਚੁੱਕਣ, ਕੀ ਇਹ ਸਹੀ ਹੈ ਕਿ ਤੁਸੀਂ ਮਹਾਰਾਂ ਨੂੰ ਨੁਕਸਾਨ ਪਹੁੰਚਾ ਰਹੇ ਹੋ?" ਮੈਂ ਕਿਹਾ, ਠੀਕ ਹੈ। ਉਸਨੇ ਪੁੱਛਿਆ, ਕੀ ਮੈਂ ਤੁਹਾਡੇ ਸਵਾਲ ਦਾ ਜਵਾਬ ਹੁਣੇ ਦੇਵਾਂ ਜਾਂ ਮੈਨੂੰ ਮੀਟਿੰਗ ਵਿੱਚ ਦੇਵਾਂ? ਉਸਨੇ ਕਿਹਾ, ਇਸਦਾ ਜਵਾਬ ਮੀਟਿੰਗ ਵਿੱਚ ਦੇਵਾਂ। ਮੈਂ ਲੋਕਾਂ ਨੂੰ ਕਿਹਾ, ਉਨ੍ਹਾਂ ਨੂੰ ਸਵਾਲ ਪੁੱਛਣੇ ਪੈਂਦੇ ਹਨ, ਤੁਸੀਂ ਉਨ੍ਹਾਂ ਦੇ ਸਵਾਲਾਂ ਵੱਲ ਧਿਆਨ ਦਿਓ। ਉਸਨੇ ਹਿਸਾਬ ਲਗਾਇਆ ਅਤੇ ਮੈਨੂੰ ਦੱਸਿਆ ਕਿ ਤੁਹਾਡੀ ਹਰਕਤ ਨੁਕਸਾਨ ਪਹੁੰਚਾ ਰਹੀ ਹੈ। ਉਸਦਾ ਹਿਸਾਬ ਸਹੀ ਸੀ। ਉਸਨੇ ਕਿਹਾ ਕਿ ਉਹਨਾਂ ਨੂੰ ਇੱਕ ਹਜ਼ਾਰ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਇਹ ਉਸਦਾ ਸਵਾਲ ਸੀ। ਮੈਂ ਉਸਨੂੰ ਕਿਹਾ, ਮੈਂ ਤੁਹਾਨੂੰ ਇੱਕ ਹਜ਼ਾਰ ਰੁਪਏ ਦੇਣ ਲਈ ਤਿਆਰ ਹਾਂ। ਜੇ ਤੁਸੀਂ ਮਰੇ ਹੋਏ ਜਾਨਵਰ ਚੁੱਕਦੇ ਹੋ, ਤਾਂ ਮੈਂ ਤੁਹਾਨੂੰ ਇੱਕ ਹਜ਼ਾਰ ਰੁਪਏ ਦਾ ਇਨਾਮ ਵੀ ਦੇਵਾਂਗਾ। ਪਰ ਤੁਹਾਨੂੰ ਉਨ੍ਹਾਂ ਨਾਲ ਕੰਮ ਕਰਨਾ ਪਵੇਗਾ। ਸਵੈ-ਮਾਣ ਬਹੁਤ ਮਹੱਤਵਪੂਰਨ ਹੈ। ਜੇ ਕੋਈ ਔਰਤ ਕਮਾਠੀਪੁਰਾ ਜਾਂਦੀ ਹੈ, ਤਾਂ ਉਹ ਸੋਨੇ-ਚਾਂਦੀ ਦੇ ਗਹਿਣੇ ਲੈ ਕੇ ਆਉਂਦੀ ਹੈ ਅਤੇ ਸਵੇਰੇ ਹੋਟਲ ਮਾਲਕ ਨੂੰ ਫ਼ੋਨ ਕਰਕੇ ਕਹਿੰਦੀ ਹੈ, ਅੱਧੀ ਪਲੇਟ ਮੀਟ ਦਾ ਕੀਮਾ ਅਤੇ ਰੋਟੀ ਦਾ ਇੱਕ ਟੁਕੜਾ ਲਿਆਓ। ਚਾਰ ਵਜੇ ਚਾਹ। ਸ਼ਾਮ ਨੂੰ ਪਾਊਡਰ ਲਗਾਵੇ ਅਤੇ ਬੈਠੇ। ਉੱਥੇ ਦੀ ਜ਼ਿੰਦਗੀ ਸੁਹਾਵਣੀ ਹੈ। ਪਰ ਵੇਸਵਾ ਦੀ ਕੋਈ ਇੱਜ਼ਤ ਨਹੀਂ ਹੈ। ਉਸਦੀ ਕੋਈ ਇੱਜ਼ਤ ਨਹੀਂ ਹੈ। ਇਹ ਗੱਲ ਧਿਆਨ ਵਿੱਚ ਰੱਖੋ।

**ਲੇਖ ਦਾ ਬਾਕੀ ਭਾਗ ਕਲ੍ਹ**

---

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com

# ਕੀ ਪੰਜਾਬ ਵਿੱਚ ਬੇਰੁਜ਼ਗਾਰੀ ਹੈ..?

-ਚਰਨਜੀਤ ਸਿੰਘ ਮੁਕਤਸਰ,*
ਸੈਂਟਰ ਹੈੱਡ ਟੀਚਰ, ਸਰਕਾਰੀ ਪ੍ਰਾਇਮਰੀ ਸਕੂਲ
ਝਬੇਲਵਾਲੀ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ।
ਮੋਬਾਈਲ ਨੰਬਰ 951300716



ਅੱਜ ਸਾਡੇ ਪੰਜਾਬ ਨੂੰ ਬੇਰੁਜ਼ਗਾਰੀ ਬਹੁਤ ਵੱਡਾ ਮੁੱਦਾ ਬਣਿਆ ਹੋਇਆ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਵਾਕਿਆ ਹੀ ਪੰਜਾਬ ਵਿੱਚ ਬੇਰੁਜ਼ਗਾਰੀ ਹੈ ਜਾਂ ਇਹ ਸਿਰਫ ਸਾਡਾ ਮਾਈਂਡ ਸੈੱਟ ਹੈ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਅਸਲ ਵਿੱਚ ਪੰਜਾਬ ਵਿੱਚ ਏਨੇ ਸਾਧਨ ਹਨ ਅਤੇ ਪੰਜਾਬ ਦੇ ਲੋਕ ਇੰਨੇ ਖੁਸ਼ਹਾਲ ਹਨ ਕਿ ਇੱਥੇ ਬੇਰੁਜ਼ਗਾਰੀ ਹੋ ਹੀ ਨਹੀਂ ਸਕਦੀ। ਜੇ ਪੰਜਾਬ ਵਿੱਚ ਬੇਰੁਜ਼ਗਾਰੀ ਹੋਵੇ ਤਾਂ ਪ੍ਰਵਾਸੀ ਮਜ਼ਦੂਰ ਇੱਥੇ ਆ ਕੇ ਕੰਮ ਕਿਉਂ ਕਰਨ। ਅਸੀਂ ਪ੍ਰਵਾਸੀ ਮਜ਼ਦੂਰਾਂ ਨੂੰ ਨਫਰਤ ਦੀ ਨਿਗਾਹ ਨਾਲ ਦੇਖਦੇ ਹਾਂ ਤੇ ਕਹਿੰਦੇ ਹਾਂ ਕਿ ਇਹਨਾਂ ਨੂੰ ਪੰਜਾਬ ਵਿੱਚ ਨਹੀਂ ਆਉਣ ਦੇਣਾ ਚਾਹੀਦਾ। ਇਹਨਾਂ ਨੇ ਸਾਡੇ ਰੁਜ਼ਗਾਰ ਖੋਹ ਲਏ ਹਨ।

ਅਸੀਂ ਵੇਖਦੇ ਹਾਂ ਕਿ ਅੱਜ ਹਰ ਪਾਸੇ ਪ੍ਰਵਾਸੀ ਮਜ਼ਦੂਰ ਮਿਹਨਤ ਕਰਕੇ ਆਪਣਾ ਤੇ ਆਪਣੇ ਪਰਿਵਾਰਾਂ ਦਾ ਪੇਟ ਪਾਲ ਰਿਹਾ ਜੇਕਰ ਅੱਜ ਅਸੀਂ ਘਰ ਵਿੱਚ ਕੋਈ ਮਜ਼ਦੂਰ ਜਾਂ ਮਿਸਤਰੀ ਲਾਉਣਾ ਹੋਵੇ ਤਾਂ ਸਾਨੂੰ ਸੌਖਿਆ ਕੋਈ ਮਜ਼ਦੂਰ ਜਾਂ ਮਿਸਤਰੀ ਨਹੀਂ ਮਿਲਦਾ ਬਲਕਿ ਹਫਤਾ 10 ਦਿਨ ਦੀ ਭਕਾਈ ਤੋਂ ਬਾਅਦ ਹੀ ਕੋਈ ਮਜ਼ਦੂਰ ਜਾਂ ਮਿਸਤਰੀ ਮਿਲਦਾ ਹੈ। ਜੇਕਰ ਸਾਨੂੰ ਪਿੰਡ ਵਿੱਚ ਕੋਈ ਪਲੰਬਰ, ਇਲੈਕਟਰੀਸ਼ਨ ਜਾਂ ਕਾਰਪੈਂਟਰ ਦੀ ਲੋੜ ਪੈ ਜਾਵੇ ਤਾਂ ਸਾਨੂੰ ਕਈ ਕਈ ਫੋਨ ਕਰਨੇ ਪੈਂਦੇ ਹਨ ਤਾਂ ਕਿਤੇ ਜਾ ਕੇ ਉਹ ਸਮਾਂ ਕੱਢ ਪਾਉਂਦਾ ਹੈ, ਕਿਉਂਕਿ ਉਸ ਕੋਲ ਸਮਾਂ ਹੈ ਹੀ ਨਹੀਂ ਹੈ। ਜੇਕਰ ਘਰ ਵਿੱਚ ਮੇਡ ਲਾਉਣੀ ਹੋਵੇ ਤਾਂ ਸਾਨੂੰ ਕਈ ਕਈ ਮਹੀਨੇ ਨਹੀਂ ਮਿਲਦੀ। ਫਿਰ ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਪੰਜਾਬ ਵਿੱਚ ਬੇਰੁਜ਼ਗਾਰੀ ਹੈ।

ਅਸਲ ਵਿੱਚ ਸਾਡੇ ਲੋਕਾਂ ਦੀ ਇਹ ਕਮਜ਼ੋਰੀ ਬਣ ਚੁੱਕੀ ਹੈ ਕਿ ਅਸੀਂ ਕੰਮ ਕਰਨ ਵਿੱਚ ਸ਼ਰਮ ਮਹਿਸੂਸ ਕਰਦੇ ਹਾਂ ਅਤੇ ਸਾਫ ਸੁਥਰਾ,ਵੱਧ ਪੈਸਿਆਂ ਵਾਲਾ ਅਤੇ ਕੁਰਸੀ ਤੇ ਬੈਠਣ ਵਾਲਾ ਕੰਮ ਕਰਨਾ ਚਾਹੁੰਦੇ ਹਾਂ। ਜਦੋਂ ਕਿ ਪਰਵਾਸੀ ਲੋਕ ਮਿਹਨਤ ਕਰਨ ਵਿੱਚ ਕੋਈ ਸ਼ਰਮ ਮਹਿਸੂਸ ਨਹੀਂ ਕਰਦੇ। ਅੱਜ ਦੀ ਨੌਜਵਾਨ ਪੀੜ੍ਹੀ ਨੂੰ ਮੋਬਾਇਲਾਂ ਤੇ ਨਸ਼ਿਆਂ ਨੇ ਪੱਟ ਕੇ ਰੱਖ ਦਿੱਤਾ ਹੈ ਭਾਵੇਂ ਉਹਨਾਂ ਕੋਲ ਰੁਜ਼ਗਾਰ ਨਹੀਂ ਪਰ ਉਹਨਾਂ ਕੋਲ ਬਰਾਂਡ ਕੱਪੜੇ, ਮਹਿੰਗੇ ਆਈਫੋਨ ਅਤੇ ਮਹਿੰਗੇ ਮੋਟਰਸਾਈਕਲ ਜਰੂਰ ਹਨ। ਕੁਲ ਦਿਨ ਪਹਿਲਾਂ ਜਦੋਂ ਮੈਂ ਮੋਹਾਲੀ ਗਿਆ ਉਥੇ ਸਿੱਖਿਆ ਭਵਨ ਦੇ ਦਫਤਰ ਕੋਲ ਬਹੁਤ ਸਾਰੇ ਅਜਿਹੇ ਪ੍ਰਵਾਸੀ ਲੋਕ ਸਨ ਜੋ ਜ਼ਮੀਨ ਤੇ ਆਰਜੀ ਟੈਂਟ ਲਗਾ ਕੇ ਚਾਹ ਜਾਂ ਢਾਬੇ ਦਾ ਕੰਮ ਕਰ ਰਹੇ ਸਨ। ਜਿਸ ਵਿੱਚ ਉਹਨਾਂ ਦਾ ਪੂਰਾ ਪਰਿਵਾਰ ਸਮੇਤ ਔਰਤਾਂ ਤੇ ਬੱਚੇ ਕੰਮ ਕਰ ਰਹੇ ਸਨ। ਉਹਨਾਂ ਵਿੱਚੋਂ ਕਿਸੇ ਕੋਲ ਕੋਈ ਮੋਬਾਈਲ ਨਹੀਂ ਸੀ।ਉਹ ਮਿਹਨਤ ਨਾਲ ਰੋਜ਼ਾਨਾ ਚੌਖੀ ਕਮਾਈ ਕਰ ਰਹੇ ਹਨ।

ਸਾਡੀ ਬਦਕਿਸਮਤੀ ਹੈ ਕਿ ਅਸੀਂ ਇਥੇ ਮਿਹਨਤ ਵਾਲੇ ਕੰਮ ਨੂੰ ਕਰਨਾ ਆਪਣੀ ਹੇਠੀ ਸਮਝਦੇ ਹਾਂ ਤੇ ਬਾਹਰਲੇ ਦੇਸ਼ਾਂ ਵਿੱਚ ਜਾ ਕੇ ਇਹੀ ਕੰਮ ਕਰਨਾ ਆਪਣੇ ਸ਼ਾਨ ਸਮਝਦੇ ਹਾਂ। ਸਾਨੂੰ ਪੰਜਾਬ ਵਿੱਚ ਹੀ ਕੰਮ ਦੀ ਕੋਈ ਕਮੀ ਨਹੀਂ ਅਸਲ ਵਿੱਚ ਸੱਚ ਤਾਂ ਇਹ ਹੈ ਕਿ ਅਸੀਂ ਕੰਮ ਕਰਨਾ ਹੀ ਨਹੀਂ ਚਾਹੁੰਦੇ। ਅੱਜ ਬਾਜ਼ਾਰਾਂ ਵਿੱਚ ਜਾ ਕੇ ਦੇਖੀਏ ਤਾਂ ਪ੍ਰਵਾਸੀ ਮਜ਼ਦੂਰ ਸਬਜ਼ੀਆਂ ਦੀਆਂ ਰੇਹੜੀਆਂ ਲਗਾ ਕੇ ਰੋਜ਼ਾਨਾ ਪੰਜ ਸੌ ਤੋਂ ਹਜ਼ਾਰ ਰੁਪਏ ਕਮਾ ਰਹੇ ਹਨ। ਖਾਣ ਪੀਣ ਦੇ ਸਾਰੇ ਕੰਮਾਂ ਤੇ ਪ੍ਰਵਾਸੀਆਂ ਦਾ ਕਬਜ਼ਾ ਹੈ। ਫੈਕਟਰੀਆਂ, ਮੰਡੀਆਂ, ਖੇਤਾਂ,ਪੈਲਸਾਂ ਵਿੱਚ ਸਾਨੂੰ ਹਰ ਜਗ੍ਹਾ ਪਰਵਾਸੀ ਮਜ਼ਦੂਰ ਹੀ ਕੰਮ ਕਰਦੇ ਦਿਖਾਈ ਦੇਣਗੇ। ਪੰਜਾਬੀ ਬਹੁਤ ਘੱਟ ਨਜ਼ਰ ਆਉਣਗੇ।

ਸਾਡੇ ਪੰਜਾਬੀਆਂ ਨੂੰ ਇਹ ਸਮਝਣ ਤੇ ਸੋਚ ਵਿਚਾਰ ਕਰਨ ਦਾ ਸਮਾਂ ਹੈ ਕਿ ਕੀ ਪ੍ਰਵਾਸੀ ਮਜ਼ਦੂਰਾਂ ਕਾਰਨ ਸਾਨੂੰ ਕੰਮ ਨਹੀਂ ਮਿਲਦਾ ਜਾਂ ਸਾਡੀ ਸੋਚ, ਆਲਸ ਤੇ ਫੁਕਰੇਪਨ ਨੇ ਸਾਨੂੰ ਹੱਡ ਹਰਾਮੀ ਬਣਾ ਦਿੱਤਾ ਹੈ ਇਸ ਕਰਕੇ ਕੰਮ ਨਹੀਂ ਮਿਲਦਾ। ਕਿਸੇ ਸਮੇਂ ਪੰਜਾਬ ਵਿੱਚ ਚਾਰੇ ਪਾਸੇ ਪੰਜਾਬੀ ਬੰਦਾ ਮਿਹਨਤ ਕਰਦਾ ਨਜ਼ਰ ਆਉਂਦਾ ਸੀ। ਪੰਜਾਬੀ ਲੋਕ ਮਿਹਨਤ ਨੂੰ ਆਪਣਾ ਧਰਮ ਸਮਝਦੇ ਸਨ। ਪਰ ਹੌਲੀ ਹੌਲੀ ਦੁਨੀਆਂ ਪਲਟਾ ਖਾ ਗਈ ਤੇ ਅੱਜ ਸਾਡੇ ਕੰਮਾਂ ਕਾਰਾਂ ਅਤੇ ਨੌਕਰੀਆਂ ਵਿੱਚ ਪ੍ਰਵਾਸੀ ਲੋਕਾਂ ਨੇ ਆਪਣੀ ਮਿਹਨਤ ਨਾਲ ਸਾਨੂੰ ਪਿੱਛੇ ਛੱਡ ਦਿੱਤਾ ਹੈ।ਅਸੀਂ ਬਾਬਾ ਨਾਨਕ ਦੇ ਸਿਧਾਂਤ ਕਿਰਤ ਕਰੋ ਤੋਂ ਭੱਜ ਚੁੱਕੇ ਹਾਂ। ਅੱਜ ਸਾਨੂੰ ਦੁਬਾਰਾ ਆਪਣਾ ਵਕਾਰ ਬਹਾਲ ਕਰਾਉਣ ਲਈ ਗੁਰੂ ਦੇ ਸਿਧਾਂਤਾਂ ਤੇ ਪਹਿਰਾ ਦੇਣਾ ਪਵੇਗਾ ਤੇ ਇਹ ਸੋਚ ਨੂੰ ਅਪਣਾਉਣਾ ਪਵੇਗਾ ਕਿ ਕੰਮ ਕੋਈ ਵੀ ਛੋਟਾ ਜਾਂ ਵੱਡਾ ਨਹੀਂ ਹੁੰਦਾ।ਪੰਜਾਬ ਦੇ ਕਿਸੇ ਵੀ ਕੋਨੇ ਵਿੱਚ ਬੇਰੁਜ਼ਗਾਰੀ ਨਹੀਂ ਹੈ ਬਸ ਸੋਚ ਬਦਲਣ ਦੀ ਲੋੜ ਹੈ। ਤੁਸੀਂ ਵੇਖੋਗੇ ਕਿ ਆਸੇ ਪਾਸੇ ਰੁਜ਼ਗਾਰ ਦੇ ਕਿੰਨੇ ਹੀ ਮੌਕੇ ਦਿਖਾਈ ਦੇਣ ਲੱਗ ਪੈਣਗੇ।

# ਫ਼ਿਕਰਮੰਦ ਨਾਗਰਿਕਾਂ ਅਤੇ ਜਥੇਬੰਦੀਆਂ ਨੇ ਲਿਖੀ ਸਾਂਝੀ ਚਿੱਠੀ

## ਆਦਿਵਾਸੀ ਇਲਾਕਿਆਂ ਵਿਚ ਕਤਲੇਆਮ ਰੋਕਣ ਲਈ ਰਾਸ਼ਟਰਪਤੀ ਦੇ ਦਖ਼ਲ ਦੀ ਕੀਤੀ ਮੰਗ

**ਵੱਲ: ਰਾਸ਼ਟਰਪਤੀ, ਰਾਸ਼ਟਰਪਤੀ ਭਵਨ, ਨਵੀਂ ਦਿੱਲੀ-110004**



**ਵਿਸ਼ਾ: ਆਦਿਵਾਸੀ ਖੇਤਰਾਂ ਵਿੱਚ ਚੱਲ ਰਹੀਆਂ ਫ਼ੌਜੀ ਮੁਹਿੰਮਾਂ ਨੂੰ ਰੋਕਣ ਅਤੇ ਯੁੱਧਬੰਦੀ ਯਕੀਨੀਂ ਬਣਾਉਣ ਲਈ ਫੌਰੀ ਅਪੀਲ**

ਅਸੀਂ ਤੁਹਾਨੂੰ ਇੱਕ ਅਤਿਅੰਤ ਗੰਭੀਰ ਮੋੜ 'ਤੇ ਚਿੱਠੀ ਲਿਖ ਰਹੇ ਹਾਂ, ਜਦੋਂ ਬਸਤਰ (ਛੱਤੀਸਗੜ੍ਹ), ਗੜ੍ਹਚਿਰੌਲੀ (ਮਹਾਰਾਸ਼ਟਰ), ਪੱਛਮੀ ਸਿੰਘਭੂਮ (ਝਾਰਖੰਡ) ਅਤੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਆਦਿਵਾਸੀ ਭਾਈਚਾਰਿਆਂ ਦੇ ਸੰਵਿਧਾਨਕ ਅਧਿਕਾਰ ਅਤੇ ਉਨ੍ਹਾਂ ਦੀ ਜ਼ਿੰਦਗੀ ਇੱਕ ਵਿਆਪਕ ਅਤੇ ਤਤਕਾਲੀ ਖ਼ਤਰੇ ਦੇ ਮੂੰਹ ਆਈ ਹੋਈ ਹੈ। ਬਸਤਰ ਖੇਤਰ ਵਿੱਚ ਫੌਜੀਕਰਨ ਵਿੱਚ ਭਾਰੀ ਵਾਧਾ ਅਤੇ ਮੁਹਿੰਮਾਂ ਤੇਜ਼ ਕੀਤੇ ਜਾਣ ਕਾਰਨ ਜਨਵਰੀ 2024 ਤੋਂ ਹੁਣ ਤੱਕ 400 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ ਆਮ ਨਾਗਰਿਕ ਅਤੇ ਬੱਚੇ ਵੀ ਸ਼ਾਮਿਲ ਹਨ। ਇਨ੍ਹਾਂ ਵਿੱਚੋਂ ਕਈ ਮੌਤਾਂ ਨੂੰ ਫਰਜ਼ੀ ਮੁਕਾਬਲੇ ਕਿਹਾ ਜਾ ਰਿਹਾ ਹੈ।



ਭਾਰਤ ਦੀ ਸੰਵਿਧਾਨਕ ਮੁਖੀ ਅਤੇ ਦੇਸ਼ ਦੀ ਪਹਿਲੀ ਆਦਿਵਾਸੀ ਰਾਸ਼ਟਰਪਤੀ ਹੋਣ ਦੇ ਨਾਤੇ, ਤੁਹਾਡੇ ਕੋਲ ਇੱਕ ਵਿਸ਼ੇਸ਼ ਨੈਤਿਕ ਅਤੇ ਰਾਜਨੀਤਕ ਜ਼ਿੰਮੇਵਾਰੀ ਹੈ। ਵਧਦੀ ਹਿੰਸਾ ਅਤੇ ਇਸ ਦੇ ਨਤੀਜੇ ਵਜੋਂ ਸੈਂਕੜਿਆਂ ਲੋਕਾਂ ਦੀ ਜਾਨ ਜਾਣ ਦੇ ਇਸ ਦੌਰ ਵਿੱਚ ਤੁਹਾਡੀ ਆਵਾਜ਼ ਅਤੇ ਫੌਰੀ ਦਖ਼ਲ ਦੀ ਅਤਿਅੰਤ ਲੋੜ ਹੈ, ਜਿਸ ਨਾਲ ਸਰਕਾਰ ਨੂੰ ਇਹ ਸਮਝਾਇਆ ਜਾ ਸਕੇ ਕਿ ਇਸ ਟਕਰਾਅ ਦਾ ਹੱਲ ਸੰਵਾਦ ਹੋਣਾ ਚਾਹੀਦਾ ਹੈ।

ਅਸੀਂ ਇਸ ਚਿੱਠੀ ਨਾਲ ਇੱਕ ਜਨਤਕ ਮੰਗ-ਪੱਤਰ ਨੱਥੀ ਕਰ ਰਹੇ ਹਾਂ, ਜਿਸ ਨੂੰ ਦੇਸ਼ ਭਰ ਦੀਆਂ ਸੈਂਕੜੇ ਜਥੇਬੰਦੀਆਂ ਅਤੇ ਵਿਅਕਤੀਆਂ ਦੀ ਹਮਾਇਤ ਪ੍ਰਾਪਤ ਹੈ। ਇਸ ਮੰਗ-ਪੱਤਰ ਵਿੱਚ ਤੁਹਾਨੂੰ ਭਾਰਤ ਸਰਕਾਰ ਨੂੰ ਇਹ ਸਲਾਹ ਦੇਣ ਦੀ ਗੁਜ਼ਾਰਿਸ਼ ਕੀਤੀ ਗਈ ਹੈ ਕਿ ਸਰਕਾਰ ਤੁਰੰਤ ਅਤੇ ਬਿਨਾਂ ਕਿਸੇ ਸ਼ਰਤ ਦੇ ਯੁੱਧਬੰਦੀ ਦਾ ਐਲਾਨ ਕਰੇ ਅਤੇ ਸੀਪੀਆਈ (ਮਾਓਵਾਦੀ) ਨਾਲ ਤੁਰੰਤ ਸ਼ਾਂਤੀ ਵਾਰਤਾਵਾਂ ਸ਼ੁਰੂ ਕਰੇ।

ਪਿਛਲੇ ਹਫ਼ਤਿਆਂ ਵਿੱਚ, ਭਾਕਪਾ (ਮਾਓਵਾਦੀ) ਨੇ ਤਿੰਨ ਜਨਤਕ ਬਿਆਨ ਜਾਰੀ ਕੀਤੇ ਹਨ, ਜਿਨ੍ਹਾਂ ਵਿੱਚ ਉਨ੍ਹਾਂ ਨੇ ਯੁੱਧਬੰਦੀ ਅਤੇ ਸ਼ਾਂਤੀ ਵਾਰਤਾਵਾਂ ਲਈ ਆਪਣੀ ਤਿਆਰੀ ਦਰਸਾਈ ਹੈ—ਸ਼ਰਤ ਇਹ ਕਿ ਸਰਕਾਰ ਹਥਿਆਰਬੰਦ ਮੁਹਿੰਮਾਂ ਨੂੰ ਰੋਕੇ। ਹਾਲ ਹੀ ਵਿੱਚ, ਮਾਓਵਾਦੀ ਨੇਤਾ ਰੂਪੇਸ਼ ਨੇ "ਬਸਤਰ ਟਾਕੀਜ਼"—ਇੱਕ ਚਰਚਿਤ ਯੂਟਿਊਬ ਚੈਨਲ—ਨਾਲ ਇੰਟਰਵਿਊ ਵਿੱਚ (ਜੋ 22 ਅਪ੍ਰੈਲ 2025 ਨੂੰ ਅੱਪਲੋਡ ਕੀਤੀ ਗਈ) ਇਹ ਐਲਾਨ ਕੀਤਾ ਕਿ ਪਾਰਟੀ ਨੇ ਆਪਣੇ ਕਾਡਰਾਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਕਿਸੇ ਵੀ ਕਿਸਮ ਦੀ ਹਿੰਸਾਤਮਕ ਕਾਰਵਾਈ ਤੋਂ ਪਰਹੇਜ਼ ਕਰਨ, ਸਿਵਾਏ ਉਨ੍ਹਾਂ ਹਾਲਾਤਾਂ ਦੇ ਜਿੱਥੇ ਉਹ ਘਿਰ ਜਾਂਦੇ ਹਨ ਅਤੇ ਟਾਕਰਾ ਕਰਨ ਲਈ ਮਜਬੂਰ ਹੋ ਜਾਂਦੇ ਹਨ। ਇਹ ਇਕਤਰਫ਼ਾ ਯੁੱਧਬੰਦੀ ਦੇ ਬਰਾਬਰ ਹੈ।

ਹੁਣ ਇਹ ਭਾਰਤ ਸਰਕਾਰ ਅਤੇ ਸੰਬੰਧਤ ਰਾਜ ਸਰਕਾਰਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਾਰੀਆਂ ਹਥਿਆਰਬੰਦ ਮੁਹਿੰਮਾਂ ਫੌਰਨ ਰੋਕਣ ਅਤੇ ਯੁੱਧਬੰਦੀ ਲਈ ਸਹਿਮਤ ਹੋਣ। ਹਾਲਾਂਕਿ ਸਰਕਾਰ ਨੇ "ਬਿਨਾਂ ਸ਼ਰਤ" ਗੱਲਬਾਤ ਲਈ ਖੁੱਲ੍ਹਦਿਲੀ ਦਾ ਦਾਅਵਾ ਕੀਤਾ ਹੈ, ਪਰ ਅਮਲ ਵਿੱਚ ਉਨ੍ਹਾਂ ਨੇ ਕੁਝ ਪੂਰਵ-ਸ਼ਰਤਾਂ ਥੋਪ ਦਿੱਤੀਆਂ ਹਨ—ਜਿਵੇਂ ਕਿ ਆਤਮ ਸਮਰਪਣ ਅਤੇ ਮੁੱਖ ਧਾਰਾ ਵਿੱਚ ਸ਼ਾਮਲ ਹੋਣ ਦੀ ਮੰਗ। ਇਸ ਦੌਰਾਨ, ਫੌਜੀ ਮੁਹਿੰਮਾਂ ਵਿੱਚ ਭਾਰੀ ਤੇਜ਼ੀ ਆਈ ਹੈ। ਸਾਡੀ ਨਜ਼ਰ 'ਚ, ਇਹ ਗੱਲਬਾਤ ਦੀ ਤਜਵੀਜ਼ ਦੇ ਜਵਾਬ ਵਿੱਚ ਸ਼ਾਂਤੀ ਲਈ ਵਚਨਬੱਧ ਸਰਕਾਰ ਦੀ ਕਾਰਵਾਈ ਨਹੀਂ ਹੈ। ਜੋ ਕੁਝ ਵੀ ਸਾਹਮਣੇ ਆ ਰਿਹਾ ਹੈ, ਉਹ ਰਾਜ ਵੱਲੋਂ ਚਲਾਈ ਜਾ ਰਹੀ ਮੁਹਿੰਮ ਹੈ, ਜਿਸਦਾ ਉਦੇਸ਼ ਰਾਜਨੀਤਕ ਹੱਲ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਖਤਮ ਕਰਨਾ ਹੈ।

ਇਸ ਵੇਲੇ, ਸਰਕਾਰ ਵੱਲੋਂ ਬਿਨਾਂ ਸ਼ਰਤ ਯੁੱਧਬੰਦੀ ਦਾ ਐਲਾਨ ਸੰਵਿਧਾਨਕ ਲੋੜ ਹੈ। ਇਹੀ ਇੱਕੋਇਕ ਪਾਏਦਾਰ ਰਸਤਾ ਹੈ ਜਿਸ ਰਾਹੀਂ ਹਿੰਸਾ ਨੂੰ ਰੋਕਿਆ ਜਾ ਸਕਦਾ ਹੈ, ਆਦਿਵਾਸੀ ਭਾਈਚਾਰਿਆਂ ਦਾ ਵਿਸ਼ਵਾਸ ਮੁੜ ਬਣਾਇਆ ਜਾ ਸਕਦਾ ਹੈ, ਅਤੇ ਨਿਆਂ, ਸ਼ਾਂਤੀ ਅਤੇ ਲੋਕਤੰਤਰੀ ਮੁੱਲਾਂ ਪ੍ਰਤੀ ਰਾਜ ਦੀ ਵਚਨਬੱਧਤਾ ਨੂੰ ਮੁੜ ਸਾਬਤ ਕੀਤਾ ਜਾ ਸਕਦਾ ਹੈ। ਜੋ ਮੂਲ ਰੂਪ 'ਚ ਰਾਜਨੀਤਕ ਸੰਕਟ ਹੈ, ਜਿਸ ਦੀਆਂ ਭਾਈਚਾਰਿਆਂ ਦੇ ਉਜਾੜੇ ਅਤੇ ਉਨ੍ਹਾਂ ਨੂੰ ਹਾਸ਼ੀਏ 'ਤੇ ਧੱਕੇ ਜਾਣ ਦੇ ਅਮਲ ਨਾਲ ਜੁੜੀਆਂ ਹੋਈਆਂ ਹਨ, ਪ੍ਰਤੀ ਸਰਕਾਰ ਦੇ ਫ਼ੌਜੀ ਪ੍ਰਤੀਕਰਮ ਨੇ ਅਪਾਰ ਅਤੇ ਸਥਾਈ ਨੁਕਸਾਨ ਪਹੁੰਚਾਇਆ ਹੈ।

ਇਸ ਘਟਨਾਕ੍ਰਮ ਅਤੇ ਇਨ੍ਹਾਂ ਰਾਹੀਂ ਉਠਾਏ ਗਏ ਗੰਭੀਰ ਸੰਵਿਧਾਨਕ ਮੁੱਦਿਆਂ ਦੇ ਮੱਦੇਨਜ਼ਰ, ਅਸੀਂ ਤੁਹਾਡਾ ਧਿਆਨ ਸੰਵਿਧਾਨ ਦੀ ਪੰਜਵੀਂ ਅਨੁਸੂਚੀ ਦੇ ਨਾਲ ਨਾਲ ਧਾਰਾ 339(1) ਅਤੇ 275(1) ਵੱਲ ਦਿਵਾਉਣਾ ਚਾਹੁੰਦੇ ਹਾਂ। ਇਨ੍ਹਾਂ ਤਹਿਤ ਤੁਹਾਨੂੰ ਆਦਿਵਾਸੀਆਂ ਦੀ ਭਲਾਈ ਅਤੇ ਅਨੁਸੂਚਿਤ ਖੇਤਰਾਂ ਦੇ ਸ਼ਾਸਨ (ਗਵਰਨੈਂਸ) ਨਾਲ ਸੰਬੰਧਤ ਸਾਫ਼ ਸੰਵਿਧਾਨਕ ਨਿਰਦੇਸ਼ ਪ੍ਰਾਪਤ ਹਨ। ਮੌਜੂਦਾ ਸੰਕਟ ਦੀ ਵਿਆਪਕਤਾ ਅਤੇ ਇਸ ਵੱਲ ਧਿਆਨ ਦੇਣ ਦੀ ਅਤਿਅੰਤ ਜ਼ਰੂਰਤ ਨੂੰ ਦੇਖਦੇ ਹੋਏ, ਇਨ੍ਹਾਂ ਉਪਬੰਧਾਂ ਦੇ ਤਹਿਤ ਤੁਹਾਡੇ ਅਹੁਦੇ ਨੂੰ ਦਿੱਤੀਆਂ ਸੰਵਿਧਾਨਕ ਜ਼ਿੰਮੇਵਾਰੀਆਂ ਤਹਿਤ ਹੁਣ ਤੁਰੰਤ ਅਤੇ ਦ੍ਰਿੜ ਕਾਰਵਾਈ ਦੀ ਲੋੜ ਹੈ।

ਅਸੀਂ ਤੁਹਾਨੂੰ ਅਪੀਲ ਕਰਦੇ ਹਾਂ ਕਿ ਤੁਸੀਂ ਭਾਰਤ ਸਰਕਾਰ ਨੂੰ ਫ਼ੌਜੀ ਮੁਹਿੰਮਾਂ ਨੂੰ ਰੋਕਣ, ਅਨੁਸੂਚਿਤ ਖੇਤਰਾਂ ਦੀ ਸੁਰੱਖਿਆ ਯਕੀਨੀ ਬਣਾਉਣ, ਅਤੇ ਸਥਾਨਕ ਆਦਿਵਾਸੀਆਂ ਨੂੰ ਸ਼ਾਮਲ ਕਰਦੇ ਹੋਏ ਸੱਚੀ ਸ਼ਾਂਤੀ ਪ੍ਰਕਿਰਿਆ ਸ਼ੁਰੂ ਕਰਨ ਲਈ ਆਪਣਾ ਪ੍ਰਭਾਵ ਪਾਓ। ਤੁਹਾਡਾ ਦਖ਼ਲ ਇਹ ਨਿਰਧਾਰਤ ਕਰ ਸਕਦਾ ਹੈ ਕਿ ਇਸ ਪਲ ਤੋਂ ਬਾਅਦ ਹੋਰ ਖ਼ੂਨ-ਖਰਾਬਾ ਹੋਵੇਗਾ ਜਾਂ ਇਕ ਨੈਤਿਕ ਅਤੇ ਸੰਵਿਧਾਨਕ ਹੱਲ ਦਾ ਰਾਹ ਖੁੱਲ੍ਹੇਗਾ।

ਇਸ ਉਦੇਸ਼ ਵਾਸਤੇ ਅਸੀਂ ਤਮਾਮ ਸੰਜੀਦਾ ਅਤੇ ਲੋਕਤੰਤਰੀ ਕੋਸ਼ਿਸ਼ਾਂ ਦੀ ਹਮਾਇਤ ਕਰਨ ਲਈ ਵਚਨਬੱਧ ਹਾਂ।

ਨਿਆਂ ਪ੍ਰਤੀ ਇਕਮੁੱਠਤਾ ਅਤੇ ਵਚਨਬੱਧਤਾ ਸਹਿਤ,

ਮੈਮੋਰੈਂਡਮ ਉੱਪਰ ਦਸਖ਼ਤ ਕਰਨ ਵਾਲੇ ਸਾਰੇ ਲੋਕਾਂ ਦੇ ਵੱਲੋਂ

- **ਪ੍ਰੋ. ਜੀ. ਹਰਗੋਪਾਲ, ਸ਼ਾਂਤੀ ਅਤੇ ਸੰਵਾਦ ਕਮੇਟੀ, ਤੇਲੰਗਾਨਾ।**
- **ਸੋਨੀ ਸੋਰੀ, ਆਦਿਵਾਸੀ ਕਾਰਕੁਨ, ਦੰਤੇਵਾੜਾ, ਛੱਤੀਸਗੜ੍ਹ।**
- **ਬੇਲਾ ਭਾਟੀਆ, ਛੱਤੀਸਗੜ੍ਹ ਬਚਾਓ ਅੰਦੋਲਨ।**
- **ਕਵਿਤਾ ਸ਼੍ਰੀਵਾਸਤਵ, ਪੀਪਲਜ਼ ਯੂਨੀਅਨ ਫਾਰ ਸਿਵਿਲ ਲਿਬਰਟੀਜ਼ (ਪੀਯੂਸੀਐੱਲ)**
- **ਕ੍ਰਾਂਤੀ ਚੈਤੰਨਯਾ, ਕੋਲੀਸ਼ਨ ਆਫ ਡੈਮੋਕ੍ਰੈਟਿਕ ਰਾਈਟਸ ਆਰਗਨਾਈਜ਼ੇਸ਼ਨਜ਼ (ਸੀਡੀਆਰਓ)**
- **ਪਰਮਿੰਦਰ ਸਿੰਘ, ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ, ਪੰਜਾਬ**

**ਮਿਤੀ: 24 ਅਪ੍ਰੈਲ 2025**

**[ਪੇਸ਼ਕਸ਼ : ਬੂਟਾ ਸਿੰਘ ਮਹਿਮੂਦਪੁਰ]**

# ਜ਼ਿਲ੍ਹੇ ਵਿਚ ਹੁਣ ਤੱਕ 137807 ਮੀਟ੍ਰਿਕ ਟਨ ਕਣਕ ਦੀ ਹੋਈ ਖ਼ਰੀਦ

## ਕਿਸਾਨਾਂ ਨੂੰ ਸੁੱਕੀ ਫ਼ਸਲ ਹੀ ਮੰਡੀਆਂ ਵਿਚ ਲਿਆਉਣ ਦੀ ਅਪੀਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕਣਕ ਦੇ ਸਮੁੱਚੇ ਸੀਜ਼ਨ ਦੌਰਾਨ ਅਨਾਜ ਮੰਡੀਆਂ ਵਿਚ ਆਪਣੀ ਜਿਨਸ ਵੇਚਣ ਲਈ ਆਉਣ ਵਾਲੇ ਕਿਸਾਨਾਂ ਦੀ ਹਰ ਪੱਖੋਂ ਸੁਵਿਧਾ ਨੂੰ ਯਕੀਨੀ ਬਣਾਉਣ ਦੇ ਦਿੱਤੇ ਦਿਸ਼ਾ-ਨਿਰਦੇਸ਼ਾਂ ਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀਆਂ ਮੰਡੀਆਂ ਵਿਚ ਸੁਚਾਰੂ ਢੰਗ ਨਾਲ ਨੇਪਰੇ ਚੜ੍ਹਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਅੱਜ ਸ਼ਾਮ ਤੱਕ ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਵਿਚ ਆਈ ਸਾਰੀ 137807 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ ਅਤੇ ਸਰਕਾਰ ਵੱਲੋਂ ਕੀਤੇ ਪ੍ਰਬੰਧਾਂ ਤੋਂ ਕਿਸਾਨ ਖੁਸ਼ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਣ ਤੱਕ ਪਨਗਰੇਨ ਵੱਲੋਂ 32680 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 35660 ਮੀਟ੍ਰਿਕ ਟਨ, ਪਨਸਪ ਵੱਲੋਂ 33589 ਮੀਟ੍ਰਿਕ ਟਨ, ਪੰਜਾਬ ਸਟੇਟ ਵੇਅਰਹਾਊਸ ਕਾਰਪੋਰੇਸ਼ਨ ਵੱਲੋਂ 21364 ਮੀਟ੍ਰਿਕ ਟਨ, ਐਫ.ਸੀ.ਆਈ ਵੱਲੋਂ 11683 ਮੀਟ੍ਰਿਕ ਟਨ ਅਤੇ ਵਪਾਰੀਆਂ ਵੱਲੋਂ 2831 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਖ਼ਰੀਦੀ ਫ਼ਸਲ ਦੀ 308.99 ਕਰੋੜ ਰੁਪਏ ਦੀ ਅਦਾਇਗੀ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਣਕ ਦੇ ਖ਼ਰੀਦ ਸੀਜ਼ਨ ਨੂੰ ਸੁਚਾਰੂ ਅਤੇ ਨਿਰਵਿਘਨ ਢੰਗ ਨਾਲ ਨੇਪਰੇ ਚਾੜ੍ਹਨ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਧਿਕਾਰੀਆਂ ਨੂੰ ਕਿਸਾਨਾਂ ਦੀ ਸਹੂਲਤ ਲਈ ਪੀਣ ਵਾਲੇ ਪਾਣੀ ਦੀ ਉਪਲਬੱਧਤਾ, ਸਾਫ-ਸਫਾਈ, ਬੈਠਣ ਵਾਸਤੇ ਪ੍ਰਬੰਧਾਂ, ਬਾਥਰੂਮਾਂ ਦੀ ਸਫ਼ਾਈ ਸਮੇਤ ਹੋਰ ਪੁਖ਼ਤਾ ਪ੍ਰਬੰਧ ਯਕੀਨੀ ਬਣਾਉਣ ਦੇ ਨਿਰਦੇਸ਼



ਦਿੱਤੇ ਗਏ ਹਨ ਅਤੇ ਸਮੁੱਚੇ ਸੀਜਨ ਦੌਰਾਨ ਕਿਸੇ ਵੀ ਧਿਰ ਨੂੰ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸੁਚਾਰੂ ਅਤੇ ਨਿਰਵਿਘਨ ਖ਼ਰੀਦ ਲਈ ਸੁੱਕੀ ਕਣਕ ਹੀ ਲੈ ਕੇ ਆਉਣ ਅਤੇ ਕਣਕ ਦੇ ਨਾੜ ਅਤੇ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ।

# *ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ ਤਹਿਤ ਵਿਸ਼ਵ ਮਲੇਰੀਆ ਦਿਵਸ ਮਨਾਇਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com

ਮੋਰਿੰਡਾ 25 ਅਪ੍ਰੈਲ (ਹਰਦਿਆਲ ਸਿੰਘ ਸੰਧੂ) ਡਾ.ਤਰਸੇਮ ਸਿੰਘ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ ਤਹਿਤ ਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਸੈਕਟਰ ਕਾਈਨੌਰ ਅਤੇ ਮੜੌਲੀ ਕਲਾਂ ਅਧੀਨ ਵੱਖ-ਥਾਂਵਾ ਅਤੇ ਸਕੂਲਾਂ ਵਿੱਚ ਵਿਸ਼ਵ ਮਲੇਰੀਆ ਦਿਵਸ ਮਨਾਇਆ ਗਿਆ। ਇਸ ਮੌਕੇ ਤੇ ਲਖਮਿੰਦਰ ਸਿੰਘ ਨੇ ਕਿਹਾ ਕਿ ਮਲੇਰੀਏ ਬਾਰੇ ਲੋਕਾਂ









ਵਿੱਚ ਜਾਗਰੂਕਤਾ ਫੈਲਾਉਣਾ ਅਤੇ ਇਸਦੀ ਰੋਕਥਾਮ ਵੱਲ ਧਿਆਨ ਕੇਂਦਰਤ ਕਰਨਾ ਵੀ ਜਰੂਰੀ ਹੈ। ਮਲੇਰੀਆ ਇੱਕ ਘਾਤਕ ਬਿਮਾਰੀ ਹੈ ਜੋ ਮੁੱਖ ਤੌਰ ਤੇ ਮਾਦਾ ਐਨੋਫਿਲੀਜ ਮੱਛਰ ਦੇ ਕੱਟਣ ਰਾਹੀਂ ਫੈਲਦੀ ਹੈ। ਇਹ ਬਿਮਾਰੀ ਪਲਾਸਮੋਡਿਯਮ ਪਰਜੀਵੀ ਕਰਕੇ ਹੁੰਦੀ ਹੈ ਜੋ ਮਨੁੱਖੀ ਰਕਤ ਵਿੱਚ ਘੁੱਲ ਕੇ ਲਿਵਰ ਅਤੇ ਲਾਲ ਰਕਤ ਕੋਸ਼ਿਕਾਵਾਂ ਨੂੰ ਪ੍ਰਭਾਵਿਤ ਕਰਦਾ ਹੈ। ਇਸ ਮੌਕੇ ਤੇ ਰਾਮ ਸਰਨ ਨੇ ਕਿਹਾ ਕਿ ਮਲੇਰੀਆ ਦੇ ਮੁੱਖ ਲੱਛਣਾਂ ਵਿੱਚ ਉੱਚ ਬੁਖਾਰ, ਕੰਪਕੰਪੀ, ਪਸੀਨਾ, ਥਕਾਵਟ, ਸਿਰ ਦਰਦ ਅਤੇ ਕਈ ਵਾਰੀ ਉਲਟੀਆਂ ਸ਼ਾਮਲ ਹਨ। ਜੇ ਸਮੇਂ 'ਤੇ ਇਲਾਜ ਨਾ ਕਰਵਾਇਆ ਜਾਵੇ, ਤਾਂ ਇਹ ਬਿਮਾਰੀ ਜਾਨਲੇਵਾ ਸਾਬਤ ਹੋ ਸਕਦੀ ਹੈ। ਇਸ ਮੌਕੇ ਤੇ ਨਰਿੰਦਰ ਸਿੰਘ ਹੈਲਥ ਵਰਕਰ, ਬੇਅੰਤ ਸਿੰਘ ਹੈਲਥ ਵਰਕਰ, ਹਰਜੀਤ ਕੌਰ ਸੀ.ਅਚ.ਓ, ਮਨਪ੍ਰੀਤ ਕੌਰ ਏ.ਐਨ.ਐਮ ਅਤੇ ਹੋਰ ਪਤਵੰਤੇ ਸੱਜਣ ਹਾਜਰ ਸਨ।

# ਡਾ ਅੰਬੇਡਕਰ ਮਿਸ਼ਨ ਸੋਸਾਇਟੀ ਬੰਗਾ ਵੱਲੋਂ ਭਾਰਤ ਰਤਨ ਭੀਮ ਰਾਓ ਅੰਬੇਦਕਰ ਜੀ ਦਾ 134 ਵਾਂ ਜਨਮ ਦਿਨ ਮੁਕਤ ਪੁਰਾ ਵਿਖੇ ਮਨਾਇਆ ਜਾਵੇਗਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com

ਬੰਗਾ (ਚਰਨਜੀਤ ਸੱਲ੍ਹਾ )ਡਾ . ਅੰਬੇਡਕਰ ਮਿਸ਼ਨ ਸੋਸਾਇਟੀ ਬੰਗਾ ਵੱਲੋਂ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਜੀ ਨੇ 134 ਵੇ ਜਨਮ ਦਿਵਸ ਨੂੰ ਸਮਰਪਿਤ ਇੱਕ ਮਿਸ਼ਨਰੀ ਪ੍ਰੋਗਰਾਮ ਮਿਤੀ 27 ਅਪ੍ਰੈਲ ਦਿਨ ਐਤਵਾਰ ਨੂੰ ਦਾ ਭੀਮ ਰਾਓ ਅੰਬੇਡਕਰ ਪਾਰਕ ਮਹਲਾ ਮੁਕਤਪੁਰਾ ਬੰਗਾ ਵਿਖੇ ਰਾਤ 7 ਵਜੇ ਤੋਂ ਦੇਰ ਰਾਤ ਤੱਕ ਬੜੀ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਬਸਪਾ ਪੰਜਾਬ ਪ੍ਰਧਾਨ ਆਪਣੇ ਵਿਚਾਰ ਪੇਸ਼ ਕਰਨਗੇ ਅਤੇ ਮਿਸ਼ਨਰੀ ਕਲਾਕਾਰ ਆਪਣੇ ਵਿਚਾਰ ਪੇਸ਼ ਕਰਨਗੇ ਅਤੇ ਮਿਸ਼ਨਰੀ ਕਲਾਕਾਰ ਗੋਲਡੀ ਮਲਕ, ਰਜਨੀ ਠਕਰਵਾਲ ਮਿਸ਼ਨਰੀ ਗੀਤਾਂ ਨਾਲ ਹਾਜ਼ਰੀ ਲਵਾਉਗੇ ਇਸ ਮੌਕੇ ਹੋਣਹਾਰ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ।। ਚਾਹ ਪਕੌੜਿਆਂ ਦਾ ਲੰਗਰ ਅਟੁੱਟ ਵਰਤੇਗਾ ਇਸ ਪ੍ਰੋਗਰਾਮ ਦੀ ਅਗਵਾਈ ਪ੍ਰਧਾਨ ਰਵਿੰਦਰ ਮਹਿਮੀ ਉਪ ਪ੍ਰਧਾਨ ਮਨਜੀਤ ਚੁੰਬਰ, ਸਕੱਤਰ ਪਰਸ਼ੋਤਮ ਸਲਣ, ਸਹ ਸਕੱਤਰ ਭੁਪੇਸ਼ ਕੁਮਾਰ, ਖਜਾਨਚੀ ਹਰਜਿੰਦਰ ਸੇਨੂ, ਵਿਪਨ ਕੁਮਾਰ, ਮੀਡੀਆ ਸਲਾਹਕਾਰ ਦਿਨੇਸ਼ ਮਿੱਕੂ, ਕਾਨੂੰਨੀ ਸਲਾਹਕਾਰ ਪ੍ਰਕਾਸ਼ ਰਾਮ, ਵਿਜੇ ਮਜਾਰੀ, ਤਿਲਕ ਰਾਜ ਅਤੇ ਸਮੂਹ ਕਮੇਟੀ ਮੈਂਬਰ ਕਰਨਗੇ



# ਜੰਮੂ ਕਸ਼ਮੀਰ ਚ ਹੋਏ ਸੈਲਾਨੀਆਂ ਤੇ ਦਹਿਸ਼ਤੀ ਹਮਲਾ ਅਤੀ ਨਿੰਦਣਯੋਗ ਵਰਿੰਦਰ ਕੁਮਾਰ ਬੈਣੀ, ਲੱਕੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਅਪ੍ਰੈਲ INTERNATIONAL PAPER, 9463601616 hardipchumber57@gmail.com



ਨਾਭਾ 25 ਅਪ੍ਰੈਲ (ਬਾਂਗਾਂ) ਬੀਤੇ ਦਿਨ ਹੀ ਜੰਮੂ ਕਸ਼ਮੀਰ ਵਿੱਚ ਅੱਤਵਾਦੀਆਂ ਵੱਲੋਂ ਨਿਰਦੋਸ਼ ਲੋਕਾਂ ਤੇ ਹਮਲਾ ਕੀਤਾ ਗਿਆ ਇਸ ਹਮਲੇ ਵਿੱਚ ਕਈ ਵਿਅਕਤੀਆਂ ਦੀ ਜਾਨ ਚਲੀ ਗਈ ਅਤੇ ਕਈ ਵਿਅਕਤੀ ਜ਼ਖਮੀ ਹੋਏ ਹਨ ਇਸ ਹਮਲੇ ਦੇ ਮੱਦੇਨਜ਼ਰ ਅੱਜ ਨਾਭਾ ਦੇ ਦੀ ਕਲਾਸ ਫੋਰਥ ਗੋਰਮਿੰਟ ਇਮਪਲਾਈਜ ਪੰਜਾਬ ਤਹਿਸੀਲ ਬ੍ਰਾਂਚ ਨਾਭਾ ਪ੍ਰਧਾਨ ਵਰਿੰਦਰ ਕੁਮਾਰ ਬੈਣੀ ਤਹਿਸੀਲ ਸਕੱਤਰ ਲਖਵੀਰ ਸਿੰਘ ਲੱਕੀ ਵੱਲੋਂ ਪਾਕਿਸਤਾਨ ਦੇ ਖਿਲਾਫ ਮੁਰਦਾਬਾਦ ਦੇ ਨਾਰੇ ਲਗਾਏ ਗਏ ਉਹਨਾਂ ਵੱਲੋਂ ਕਿਹਾ ਗਿਆ ਜੀ ਜਿਹੜੀ ਜੰਮੂ ਕਸ਼ਮੀਰ ਵਿੱਚ ਸੈਲਾਨੀਆਂ ਤੇ ਹੋਏ ਆਤਕੀ ਹਮਲੇ ਦੀ ਸਖਤ ਸ਼ਬਦਾਂ ਵਿੱਚ ਅਸੀਂ ਨਿਖੇਤੀ ਕਰਦੇ ਹਾਂ ਅਤੇ ਜਿੰਨੇ ਵੀ ਵਿਅਕਤੀ ਸ਼ਹੀਦ ਹੋਏ ਨੇ ਤੇ ਜਿਹੜੇ ਜ਼ਖਮੀ ਹੋਏ ਨੇ ਉਹਨਾਂ ਦੇ ਪਰਿਵਾਰ ਨਾਲ ਤਹਿ ਦਿਲੋਂ ਹਮਦਰਦੀ ਪ੍ਰਗਟ ਕਰਦੇ ਹਾਂ ਉਹਨਾਂ ਵੱਲੋਂ ਕਿਹਾ ਗਿਆ ਕਿ ਇਹ ਜਿਹੇ ਦੋਸ਼ੀਆਂ ਤੇ ਸਖਤ ਕਾਰਵਾਈ ਕੀਤੀ ਜਾਵੇ ਤਾਂ ਜੋ ਅੱਗੇ ਤੋਂ ਇਹੋ ਜਿਹੀ ਦੁਖਦਾਈ ਘਟਨਾ ਰੋਕਿਆ ਜਾ ਸਕਣ ਆਦੀ ਹਾਜ਼ਰ ਸਨ PSSF ਤਹਿਸੀਲ ਸਕੱਤਰ ਕਮਲ ਯਾਦਵ ਜੰਗਲਾਤ ਪ੍ਰਧਾਨ ਬਲਵਿੰਦਰ ਸਿੰਘ, ਡੈਰੀ ਫਾਰਮ ਪ੍ਰਧਾਨ ਸਿਕੰਦਰ ਸਿੰਘ , ਵਾਟਰ ਸਪਲਾਈ ਨਗਰ ਕੌਂਸਲ ਨਾਭਾ ਪ੍ਰਧਾਨ ਹੈਪੀ ਸਿੱਧੂ ਤਹਿਸੀਲ ਲੀਗਲ ਐਡਵਾਈਜ਼ਰ ਸ਼ਾਮ ਸਿੰਘ ਐਡਵੋਕੇਟ , ਫੂਡ ਸਪਲਾਈ ਪ੍ਰਧਾਨ ਮਹਿੰਦਰ ਸਿੰਘ , ਰਿ. ਆਗੂ ਬਲਵਿੰਦਰ ਸਿੰਘ PWD, ਜਰਨੈਲ ਸਿੰਘ PWD ਸਿਮਰਨ ਸਿੰਘ PWD ਕੇਵਲ ਸਿੰਘ ਪ੍ਰਕਾਸ਼ ਸਿੰਘ ਤਰਸੇਮ ਸਿੰਘ ਬਾਬੂ ਸਿੰਘ ਸੁਖਵਿੰਦਰ ਸਿੰਘ ਅਮਿਤ ਮਹਿਰਾ ਸੰਦੀਪ ਕੁਮਾਰ ਲਖਵਿੰਦਰ ਚੰਦ ਹਰਿੰਦਰਜੀਤ ਸਿੰਘ, ਹੇਮਰਾਜ PWD

# ਜਿਲਿਆ ਸਿੱਖਿਆ ਤੇ ਸਿਖਲਾਈ ਸੰਸਥਾ ਵਿੱਚ ਵਿਦਿਆਰਥੀਆਂ ਦੀ ਵਿਦਾਇਗੀ ਸਮਾਰੋਹ ਦਾ ਆਯੋਜਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਅਪ੍ਰੈਲ INTERNATIONAL PAPER, 9463601616 hardipchumber57@gmail.com




ਨਾਭਾ 25 ਅ ਪ੍ਰੈ ਲ ( ਬਾਂ ਗਾਂ / ਬੇ ਅੰ ਤ ਸਿੰਘ ਰੋਹਟੀ ਖਾਸ) ਅੱਜ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਨਾਭਾ ਵਿਖੇ ਡਿਪਲੋਮਾ ਇਨ ਐਲੀਮੈਂਟਰੀ ਐਜੂਕੇਸ਼ਨ ਭਾਗ ਦੂਜਾ ਦੇ ਵਿਦਿਆਰਥੀਆਂ ਦਾ ਵਿਦਾਇਗੀ ਸਮਾਰੋਹ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਸ੍ਰੀਮਤੀ ਸੁਜਾਤਾ ਚਾਵਲਾ ਪ੍ਰਧਾਨ ਨਗਰ ਕੌਂਸਲ ਨਾਭਾ ਸ਼ਾਮਿਲ ਹੋਏ। ਪ੍ਰਿੰਸੀਪਲ ਸੰਦੀਪ ਨਾਗਰ ਨੇ ਉਹਨਾਂ ਦਾ ਸਵਾਗਤ ਕੀਤਾ ਅਤੇ ਜ਼ਿਲ੍ਹਾ ਸਿੱਖਿਆ ਸਿਖਲਾਈ ਸੰਸਥਾ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਜਿੰਦਗੀ ਦੀ ਕਾਮਯਾਬੀ ਲਈ ਸੁਨੇਹਾ ਅਤੇ ਸ਼ੁਭ ਇੱਛਾਵਾਂ ਦਿੱਤੀਆਂ। ਇਸ ਮੌਕੇ ਤੇ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ,ਜਿਸ ਵਿੱਚ ਗਰੁੱਪ ਡਾਂਸ ,ਗੀਤ ,ਲੋਕ ਗੀਤ ਅਤੇ ਬੈਲੇ ਆਦਿ ਆਈਟਮਾਂ ਪੇਸ਼ ਕੀਤੀਆਂ। ਵਿਦਿਆਰਥੀਆਂ ਨੇ ਆਪਣੀਆਂ ਯਾਦਾਂ ਤਾਜ਼ਾ ਕਰਨ ਲਈ ਆਪਣੇ ਬੀਤੇ ਦੇ ਸਾਲਾਂ ਦੇ ਤਜਰਬਿਆਂ ਤੇ ਆਧਾਰਤ ਇੱਕ ਖੂਬਸੂਰਤ ਡਾਕੂਮੈਂਟਰੀ ਵੀ ਪੇਸ਼ ਕੀਤੀ। ਇਸ ਮੌਕੇ ਤੇ ਲੈਕਚਰਾਰ ਯਾਦਵਿੰਦਰ ਕੁਮਾਰ ਵੱਲੋਂ ਅਤੇ ਰਵਿੰਦਰ ਸ਼ਰਮਾ ਵੱਲੋਂ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵਧੀਆ ਅਧਿਆਪਕ ਬਣਨ ਅਤੇ ਯੋਗ ਨਾਗਰਿਕ ਬਣ ਕੇ ਸਮਾਜ ਨੂੰ ਸੇਧ ਦੇਣ ਦੀ ਗੱਲ ਆਖੀ ਗਈ। ਲੈਕਚਰਾਰ ਮੈਡਮ ਮੋਨਿਕਾ ਅਤੇ ਅਜੀਤ ਸਿੰਘ ਵੱਲੋਂ ਵੀ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦੱਤਿਆ ਗਈਆਂ। ਅਰਵਿੰਦਰ ਢਿਲੋ ਨੇ ਅੱਜ ਦੇ ਮੁੱਖ ਮਹਿਮਾਨ ਸ੍ਰੀਮਤੀ ਸੁਜਾਤਾ ਚਾਵਲਾ ਵੱਲੋਂ ਕੀਤੇ ਗਏ ਕੰਮਾਂ ਸਬੰਧੀ ਵਿਚਾਰ ਪੇਸ਼ ਕੀਤੇ ਗਏ ਅਤੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਆਪਣੀ ਸੰਸਥਾ ਨਾਲ ਇੱਕ ਰਿਸ਼ਤਾ ਜੋੜੀ ਰੱਖਣ ਅਤੇ ਇੱਥੋਂ ਸਿੱਖਿਆ ਚੰਗੀਆਂ ਗੱਲਾਂ ਸਮਾਜ ਵਿੱਚ ਲੈ ਕੇ ਜਾਣ ਦਾ ਸੁਨੇਹਾ ਦਿੱਤਾ ਗਿਆ।। ਸ੍ਰੀਮਤੀ ਸਜਾਤਾ ਚਾਵਲਾ ਨੇ ਆਪਣੇ ਕਾਲਜ ਦੇ ਦਿਨਾਂ ਦੀਆਂ ਯਾਦਾਂ ਤਾਜ਼ਾ ਕੀਤੀਆਂ ਅਤੇ ਇਮਾਨਦਾਰੀ ਨਾਲ ਕੰਮ ਕਰਨ ਦੀ ਗੱਲ ਆਖੀ ਗਈ ਉਹਨਾਂ ਨੇ ਕਿਹਾ ਕਿ ਸੰਸਥਾ ਵਿੱਚ ਆ ਕੇ ਮੈਨੂੰ ਬਹੁਤ ਖੁਸ਼ੀ ਮਹਿਸੂਸ ਹੋਈ ਕਿ ਪ੍ਰਿੰਸੀਪਲ ਅਤੇ ਸਟਾਫ ਵੱਲੋਂ ਇਸ ਸੰਸਥਾ ਨੂੰ ਜਿਸ ਤਰ੍ਹਾਂ ਸੰਭਾਲਿਆ ਤੇ ਚਲਾਇਆ ਜਾ ਰਿਹਾ ਹੈ ਉਹ ਸਾਡੇ ਲਈ ਇੱਕ ਪ੍ਰੇਰਨਾ ਵਾਲੀ ਗੱਲ ਹੈ। ਅੱਜ ਦੇ ਇਸ ਸਮਾਰੋਹ ਵਿੱਚ ਸੋਨੀਆ ਧੀਰ, ਆਸ਼ਾ ਰਾਣੀ , ਪ੍ਰੀਤੀ, ਜਸਪ੍ਰੀਤ ਕੌਰ ,ਅਮਿਤ ਸਿੰਘ ,ਸੰਜੀਵ ਕੁਮਾਰ ਅਤੇ ਸਟਾਫ ਹਾਜ਼ਰ ਸਨ। ਵਿਦਿਆਰਥੀਆਂ ਨੇ ਆਪਣੇ ਮਨ ਦੇ ਵਲਵਲੇ ਸਾਂਝੇ ਕਰਦੇ ਹੋਏ ਕਿਹਾ ਕਿ ਅਸੀਂ ਪਿਛਲੇ ਦੋ ਸਾਲਾਂ ਵਿੱਚ ਇਸ ਸੰਸਥਾ ਤੋਂ ਬਹੁਤ ਕੁਝ ਪ੍ਰਾਪਤ ਕੀਤਾ ਹੈ ਜੋ ਜਿਸ ਨੇ ਸਾਡੀ ਜ਼ਿੰਦਗੀ ਦੇ ਵਿੱਚ ਇੱਕ ਵੱਡਾ ਸਾਰਥਕ ਬਦਲਾਵ ਲਿਆਂਦਾ ਹੈ। ਅਖੀਰ ਵਿੱਚ ਮੁੱਖ ਮਹਿਮਾਨ ਵੱਲੋਂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਅਤੇ ਜ਼ਿਲ੍ਹਾ ਸਿੱਖ ਸਿਖਲਾਈ ਸੰਸਥਾ ਦੇ ਸਮੁੱਚੇ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ ਦੇ ਕੇ ਨਿਵਾਜਿਆ ਗਿਆ।

# ਬੇਰੁਜਗਾਰ ਅਧਿਆਪਕਾਂ 'ਤੇ ਪੁਲਿਸ ਦੇ ਅੰਨ੍ਹੇ ਤਸ਼ੱਦਦ ਖਿਲਾਫ਼ ਡੀ.ਟੀ.ਐੱਫ. ਵੱਲੋਂ ਰੋਸ ਪ੍ਰਦਰਸ਼ਨ ਉਪਰੰਤ ਫੂਕੀ ਅਰਥੀ,,,,

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਅਪ੍ਰੈਲ INTERNATIONAL PAPER, 9463601616 hardipchumber57@gmail.com




ਮਾਨਸਾ 24 ਅਪ੍ਰੈਲ ( ਆਤਮਾ ਸਿੰਘ ਪਮਾਰ) ਲੰਘੀ 19 ਅਪ੍ਰੈਲ ਨੂੰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿੰਡ ਗੰਭੀਰਪੁਰ ਵਿਖੇ 5994 ਈਟੀਟੀ ਭਰਤੀ (ਬੈਕਲਾਗ) ਵਿੱਚ ਚੁਣੇ ਗਏ ਅਧਿਆਪਕਾਂ ਦੀ ਅਨੰਦਪੁਰ ਸਾਹਿਬ ਦੇ ਪੁਲਿਸ ਪ੍ਰਸ਼ਾਸਨ ਵੱਲੋਂ ਬੁਰੀ ਤਰ੍ਹਾਂ ਕੀਤੀ ਕੁੱਟਮਾਰ ਖਿਲਾਫ਼ ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਦੇ ਸੱਦੇ 'ਤੇ ਸਰਦੂਲਗੜ੍ਹ (ਮਾਨਸਾ) ਵਿਖੇ ਬਲਾਕ ਪੱਧਰੀ ਪੁਤਲਾ ਫੂਕ (ਮੁੱਖ ਮੰਤਰੀ, ਸਿੱਖਿਆ ਮੰਤਰੀ ਅਤੇ ਅਖੌਤੀ ਸਿੱਖਿਆ ਕ੍ਰਾਂਤੀ ਦੀਆਂ ਤਸਵੀਰਾਂ ਸਹਿਤ) ਕੇ ਰੋਸ ਮੁਜ਼ਾਹਰਾ ਕੀਤਾ ਗਿਆ। 5994 ਈਟੀਟੀ ਭਰਤੀ (ਬੈਕਲਾਗ) ਦੇ ਯੋਗ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਜਾਰੀ ਕਰਨ, ਇਸੇ ਭਰਤੀ ਵਿੱਚ ਨਿਯੁਕਤੀ ਪੱਤਰ ਪ੍ਰਾਪਤ ਅਧਿਆਪਕਾਂ ਦੀ ਸਕੂਲਾਂ ਵਿੱਚ ਰੋਕੀ ਹਾਜ਼ਰੀ ਲਾਗੂ ਕਰਵਾਉਣ ਅਤੇ ਸਰਕਾਰੀ ਸਕੂਲਾਂ ਵਿੱਚ ਖਾਲੀ ਬਾਕੀ ਸਾਰੀਆਂ ਆਸਾਮੀਆਂ ਭਰਨ ਦੀ ਥਾਂ ਪੁਲਿਸ ਨੂੰ ਅਧਿਆਪਕਾਂ 'ਤੇ ਤਸ਼ੱਦਦ ਕਰਨ ਦੀ ਖੁੱਲ ਦੇਣ ਨੂੰ ਲੈ ਕੇ ਪੰਜਾਬ ਸਰਕਾਰ ਖਿਲਾਫ਼ ਤਿੱਖਾ ਵਿਰੋਧ ਵੀ ਜਤਾਇਆ। ਇਸ ਦੌਰਾਨ ਪਹਿਲਗਾਮ (ਕਸ਼ਮੀਰ) ਵਿਖੇ ਮਾਰੇ ਗਏ ਨਿਰਦੋਸ਼ ਲੋਕਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਦੋਸ਼ੀਆਂ 'ਤੇ ਸਖ਼ਤ ਕਾਰਵਾਈ ਦੀ ਮੰਗ ਵੀ ਕੀਤੀ ਅਤੇ ਫੁੱਟ ਪਾਊ ਫਿਰਕੂ ਤਾਕਤਾਂ ਤੋਂ ਸੁਚੇਤ ਰਹਿਣ ਦੀ ਲੋਕਾਂ ਨੂੰ ਅਪੀਲ ਵੀ ਕੀਤੀ ਗਈ। ਡੀ.ਟੀ. ਐੱਫ. ਸਰਦੂਲਗੜ੍ਹ ਬਲਾਕ ਦੇ ਪ੍ਰਧਾਨ ਸ. ਕੌਰ ਸਿੰਘ ਫੱਗੂ ਨੇ ਦੱਸਿਆ ਕਿ ਬੇਰੁਜ਼ਗਾਰ ਅਧਿਆਪਕਾਂ ਦੇ ਪ੍ਰਦਰਸ਼ਨ ਦੌਰਾਨ ਅਨੰਦਪੁਰ ਸਾਹਿਬ ਦੇ ਐੱਸ ਐੱਚ ਓ ਦਾਨਿਸ਼ ਵੀਰ ਵੱਲੋਂ ਇੱਕ ਅਧਿਆਪਕ ਦੇ ਸ਼ਰੇਆਮ ਥੱਪੜ ਮਾਰੇ ਗਏ, ਬਾਕੀ ਪੁਲਿਸ ਮੁਲਾਜ਼ਮਾਂ ਵੱਲੋਂ ਅਧਿਆਪਕਾਂ ਨੂੰ ਸੜਕ 'ਤੇ ਘੜੀਸਣ ਤੋਂ ਇਲਾਵਾ ਉਨ੍ਹਾਂ ਨੂੰ ਪੁਲਿਸ ਵੈਨ ਵਿੱਚ ਚੜ੍ਹਾਉਣ ਮੌਕੇ ਸ਼ਰੇਆਮ ਠੁੱਡੇ ਮਾਰੇ ਗਏ ਅਤੇ ਇੱਕ ਹੋਰ ਪੁਲਿਸ ਕਰਮੀ ਵੱਲੋਂ ਇੱਕ ਅਧਿਆਪਕ ਦੀ ਹਿੱਕ ਉੱਪਰ ਗੋਡੇ ਰੱਖ ਕੇ ਬੈਠੇ ਦੀ ਫੋਟੋ ਤੇ ਵੀਡੀਓ ਵੀ ਵਾਇਰਲ ਹੋਈ ਹੈ ਅਤੇ ਅਧਿਆਪਕਾਂ ਨਾਲ ਗਾਲੀ ਗਲੋਚ ਵੀ ਕੀਤਾ ਗਿਆ ਹੈ। ਅਧਿਆਪਕਾਂ ਦੇ ਨਿਰਾਦਰ ਦੀਆਂ ਘਟਨਾਵਾਂ ਪ੍ਰਤੀ ਅਫ਼ਸੋਸ ਜਾਹਿਰ ਕਰਨ ਅਤੇ ਦੋਸ਼ੀ ਪੁਲਿਸ ਅਧਿਕਾਰੀਆਂ ਖਿਲਾਫ਼ ਕਾਰਵਾਈ ਕਰਨ ਦੀ ਥਾਂ ਸਿੱਖਿਆ ਮੰਤਰੀ ਅਤੇ ਬਾਕੀ ਵਿਧਾਇਕਾਂ ਵੱਲੋਂ ਅਖੌਤੀ ਸਿੱਖਿਆ ਕ੍ਰਾਂਤੀ ਤਹਿਤ ਸਕੂਲਾਂ ਵਿੱਚ ਕਈ-ਕਈ ਸਾਲ ਪਹਿਲਾਂ ਹੋ ਚੁੱਕੇ ਕੰਮਾਂ ਦੇ ਉਦਘਾਟਨਾਂ ਦੀ ਇਸ ਹਨ੍ਹੇਰੀ ਲਿਆਂਦੀ ਹੋਈ ਹੈ ਅਤੇ ਸਕੂਲਾਂ ਦੇ ਵਿੱਦਿਅਕ ਮਾਹੌਲ ਨੂੰ ਸਿਆਸੀ ਦਖ਼ਲਅੰਦਾਜ਼ੀ ਦੀ ਭੇਂਟ ਚਾੜ੍ਹਿਆ ਜਾ ਰਿਹਾ ਹੈ। ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ ਵੱਲੋਂ ਬੇਰੁਜ਼ਗਾਰ ਅਧਿਆਪਕਾਂ ਨਾਲ ਹੋਈ ਧੱਕੇਸ਼ਾਹੀ ਨੂੰ ਜਮਹੂਰੀ ਤੇ ਮਨੁੱਖੀ ਅਧਿਕਾਰਾਂ ਨੂੰ ਪੁਲਿਸ ਦੇ ਪੈਰਾਂ ਹੇਠ ਮਧੋਲਣ ਦੀ ਸਾਜ਼ਿਸ਼ ਅਤੇ ਅਖੌਤੀ ਸਿੱਖਿਆ ਕ੍ਰਾਂਤੀ ਮੁਹਿੰਮ 'ਤੇ ਕਾਲਾ ਧੱਬਾ ਕਰਾਰ ਦਿੱਤਾ ਹੈ। ਮੌਜੂਦਾ ਸਰਕਾਰ ਵਿੱਚ ਹੀ ਮੁੱਖ ਮੰਤਰੀ ਭਗਵੰਤ ਮਾਨ ਦੇ ਪਿੰਡ ਸਤੋਜ ਅਤੇ ਸੰਗਰੂਰ ਰਿਹਾਇਸ਼ ਮੂਹਰੇ ਵੀ ਹੱਕ ਮੰਗਦੇ ਬੇਰੁਜ਼ਗਾਰ ਅਧਿਆਪਕਾਂ, ਕੰਪਿਊਟਰ ਅਧਿਆਪਕਾਂ ਅਤੇ ਕੱਚੇ ਅਧਿਆਪਕਾਂ 'ਤੇ ਵੀ ਬਹੁਤ ਵਾਰ ਪੁਲਿਸ ਲਾਠੀਚਾਰਜ ਅਤੇ ਖਿੱਚ ਧੂਹ ਹੋਣ ਤੋਂ ਇਲਾਵਾ ਪੱਗਾਂ ਤੇ ਦੁਪੱਟਿਆਂ ਦਾ ਵੀ ਨਿਰਾਦਰ ਹੋਇਆ ਹੈ। ਅਧਿਆਪਕ ਆਗੂਆਂ ਨੇ ਸਵਾਲ ਕੀਤਾ ਕਿ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲਾਂ ਦੀਆਂ 856 ਅਸਾਮੀਆਂ, ਹੈਡਮਾਸਟਰਾਂ ਦੀਆਂ 400, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ ਦੀਆਂ 100, ਲੈਕਚਰਰਾਂ ਦੀਆਂ ਛੇ ਹਜ਼ਾਰ ਤੋਂ ਵਧੇਰੇ ਅਸਾਮੀਆਂ, ਆਰਟ ਐਂਡ ਕ੍ਰਾਫਟ, ਖੇਡ ਅਧਿਆਪਕਾਂ, ਈਟੀਟੀ ਅਤੇ ਮਾਸਟਰ ਕਾਡਰ ਦੀਆਂ ਹਜ਼ਾਰਾਂ ਅਸਾਮੀਆਂ ਖਾਲੀ ਹਨ। ਪੰਜਾਬ ਦੇ ਹਜ਼ਾਰਾਂ ਅਧਿਆਪਕ ਮਾਰਚ ਮਹੀਨੇ ਦੀ ਤਨਖ਼ਾਹ ਤੋਂ ਵਾਂਝੇ ਹਨ।

ਪੰਜਾਬ ਦੇ ਸਥਾਨਕ ਹਲਾਤਾਂ ਅਨੁਸਾਰ ਸਿੱਖਿਆ ਨੀਤੀ ਅਤੇ ਵਿੱਦਿਅਕ ਕਲੰਡਰ ਬਣਾਉਣ ਦੀ ਥਾਂ ਕੇਂਦਰ ਸਰਕਾਰ ਦੀ ਨਿੱਜੀਕਰਨ, ਕੇਂਦਰੀਕਰਨ ਅਤੇ ਭਗਵਾਂਕਰਨ ਪੱਖੀ ਸਿੱਖਿਆ ਨੀਤੀ ਰਾਹੀਂ ਸਿੱਖਿਆ ਨੂੰ ਤਬਾਹ ਕੀਤਾ ਜਾ ਰਿਹਾ ਹੈ ਅਤੇ ਅਧਿਆਪਕਾਂ 'ਤੇ ਗੈਰ ਵਿੱਦਿਅਕ ਕੰਮਾਂ ਦੀ ਭਰਮਾਰ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਭਰ 'ਚ ਸੰਘਰਸ਼ ਕਰ ਰਹੇ ਹਰੇਕ ਵਰਗ ਦੇ ਲੋਕਾਂ ਖਿਲਾਫ ਪਿਛਲੇ ਸਮੇਂ ਵਿੱਚ ਪੁਲਿਸ ਨੂੰ ਖੁੱਲ੍ਹ ਦੇ ਕੇ ਉਹਨਾਂ ਦੇ ਸੰਘਰਸ਼ ਨੂੰ ਕੁਚਲਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਪੰਜਾਬ ਨੂੰ ਪੁਲਿਸ ਸਟੇਟ ਬਣਾਉਣ ਵੱਲ ਵੱਧ ਰਹੀ ਹੈ। ਇਸੇ ਤਹਿਤ ਹੀ ਮਿੱਥ ਕੇ 5994 ਭਰਤੀ ਨਾਲ ਸਬੰਧਤ ਬੇਰੁਜ਼ਗਾਰ ਅਧਿਆਪਕਾਂ ਉੱਪਰ ਅੰਨ੍ਹਾ ਤਸ਼ੱਦਦ ਕੀਤਾ ਗਿਆ ਹੈ ਅਤੇ ਪੰਜਾਬ ਦੇ ਸੰਘਰਸ਼ ਕਰ ਰਹੇ ਲੋਕਾਂ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਹਨਾਂ ਪੰਜਾਬ ਸਰਕਾਰ ਨੂੰ ਪੰਜਾਬ ਦੀ ਸੰਘਰਸ਼ਮਈ ਵਿਰਾਸਤ ਦਾ ਹਵਾਲਾ ਦਿੰਦਿਆਂ ਮੰਗ ਕੀਤੀ ਕਿ ਜਿਨ੍ਹਾਂ ਪੁਲਿਸ ਅਧਿਕਾਰੀਆਂ ਨੇ ਅਧਿਆਪਕਾਂ ਦੀ ਕੁੱਟਮਾਰ ਕੀਤੀ ਹੈ, ਉਹਨਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ ਅਤੇ ਚੱਲ ਰਹੀਆਂ ਸਾਰੀਆਂ ਭਰਤੀਆਂ ਦੇ ਰਹਿੰਦੇ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਜਾਣ ਅਤੇ ਨਿਯੁਕਤੀ ਪੱਤਰ ਪ੍ਰਾਪਤ ਅਧਿਆਪਕਾਂ ਨੂੰ ਸਕੂਲਾਂ ਵਿੱਚ ਹਾਜ਼ਰ ਕਰਵਾਇਆ ਜਾਵੇ।

ਡੀ.ਟੀ.ਐੱਫ. ਆਗੂਆਂ ਸੁਖਵੀਰ ਸਿੰਘ, ਬਿੱਕਰਜੀਤ ਸਿੰਘ ਸਾਧੂਵਾਲਾ ਅਤੇ ਦਰਸ਼ਨ ਕੁਮਾਰ, ਪਰਵਿੰਦਰ ਸਿੰਘ, ਅਸ਼ੋਕ ਕੁਮਾਰ, ਗੁਰਮੇਲ ਰਾਮ, ਈਸ਼ਵਰ ਦਾਸ, ਬਲਜੀਤ ਸਿੰਘ, ਰੇਸ਼ਮ ਸਿੰਘ, ਜਗਸੀਰ ਸਿੰਘ, ਹਰਜਿੰਦਰ ਸਿੰਘ,ਹਨੂੰਮਾਨ, ਮਨਜੀਤ ਸਿੰਘ, ਸੰਦੀਪ ਸਿੰਘ, ਹਰਜੀਤ ਸਿੰਘ ਅਤੇ ਡਾ. ਵੀਰਪਾਲ ਕੌਰ ਨੇ ਕਿਹਾ ਕਿ ਬੇਰੁਜ਼ਗਾਰ ਅਧਿਆਪਕਾਂ 'ਤੇ ਪੁਲਿਸ ਤਸ਼ੱਦਦ ਖਿਲਾਫ 25 ਅਪ੍ਰੈਲ ਨੂੰ ਵੀ ਵੱਖ-ਵੱਖ ਥਾਵਾਂ 'ਤੇ ਰੋਸ ਪ੍ਰਦਰਸ਼ਨ ਜਾਰੀ ਰਹਿਣਗੇ ਅਤੇ ਜਥੇਬੰਦੀ ਵੱਲੋਂ 6635 ਈਟੀਟੀ ਟੀਚਰ ਯੂਨੀਅਨ ਅਤੇ 4161 ਮਾਸਟਰ ਕਾਡਰ ਯੂਨੀਅਨ ਨਾਲ ਮਿਲ ਕੇ ਅਧਿਆਪਕਾਂ ਦੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ ਵਿਖੇ 4 ਮਈ ਨੂੰ ਹੋਣ ਜਾ ਰਹੇ ਚਿਤਾਵਨੀ ਮਾਰਚ ਵਿੱਚ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।

# ਸਵੈ ਮੁਹੱਲਾ ਸੁਧਾਰ ਕਮੇਟੀ ਵੱਲੋਂ ਕੱਢਿਆ ਕੈਂਡਲ ਮਾਰਚ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਅਪ੍ਰੈਲ INTERNATIONAL PAPER, 9463601616 hardipchumber57@gmail.com



ਨਾਭਾ 25 ਅਪ੍ਰੈਲ(ਬਾਂਗਾਂ /ਬੇਅੰਤ ਸਿੰਘ ਰੋਹਟੀ ਖਾਸ) ਸਵੈ ਸੇਵਾ ਮੁਹੱਲਾ ਸੁਧਾਰ ਕਮੇਟੀ ਬਠਿੰਡੀਆ ਮੁਹੱਲਾ ਨਾਭਾ ਵਲੋ ਪਹਿਲਗਾਮ ਕਸ਼ਮੀਰ ਵਿਚ ਹੋਏ ਅੱਤਵਾਦੀ ਹਮਲੇ ਵਿਚ ਸ਼ਹੀਦ ਹੋਏ ਲੋਕਾ ਨੂੰ ਸ਼ਰਧਾਂਜਲੀ ਦੇਣ ਲਈ ਬਠਿੰਡੀਆ ਮੁਹੱਲਾ ਨਾਭਾ ਵਿਖੇ ਕੈਂਡਲ ਮਾਰਚ ਕੱਢਿਆ ਗਿਆ ਜੋ ਸ਼੍ਰੀ ਹਨੂੰਮਾਨ ਮੰਦਿਰ ਤੇ ਸ਼ੁਰੂ ਹੋਕੇ ਮੋਹਲੇ ਦੀਆ ਵੱਖ ਵੱਖ ਸੜਕਾਂ ਤੇ ਹੁੰਦਾ ਹੋਇਆ ਖੰਡਾ ਚੌਂਕ ਵਿਖੇ ਸਮਾਪਤ ਹੋਇਆ। ਮਾਰਚ ਦੇ ਸ਼ੁਰੂ ਵਿਚ ਮੁਹੱਲਾ ਵਾਸੀਆਂ ਦੁਆਰਾ 2 ਮਿੰਟ ਦਾ ਮੋਨ ਧਾਰਨ ਕੀਤਾ ਗਿਆ।ਇਸ ਦੌਰਾਨ 150 ਦੇ ਕਰੀਬ ਲੋਕ ਸ਼ਾਮਿਲ ਹੋਏ ਜਿਨ੍ਹਾਂ ਵਲੋ ਅੱਤਵਾਦ ਦੇ ਵਿਰੋਧ ਵਿਚ ਨਾਰੇ ਲਗਾਏ ਗਏ ਅਤੇ ਸਰਕਾਰ ਤੋਂ ਦੋਸ਼ੀਆ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਗਈ।ਇਸ ਮਾਰਚ ਦੀ ਅਗਵਾਈ ਕਰ ਰਹੇ ਐਡਵੋਕੇਟ ਸੰਨੀ ਰਹੇਜਾ ਵਲੋ ਇਸ ਅੱਤਵਾਦੀ ਹਮਲੇ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਗਈ ਅਤੇ ਕਿਹਾ ਗਿਆ ਕਿ ਇਸ ਪ੍ਰਕਾਰ ਦੀ ਘਟਨਾ ਇਨਸਾਨੀਅਤ ਨੂੰ ਸ਼ਰਮਸ਼ਾਰ ਕਰਦੀ ਹੈ, ਕਿਉਂਕਿ ਅੱਤਵਾਦ ਦਾ ਕੋਈ ਧਰਮ ਨਹੀਂ ਹੁੰਦਾ। ਓਹਨਾ ਵਲੋ ਇਸ ਹਮਲੇ ਵਿਚ ਮਾਰੇ ਗਏ ਲੋਕਾ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਮਾਰੇ ਗਏ ਲੋਕਾ ਨੂੰ ਸ਼ਰਧਾਂਜਲੀ ਦਿੱਤੀ ਗਈ। ਹੰਸਰਜ ਵਰਮਾ ਅਤੇ ਰਾਜਿੰਦਰ ਵਰਮਾ ਵਲੋ ਦੇਸ਼ ਦੀ ਏਕਤਾ ਨੂੰ ਠੇਸ ਪਹੁੰਚਣ ਵਾਲੇ ਲੋਕਾ ਨੇ ਚੇਤਾਵਨੀ ਦਿੰਦੇ ਹੋਏ ਦਸਿਆ ਗਿਆ ਕਿ ਭਾਰਤ ਦੇ ਲੋਕ ਇੱਕ ਹਨ ਅਤੇ ਪ੍ਰਧਾਨ ਮੰਤਰੀ ਮੋਦੀ ਨੂੰ ਦੋਸ਼ੀਆ ਵਿਰੁੱਧ ਤੁਰਤ ਮੂੰਹ ਤੋੜ ਜਵਾਬੀ ਕਾਰਵਾਈ ਦੀ ਮੰਗ ਕੀਤੀ ਗਈ।ਇਸ ਮਾਰਚ ਦੌਰਾਨ ਛੋਟੇ ਛੋਟੇ ਬੱਚਿਆ ਵਲੋ ਵੀ ਅੱਤਵਾਦ ਦੇ ਖ਼ਾਤਮੇ ਦੀ ਮੰਗ ਕੀਤੀ ਗਈ।ਇਸ ਮਾਰਚ ਦਾ ਫਰੈਂਡਜ ਕਲੱਬ, ਰਾਮਲੀਲਾ ਕਲੱਬ ਅਤੇ ਸ਼੍ਰੀ ਹਨੂੰਮਾਨ ਮੰਦਿਰ ਕਮੇਟੀ ਵਲੋ ਵੀ ਸਮਰਥਨ ਕੀਤਾ ਗਿਆ। ਇਸ ਦੌਰਾਨ ਐਡਵੋਕੇਟ ਸੰਨੀ ਰਹੇਜਾ, ਐਡਵੋਕੇਟ ਧੀਰਜ ਕੁਮਾਰ, ਤੇਜਿੰਦਰ ਬੱਬੂ, ਹੇਮਤ ਕੁਮਾਰ, ਕ੍ਰਾਂਤੀ, ਹੰਸਰਾਜ ਵਰਮਾ, ਲਾਲ ਚੰਦ, ਸ਼ੈਲੀ , ਰਿਸ਼ਭ,ਸ਼ੰਕਰ ਪੰਡਿਤ, ਵਿਪਨ ਸਾਊਂਡ ਅਤੇ ਯਸ਼ ਬਠੇਜਾ ਹਾਜਰ ਰਹੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com

# ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ ਯਾਦ ਕਰਦਿਆਂ

ਸ.ਸੁਖਚੈਨ ਸਿੰਘ ਕੁਰੜ
(ਪੰਜਾਬੀ ਅਧਿਆਪਕ ਤੇ ਭਾਸ਼ਾ ਮੰਚ ਸਰਪ੍ਰਸਤ)
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੂੰਮ
(ਬਰਨਾਲਾ)

ਗੁਰਬਖ਼ਸ਼ ਸਿੰਘ ਪ੍ਰੀਤਲੜੀ' ਜਿਸ ਨੇ ਪੰਜਾਬੀ ਗਲਪ ਦੇ ਸ਼ਾਹ ਅਸਵਾਰ ਦੇ ਤੌਰ 'ਤੇ ਵਿਚਰਦਿਆਂ ਸਾਹਿਤ ਰਚਦਿਆਂ,ਸਾਹਿਤਕ ਪੱਤਰਕਾਰੀ ਕਰਦਿਆਂ, ਮਾਂ-ਬੋਲੀ ਤੇ ਸਮਾਜ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨ ਲਈ ਬਹੁਮੁੱਲਾ ਯੋਗਦਾਨ ਦਿੱਤਾ ਹੈ। ਉਨ੍ਹਾਂ ਨੇ ਮਾਂ-ਬੋਲੀ ਨੂੰ ਆਪਣੀ ਹੀ ਮੌਜ 'ਚ ਰਹਿਕੇ ਸੰਵਾਰਿਆ, ਤਰਾਸਿਆ, ਮਾਂ-ਬੋਲੀ ਦੇ ਨੈਣ ਨਕਸ਼ਾਂ ਨੂੰ ਆਪਣੇ ਸ਼ਬਦੀ ਹੁਨਰ ਨਾਲ਼ ਸ਼ਿੰਗਾਰਿਆ,ਜਿਸ ਦੀ ਬਦੌਲਤ ਇੱਕ ਨਵੀਂ ਤੇ ਵੱਖਰੀ ਭਾਸ਼ਾ ਸ਼ੈਲੀ ਦਾ ਜਨਮ ਹੋਇਆ।

ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਜਨਮ 26 ਅਪ੍ਰੈਲ, 1895 ਨੂੰ ਪਸ਼ੌਰਾ ਸਿੰਘ ਦੇ ਘਰ ਮਾਤਾ ਮਾਲਣੀ ਦੀ ਕੁੱਖੋਂ ਹੋਇਆ। ਸੱਤ ਸਾਲਾਂ ਦੀ ਉਮਰੇ ਹੀ ਸਿਰ ਤੋਂ ਪਿਤਾ ਦਾ ਸਾਇਆ ਉੱਠ ਗਿਆ ਸੀ। ਆਪ ਦੇ ਮੋਢਿਆਂ 'ਤੇ ਮਾਂ ਤੇ ਦੋ ਭੈਣ ਭਰਾਵਾਂ ਦੀ ਜ਼ੁੰਮੇਵਾਰੀ ਆ ਪਈ।

ਬੜੀ ਹਿੰਮਤ ਅਤੇ ਮਿਹਨਤ ਨਾਲ਼ ਸਿਆਲਕੋਟ ਤੋਂ ਦਸਵੀਂ ਪਾਸ ਕਰਕੇ ਐੱਫ.ਸੀ. ਕਾਲਜ ਲਾਹੌਰ ਵਿੱਚ ਉਚੇਰੀ ਸਿੱਖਿਆ ਲਈ ਦਾਖ਼ਲਾ ਲਿਆ। ਆਰਥਿਕ ਤੰਗੀ ਕਾਰਨ ਥੋੜ੍ਹੇ ਹੀ ਚਿਰ ਬਾਅਦ ਕਾਲਜ ਛੱਡ ਕੇ 15 ਰੁਪਏ ਮਹੀਨੇ 'ਤੇ ਕਲਰਕ ਦੀ ਨੌਕਰੀ ਕੀਤੀ। ਮਿਹਨਤ ਤੇ ਪੜ੍ਹਾਈ ਦੀ ਤਾਂਘ ਸਦਕਾ ਫਿਰ ਸਿਵਲ ਇੰਜੀਨਿਅਰਿੰਗ ਕਾਲਜ ਰੁੜਕੀ ਵਿੱਚ ਦਾਖ਼ਲਾ ਲਿਆ। 1912 ਵਿੱਚ ਆਪ ਜੀ ਦਾ ਵਿਆਹ ਸ਼ਿਵਦਈ ਨਾਲ਼ ਹੋਇਆ ਜੋ ਕਿ ਆਪ ਦੇ ਪਰਿਵਾਰ ਵਿੱਚ ਜਗਜੀਤ ਕੌਰ ਦੇ ਨਾਂ ਨਾਲ ਜਾਣੀ ਜਾਣ ਲੱਗ ਪਈ।

1913 ਵਿੱਚ ਸਿਵਲ ਇੰਜੀਨਿਅਰਿੰਗ ਦਾ ਡਿਪਲੋਮਾ ਕੀਤਾ। ਫਿਰ ਆਪ ਫ਼ੌਜ ਵਿਚ ਭਰਤੀ ਹੋ ਕੇ ਇਰਾਕ ਤੇ ਇਰਾਨ ਚਲੇ ਗਏ। ਉੱਥੇ ਆਪ ਦੀ ਮੁਲਾਕਾਤ ਇੱਕ ਇਸਾਈ ਮਿਸ਼ਨਰੀ ਅਫ਼ਸਰ ਨਾਲ਼ ਹੋਈ ਅਤੇ ਉਸੇ ਦੀ ਸਿਫ਼ਾਰਸ਼ ਨਾਲ਼ ਅਮਰੀਕਾ ਦੀ ਨਾਮਵਰ ਮਿਸ਼ੀਗਨ ਯੂਨੀਵਰਸਿਟੀ ਵਿੱਚ ਇੰਜੀਨਿਅਰਿੰਗ ਦੀ ਉਚੇਰੀ ਸਿੱਖਿਆ ਲਈ ਦਾਖ਼ਲਾ ਲੈ ਲਿਆ। ਅਮਰੀਕਾ ਵਿਖੇ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤੀ ਸਮੇਂ ਗੁਰਬਖ਼ਸ ਸਿੰਘ ਨੇ ਅਮਰੀਕੀ ਸਮਾਜ ਤੇ ਸੱਭਿਆਚਾਰ ਨੂੰ ਬੜੇ ਨਜ਼ਦੀਕ ਹੋ ਕੇ ਵੇਖਿਆ ਤੇ ਸਮਝਿਆ। ਉਸ ਸਮੇਂ ਦੇ ਉੱਘੇ ਵਿਦਵਾਨਾਂ ਜਿੰਨ੍ਹਾਂ ਵਿੱਚੋਂ ਐਮਰਮਨ ਅਤੇ ਵਿਟਮੈਨ ਦਾ ਨਾਂਅ ਵਿਸ਼ੇਸ਼ ਤੌਰ 'ਤੇ ਲਿਆ ਜਾ ਸਕਦਾ ਹੈ, ਨੇ ਗੁਰਬਖ਼ਸ ਸਿੰਘ ਦੀ ਸੋਚ ਨੂੰ ਵਿਸ਼ੇਸ਼ ਤੌਰ 'ਤੇ ਪ੍ਰਭਾਵਿਤ ਕੀਤਾ।

1922 ਵਿੱਚ ਉਥੋਂ ਬੀ.ਐਸ.ਸੀ. (ਇੰਜੀਨਿਅਰਿੰਗ) ਦੀ ਡਿਗਰੀ ਪ੍ਰਾਪਤ ਕੀਤੀ। ਉਥੋਂ ਦੇਸ਼ ਵਾਪਸ ਆਏ ਤਾਂ ਕਾਫ਼ੀ ਭੱਜ-ਦੌੜ ਤੋਂ ਬਾਅਦ ਮਸਾਂ ਰੇਲਵੇ ਦੀ ਨੌਕਰੀ ਲੱਭੀ। 1925 ਵਿੱਚ ਇਹ ਨੌਕਰੀ ਮਿਲ਼ੀ ਅਤੇ 1932 ਵਿੱਚ ਉਸ ਤੋਂ ਮੁਕਤ ਹੋ ਕੇ ਨੌਸ਼ਹਿਰੇ ਦੇ ਸਥਾਨ 'ਤੇ ਜ਼ਮੀਨ ਠੇਕੇ 'ਤੇ ਲੈ ਕੇ ਵਿਗਿਆਨਕ ਢੰਗ ਨਾਲ਼ ਖੇਤੀ ਕਰਨੀ ਸ਼ੁਰੂ ਕਰ ਦਿੱਤੀ।



ਪੰਜਾਬੀ ਪੱਤਰਕਾਰੀ ਦੇ ਖੇਤਰ ਵਿੱਚ ਇੱਕ ਮਾਅਰਕੇ ਦਾ ਕੰਮ ਆਪ ਨੇ 1933 ਦੇ ਸਤੰਬਰ ਮਹੀਨੇ ਵਿੱਚ ਮਾਸਿਕ ਪੱਤਰ ਪ੍ਰੀਤਲੜੀ ਦੀ ਪ੍ਰਕਾਸ਼ਨਾ ਨਾਲ਼ ਕੀਤਾ। 1936 ਵਿੱਚ ਇਸ ਪੱਤ੍ਰਿਕਾ ਦਾ ਪ੍ਰਕਾਸ਼ਨ ਮਾਡਲ ਟਾਊਨ ਤੋਂ ਹੋਣ ਲੱਗਾ, ਪਰ 1938 ਵਿੱਚ ਇਸ ਨੂੰ ਛਾਪਣ ਦੀ ਵਿਵਸਥਾ ਪ੍ਰੀਤ ਨਗਰ ਤੋਂ ਹੀ ਕੀਤੀ ਜਾਣ ਲੱਗੀ। ਜੂਨ 1939 ਤੋਂ ਪ੍ਰੀਤਲੜੀ ਦਾ ਹਿੰਦੀ ਪ੍ਰਕਾਸ਼ਨ ਸ਼ੁਰੂ ਹੋਇਆ,ਪਰ ਪਾਠਕਾਂ ਦੀ ਘਾਟ ਬਹੁਤ ਚਿਰ ਚੱਲ ਨਾ ਸਕਿਆ। ਅਗਸਤ 1939 ਵਿੱਚ ਉਰਦੂ ਵਿੱਚ ਵੀ ਛਪਣ ਲੱਗਾ, ਜੋ ਕਿ ਦੇਸ਼ ਵੰਡ ਤੱਕ ਜਾਰੀ ਰਿਹਾ। ਅਗਸਤ 1947 ਤੋਂ ਲੈ ਕੇ ਅਪ੍ਰੈਲ 1948 ਤੱਕ ਪ੍ਰੀਤ ਲੜੀ ਦਾ ਕੋਈ ਅੰਕ ਨਹੀਂ ਛਪਿਆ। ਮਈ 1948 ਤੋਂ 49 ਤੱਕ ਇਸ ਦਾ ਪ੍ਰਕਾਸ਼ਨ ਮਹਿਰੌਲੀ (ਦਿੱਲੀ) ਤੋਂ ਹੋਣ ਲੱਗਾ। ਦਸੰਬਰ 1950 ਤੋਂ ਪ੍ਰੀਤ ਨਗਰ ਤੋਂ ਛਪਣ ਲੱਗਾ। ਗੁਰਬਖ਼ਸ਼ ਸਿੰਘ ਤੋਂ ਬਾਅਦ 1981 ਤੱਕ ਉਹਨਾਂ ਦੇ ਪੁੱਤਰ ਨਵਤੇਜ ਸਿੰਘ ਨੇ ਇਸ ਕੰਮ ਨੂੰ ਬੜੀ ਸੂਝ-ਬੂਝ ਨਾਲ਼ ਸੰਭਾਲਿਆ, ਬਾਅਦ ਵਿਚ ਨਵਤੇਜ ਸਿੰਘ ਦੇ ਲੜਕੇ ਸੁਮੀਤ ਸਿੰਘ ਨੇ ਇਸ ਦੇ ਸੰਪਾਦਨ ਦੀ ਜ਼ੁੰਮੇਵਾਰੀ ਸੰਭਾਲ਼ੀ ਪਰ ਅਚਾਨਕ ਮੌਤ ਹੋਣ 'ਤੇ ਸੁਮੀਤ ਦੀ ਪਤਨੀ ਪੂਨਮ ਸਿੰਘ ਇਸ ਪੱਤ੍ਰਿਕਾ ਨੂੰ ਚੰਡੀਗੜ੍ਹ ਤੋਂ ਜਾਰੀ ਰੱਖਿਆ। ਇਹ ਮਾਸਿਕ ਪੱਤਰ ਹੁਣ ਤੱਕ ਵੀ ਸਾਹਿਤ ਨਾਲ਼ ਜੁੜੇ ਪਾਠਕਾਂ ਦਾ ਹਰਮਨ ਪਿਆਰਾ ਪੱਤਰ ਬਣਿਆ ਹੋਇਆ ਹੈ।

1938 ਵਿੱਚ ਆਪ ਨੇ ਲਾਹੌਰ ਤੇ ਅੰਮ੍ਰਿਤਸਰ ਦੇ ਵਿਚਕਾਰ ਪਿੰਡ ਲੋਪੋ ਦੀ

376 ਵਿੱਘੇ ਬੰਜਰ ਜ਼ਮੀਨ, ਕਵੀ ਧਨੀ ਰਾਮ ਚਾਤ੍ਰਿਕ ਰਾਹੀਂ 40 ਹਜ਼ਾਰ ਦੀ ਖ਼ਰੀਦ ਕੇ ਪ੍ਰੀਤ ਨਗਰ ਦੀ ਸਥਾਪਨਾ ਕੀਤੀ। ਸੱਤ ਜੂਨ 1938 ਨੂੰ ਪਹਿਲਾ ਜਥਾ ਇੱਥੇ ਪ੍ਰੀਤਨਗਰ ਪੁੱਜਾ ਸੀ। ਇੱਥੇ ਹੀ ਆਪ ਨੇ 1940 ਵਿੱਚ ਬਾਲ ਸੰਦੇਸ਼ ਨਾਂ ਦਾ ਮਾਸਿਕ ਪੱਤਰ ਸ਼ੁਰੂ ਕੀਤਾ। 1947 ਵਿੱਚ ਦੇਸ਼ ਦੀ ਵੰਡ ਸਮੇਂ ਪ੍ਰੀਤ ਨਗਰ ਉੱਜੜ ਗਿਆ ਅਤੇ ਗੁਰਬਖ਼ਸ਼ ਸਿੰਘ ਦਿੱਲੀ ਚਲੇ ਗਏ ਤੇ ਉਸ ਸਮੇਂ ਉਥੇ ਡਾ.ਮਹਿੰਦਰ ਸਿੰਘ ਰੰਧਾਵਾ ਡਿਪਟੀ ਕਮਿਸ਼ਨਰ ਸਨ, ਉਹਨਾਂ ਨੇ ਆਪ ਦੀ ਬਹੁਤ ਸਹਾਇਤਾ ਕੀਤੀ ਪਰ ਦਿੱਲੀ ਵਿੱਚ ਆਪ ਦਾ ਦਿਲ ਨਹੀਂ ਲੱਗਿਆ ਤੇ ਫਿਰ 1950 ਵਿੱਚ ਪ੍ਰੀਤਨਗਰ ਵਿੱਚ ਮੁੜ ਆਏ ਅਤੇ ਉਸ ਦੀ ਪੁਨਰ ਸਥਾਪਨਾ ਵਿੱਚ ਜੁਟ ਗਏ ਅਤੇ ਆਖ਼ਰੀ ਦਮ ਤੱਕ ਇੱਥੇ ਰਹੇ।

ਪ੍ਰੀਤਨਗਰ ਵਿੱਚ ਖੇਡ ਮੈਦਾਨ,ਪਾਰਕ,ਸਾਂਝੀ ਰਸੋਈ ਤੋਂ ਇਲਾਵਾ ਨਾਟਕ ਖੇਡਣ ਲਈ ਥੀਏਟਰ ਬਣਾਇਆ ਹੋਇਆ ਸੀ। ਇਸ ਤੋਂ ਇਲਾਵਾ ਇੱਕ ਐਕਟੀਵਿਟੀ ਸਕੂਲ ਵੀ ਖੋਲ੍ਹਿਆ ਗਿਆ ਜਿੱਥੇ ਪੜ੍ਹਾਈ-ਲਿਖਾਈ ਤੋਂ ਇਲਾਵਾ ਚਿੱਤਰਕਾਰੀ, ਸੰਗੀਤ, ਨਾਟਕ, ਦਸਤਕਾਰੀ ਆਦਿ ਨੂੰ ਪਹਿਲ ਦਿੱਤੀ ਜਾਂਦੀ ਸੀ।

ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਪਹਿਲੀ ਕਹਾਣੀ ਪ੍ਰਤਿਮਾ 1913 ਵਿੱਚ ਲਿਖੀ ਗਈ ਸੀ ਜਦੋਂ ਅਜੇ ਉਹ ਉਮਰ ਦੇ 18ਵੇਂ ਵਰ੍ਹੇ ਵਿੱਚ ਸਨ।

ਉਨ੍ਹਾਂ ਨੇ ਪੰਜਾਬੀ ਸਾਹਿਤ ਨੂੰ 12 ਕਹਾਣੀ ਸੰਗ੍ਰਹਿ ਦਿੱਤੇ ਹਨ; ਜਿਵੇਂ:-ਪ੍ਰੀਤ ਕਹਾਣੀਆਂ,ਅਨੋਖੇ ਤੇ ਇਕੱਲੇ,ਨਾਗ ਪ੍ਰੀਤ ਦਾ ਜਾਦੂ,ਅਸਮਾਨੀ ਮਹਾਂਨਦੀ, ਵੀਣਾ ਵਿਨੋਦ,ਪ੍ਰੀਤਾਂ ਦੀ ਪਹਿਰੇਦਾਰ,ਭਾਬੀ ਮੈਨਾ,ਆਖ਼ਰੀ ਸਬਕ,ਸ਼ਬਨਮ, ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ,ਜ਼ਿੰਦਗੀ ਵਾਰਿਸ ਹੈ,ਰੰਗ ਸਹਿਕਦਾ ਦਿਲ।

ਆਪ ਦੇ ਪੰਜਾਬੀ ਸਾਹਿਤ ਹਿੱਸੇ 27 ਨਿਬੰਧ ਸੰਗ੍ਰਹਿ ਦਿੱਤੇ, ਜਿਵੇਂ ਪ੍ਰੀਤ ਮਾਰਗ,ਖੁੱਲ੍ਹਾ ਦਰ,ਫ਼ੈਸਲੇ ਦੀ ਘੜੀ,ਰੋਜ਼ਾਨਾ ਜ਼ਿੰਦਗੀ ਦੀ ਸਾਇੰਸ,ਸਾਵੀਂ ਪੱਧਰੀ ਜ਼ਿੰਦਗੀ,ਮਨੋਹਰ ਸਖ਼ਸ਼ੀਅਤ,ਪਰਮ ਮਨੁੱਖ,ਪ੍ਰਣ ਪੁਸਤਕ,ਮੇਰੇ ਝਰੋਖੇ 'ਚੋਂ,ਮੇਰੀਆਂ ਅਭੁੱਲ ਯਾਦਾਂ,ਪ੍ਰਸੰਨ ਲੰਬੀ ਉਮਰ,ਇੱਕ ਦੁਨੀਆ ਤੇ ਤੇਰਾਂ ਸੁਪਨੇ,ਸਵੈ ਪੂਰਨਤਾ ਦੀ ਲਗਨ,ਚੰਗੇਰੀ ਦੁਨੀਆ,ਸਾਡੇ ਵਾਰਿਸ,ਨਵਾਂ ਸ਼ਿਵਾਲਾ,ਤਾਜ਼ ਤੇ ਸਰੂ,ਕੁਦਰਤੀ ਮਜ਼੍ਹਬ,ਭਖਦੀ ਜੀਵਨ ਚੰਗਿਆੜੀ,ਨਵੀਂ ਤਕੜੀ ਦੁਨੀਆ,ਖ਼ੁਸ਼ਹਾਲ ਜੀਵਨ,ਰੀਝਾਂ ਦੀ ਖੱਡੀ, ਜ਼ਿੰਦਗੀ ਦੀ ਰਾਸ,ਜੁੱਗਾਂ ਪੁਰਾਣੀ ਗੱਲ,ਬੰਦੀ ਛੋੜ ਗੁਰੂ ਨਾਨਕ, ਸਰਬਪੱਖੀ ਨਾਇਕ,ਜ਼ਿੰਦਗੀ ਦੀ ਡਾਟ ਆਦਿ ਹਨ।

ਆਪ ਨੇ ਰਾਜ ਕੁਮਾਰੀ ਲਤਿਕਾ,ਪ੍ਰੀਤ ਮੁਕਟ,ਪ੍ਰੀਤ ਮਣੀ,ਪੂਰਬ-ਪੱਛਮ, ਸਾਡੀ ਹੋਣੀ ਦਾ ਲਿਸ਼ਕਾਰਾ,ਕੋਧਰੇ ਦੀ ਰੋਟੀ ਨਾਟਕ ਤੇ ਅਣਵਿਆਹੀ ਮਾਂ,ਰੁੱਖਾਂ ਦੀ ਜਿਰਾਂਦ ਨਾਵਲ ਵੀ ਲਿਖੇ।

ਆਪ ਨੇ ਆਪਣੀਆਂ ਸਵੈ-ਜੀਵਨੀ ਮੰਜ਼ਿਲ ਦਿਸ ਪਈ,ਮੇਰੀ ਜੀਵਨ ਕਹਾਣੀ ਭਾਗ-1,ਮੇਰੀ ਜੀਵਨ ਕਹਾਣੀ ਭਾਗ-2 ਵੱਖ ਵੱਖ ਭਾਗਾਂ ਵਿੱਚ ਲਿਖੀ।

ਇਸ ਤੋਂ ਇਲਾਵਾ ਆਪ ਜੀ ਨੇ ਅਨੁਵਾਦ ਦਾ ਵੀ ਕੰਮ ਕੀਤਾ ਜਿਵੇਂ ਮਾਂ, ਏਸ਼ੀਆ ਦਾ ਚਾਨਣ,ਸੁਪਨੇ,ਆਖ਼ਰੀ ਸ਼ਬਦ,ਮੌਲੀਘਰ ਦੇ ਨਾਟਕ,ਘਾਹ ਦੀਆਂ ਪੱਤੀਆਂ,ਜ਼ਿੰਦਗੀ ਦੇ ਰਾਹਾਂ 'ਤੇ ਆਦਿ।

ਆਪ ਨੇ ਰੀਝਾਂ ਦੀ ਖੱਡੀ,ਮੁਰਾਦਾਂ ਪੂਰੀਆਂ ਕਰਨ ਵਾਲਾ ਖੂਹ,ਪਰੀਆਂ ਦਾ ਮੋਚੀ,ਗੁਲਾਬੋ,ਜੁੱਗਾਂ ਪੁਰਾਣੀ ਗੱਲ,ਗੁਲਾਬੀ ਐਨਕਾਂ ਆਦਿ ਲਿਖਕੇ ਬਾਲ ਸਾਹਿਤ ਦੀ ਝੋਲੀ ਵਿੱਚ ਵੀ ਆਪਣਾ ਵਿਸ਼ੇਸ਼ ਯੋਗਦਾਨ ਦਿੱਤਾ।

ਪੰਜਾਬੀ ਸਾਹਿਤ ਦਾ ਇਹ ਸ਼ਬਦਾਂ ਦਾ ਜਾਦੂਗਰ ਗੁਰਬਖਸ਼ ਸਿੰਘ ਪ੍ਰੀਤਲੜੀ ਅੰਤ 20 ਅਗਸਤ 1977 ਨੂੰ ਪੀ.ਜੀ.ਆਈ. ਸਵੇਰੇ ਛੇ ਵਜੇ ਆਪਣੀ ਸੰਸਾਰਿਕ ਯਾਤਰਾ ਪੂਰੀ ਕਰ ਗਿਆ।

# ਮਜ਼ੁਬ ਦੇ ਨਾਂਅ ਤੇ ਜੰਮੂ ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦੇ ਸੈਰ ਸਪਾਟਾ ਕੇਂਦਰ ਪਹਿਲਗਾਮ ਵਿਖੇ ਜੋ ਮਾਸੂਮ ਸੈਲਾਨੀਆਂ ਦੀ ਹੱਤਿਆ ਕੀਤੀ ਗਈ, ਬੇਹੱਦ ਨਿੰਦਣਯੋਗ ਹੈ:- ਡਾਕਟਰ ਕਟਾਰੀਆ, ਡਾਕਟਰ ਜੈਨਪੁਰ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com




ਨ ਵਾਂ ਸ਼ ਹਿ ਰ ( ਚਰਨਜੀਤ ਸੱਲ੍ਹਾ )ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਦੀ ਪ੍ਰਧਾਨਗੀ ਹੇਠ ਪਿੰਡ ਗੁਜ਼ਰਪੁਰ ਵਿਖੇ ਜ਼ਿਲ੍ਹਾ ਆਰਗੇਨਾਈਜ਼ਿਰ ਡਾਕਟਰ ਸੁਰਿੰਦਰ ਮਹਾਲੋਂ ਦੀ ਰਿਹਾਇਸ਼ ਤੇ ਕੀਤੀ ਗਈ ਕੀਤੀ ਗਈ। ਮੀਟਿੰਗ ਵਿੱਚ ਐਸੋਸੀਏਸ਼ਨ ਨੂੰ ਪੇਸ਼ ਆ ਰਹੀਆਂ ਮੁਸਕਲਾਂ ਤੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਜੰਮੂ ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦੇ ਸੈਰ ਸਪਾਟਾ ਕੇਂਦਰ ਪਹਿਲਗਾਮ ਵਿਖੇ ਜੋ ਮਜ਼ੁਬ ਦੇ ਨਾਂਅ ਤੇ ਅੱਤਵਾਦੀਆਂ ਨੇ ਮਾਸੂਮ ਸੈਲਾਨੀਆਂ ਨੂੰ ਉਨ੍ਹਾਂ ਦਾ ਧਰਮ ਪੁੱਛ ਕੇ ਉਨ੍ਹਾਂ ਤੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਉਨ੍ਹਾਂ ਦੀ ਹੱਤਿਆ ਕੀਤੀ ਗਈ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਵੱਲੋਂ ਮਾਰੇ ਗਏ ਸੈਲਾਨੀਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ ਅਤੇ ਇਸ ਘਟਨਾ ਦੀ ਬੇਹੱਦ ਨਿਖੇਧੀ ਕੀਤੀ ਗਈ। ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਅਤੇ ਜ਼ਿਲ੍ਹਾ ਚੇਅਰਮੈਨ ਡਾਕਟਰ ਸੁਰਿੰਦਰ ਪਾਲ ਸਿੰਘ ਜੈਨਪੁਰ ਨੇ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਇਸ ਘਟਨਾ ਨਾਲ ਦੇਸ਼ ਵਾਸੀਆਂ ਦੇ ਹਿਰਦੇ ਵਲੂੰਧਰੇ ਗਏ। ਅੱਤਵਾਦੀਆਂ ਨੇ ਮਜ਼ੁਬ ਦੇ ਨਾਂਅ ਤੇ ਮੌਤ ਦਾ ਨੰਗਾ ਨਾਚ ਕੀਤਾ ਬੇਹੱਦ ਨਿੰਦਣਯੋਗ ਹੈ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਇਸ ਕਤਲੋਗਾਰਤ ਦੇ ਦੋਸ਼ੀਆਂ ਨੂੰ ਸ਼ਰੇਆਮ ਫਾਂਸੀ ਦਿੱਤੀ ਜਾਵੇ ਤਾਂ ਜੋ ਮਰਨ ਵਾਲੇ ਬੇਕਸੂਰ ਸੈਲਾਨੀਆਂ ਦੇ ਪਰਿਵਾਰਾਂ ਨੂੰ ਇਨਸਾਫ ਮਿਲ ਸਕੇ। ਮੀਟਿੰਗ ਦੌਰਾਨ ਉਨ੍ਹਾਂ ਸਰਕਾਰ ਤੋਂ ਮੈਡੀਕਲ ਪ੍ਰੈਕਟੀਸ਼ਨਰਜ਼ ਦੇ ਮਸਲੇ ਨੂੰ ਜੋ ਕਾਫੀ ਲੰਮੇ ਸਮੇਂ ਤੋਂ ਲਟਕਿਆ ਹੋਇਆ ਹੈ ਉਸ ਨੂੰ ਜਲਦ ਤੋਂ ਜਲਦ ਹੱਲ ਕਰਨ ਦੀ ਮੰਗ ਵੀ ਕੀਤੀ ਤਾਂ ਜੋ ਮੈਡੀਕਲ ਪ੍ਰੈਕਟੀਸ਼ਨਰਜ਼ ਪਿੰਡਾ, ਕਸਬਿਆਂ ਅਤੇ ਸ਼ਹਿਰਾਂ ਵਿੱਚ ਆਮ ਲੋਕਾਂ ਨੂੰ ਸਸਤੀਆਂ ਸਿਹਤ ਸਹੂਲਤਾਂ ਦੇਣ ਦੇ ਨਾਲ ਨਾਲ ਆਪਣੇ ਕਿੱਤੇ ਨੂੰ ਬਚਾਉਂਦੇ ਹੋਏ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਸਕਣ।ਇਸ ਸਮੇਂ ਜ਼ਿਲ੍ਹਾ ਜਨਰਲ ਸਕੱਤਰ ਡਾਕਟਰ ਪ੍ਰੇਮ ਸਲੋਹ, ਜ਼ਿਲ੍ਹਾ ਕੈਸ਼ੀਅਰ ਡਾਕਟਰ ਕਸ਼ਮੀਰ ਸਿੰਘ ਬਛੌੜੀ, ਜ਼ਿਲ੍ਹਾ ਆਰਗੇਨਾਈਜ਼ਿਰ ਸਕੱਤਰ ਡਾਕਟਰ ਰਜਿੰਦਰ ਸਿੰਘ ਲੱਕੀ, ਜ਼ਿਲ੍ਹਾ ਆਰਗੇਨਾਈਜ਼ਿਰ ਡਾਕਟਰ ਸੁਰਿੰਦਰ ਮਹਾਲੋਂ , ਡਾਕਟਰ ਅਨੁਪਿੰਦਰ ਸਿੰਘ ਸੂੰਢ, ਡਾਕਟਰ ਅਮ੍ਰਿਤ ਲਾਲ ਫਰਾਲਾ, ਡਾਕਟਰ ਜਤਿੰਦਰ ਸਹਿਗਲ, ਡਾਕਟਰ ਸਤਨਾਮ ਸਿੰਘ ਬਾਜ਼ੀਦ ਪੁਰ, ਡਾਕਟਰ ਜਗੀਰ ਸਿੰਘ, ਡਾਕਟਰ ਨਿਰਮਲ ਸਿੰਘ ਅਤੇ ਸਮੂਹ ਬਲਾਕ ਦੇ ਜ਼ਿਲ੍ਹਾ ਕਮੇਟੀ ਮੈਂਬਰ ਹਾਜ਼ਰ ਸਨ।

# ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਥਾਇਰਾਇਡ ਅਤੇ ਸ਼ੂਗਰ ਦਾ ਮੁਫਤ ਚੈੱਕਅੱਪ ਕੈਂਪ

## ਥਾਇਰਾਇਡ ਅਤੇ ਸ਼ੂਗਰ ਜਾਂਚ ਕਰਨ ਦਾ ਮੁਫਤ ਚੈੱਕਅੱਪ ਕੈਂਪ ਲਗਾਇਆ ਗਿਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com



ਫੋਟੋ ਕੈਪਸ਼ਨ : ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਥਾਇਰਾਇਡ ਅਤੇ ਸ਼ੂਗਰ ਦਾ ਮੁਫਤ ਚੈੱਕਅੱਪ ਦਾ ਉਦਘਾਟਨ ਕਰਨ ਮੌਕੇ ਡਾ.ਕੁਲਵਿੰਦਰ ਸਿੰਘ ਢਾਹਾਂ, ਡਾਕਟਰ ਸਾਹਿਬਾਨ ਅਤੇ ਪਤਵੰਤੇ

ਬੰਗਾ 25 ਅਪਰੈਲ (ਚਰਨਜੀਤ ਸੱਲ੍ਹਾ) ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਅੱਜ ਥਾਇਰਾਇਡ ਅਤੇ ਸ਼ੂਗਰ ਦੀ ਜਾਂਚ ਕਰਨ ਦਾ ਫਰੀ ਕੈਂਪ ਲਗਾਇਆ ਗਿਆ । ਇਸ ਮੁਫਤ ਕੈਂਪ ਦਾ ਉਦਘਾਟਨ ਹਸਪਤਾਲ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜ਼ੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਕੀਤਾ। ਉਹਨਾਂ ਦੱਸਿਆ ਲੋੜਵੰਦਾਂ ਮਰੀਜ਼ਾਂ ਦੀ ਮੈਡੀਕਲ ਮਦਦ ਕਰਨ ਹਸਪਤਾਲ ਦੇ ਮੈਡੀਕਲ ਮਾਹਿਰ ਡਾ. ਵਿਵੇਕ ਗੁੰਬਰ ਦੀ ਅਗਵਾਈ ਅਤੇ ਪੈਥੋਲਜਿਸਟ ਡਾ. ਰਾਹੁਲ ਚੰਦਰਹਾਸ ਗੋਇਲ ਦੀ ਨਿਗਰਾਨੀ ਤੇ ਸਹਿਯੋਗ ਨਾਲ ਥਾਇਰਾਇਡ ਅਤੇ ਸ਼ੂਗਰ ਜਾਂਚ ਕਰਨ ਦਾ ਮੁਫਤ ਚੈੱਕਅੱਪ ਕੈਂਪ ਲਗਾਇਆ ਗਿਆ ਹੈ ਤਾਂ ਜੋ ਆਮ ਲੋਕਾਈ ਇਹਨਾਂ ਬਿਮਾਰੀਆਂ ਪ੍ਰਤੀ ਜਾਗਰੂਕ ਹੋ ਸਕੇ ਅਤੇ ਕੈਂਪ ਵਿਚ ਫਰੀ ਟੈਸਟ ਕਰਵਾਉਣ ਉਪਰੰਤ ਉਕਤ ਬਿਮਾਰੀਆਂ ਤੋਂ ਆਪਣਾ ਬਚਾਅ ਕਰ ਸਕੇ । ਇਸ ਮੌਕੇ ਜਾਣਕਾਰੀ ਦਿੰਦੇ ਡਾ. ਵਿਵੇਕ ਗੁੰਬਰ ਨੇ ਦੱਸਿਆ ਕਿ ਤੇਜ਼ ਰਫਤਾਰ ਜ਼ਿੰਦਗੀ ਅਤੇ ਇਸ ਕਰਕੇ ਸਾਡੀ ਖੁਰਾਕ ਵਿਚ ਹੋ ਰਹੇ ਬਦਲਾਵਾਂ ਅਤੇ ਜ਼ੰਕ ਫੂਡ ਜਿਆਦਾ ਖਾਣ ਨਾਲ ਸ਼ੂਗਰ ਅਤੇ ਥਾਇਰਾਇਡ ਦੀ ਬਿਮਾਰੀ ਦੇ ਮਰੀਜ਼ਾਂ ਦੀ ਗਿਣਤੀ ਵਿਚ ਵੱਡਾ ਵਾਧਾ ਹੋ ਰਿਹਾ ਹੈ । ਇਸ ਮੌਕੇ ਹਸਪਤਾਲ ਢਾਹਾਂ ਕਲੇਰਾਂ ਵਿਖੇ ਮੁਫਤ ਟੈਸਟ ਕਰਵਾਉਣ ਲਈ ਵਿਸ਼ੇਸ਼ ਕੈਂਪ ਲਗਾ ਕੇ ਇਲਾਕਾ ਨਿਵਾਸੀਆਂ ਦੀ ਮਦਦ ਕਰਨ ਲਈ ਹਸਤਪਾਲ ਪ੍ਰਬੰਧਕਾਂ ਦਾ ਸਮੁੱਚੇ ਇਲਾਕੇ ਦੇ ਲੋਕਾਂ ਨੇ ਵਿਸ਼ੇਸ਼ ਧੰਨਵਾਦ ਕੀਤਾ। ਅੱਜ ਲੋੜਵੰਦ 190 ਮਰੀਜ਼ਾਂ ਨੇ ਪੈਥੋਲਜਿਸਟ ਡਾ. ਰਾਹੁਲ ਚੰਦਰਹਾਸ ਗੋਇਲ ਤੋਂ ਉਕਤ ਜਾਂਚ ਕਰਵਾਈ ਅਤੇ ਡਾ ਵਿਵੇਕ ਗੁੰਬਰ ਤੋਂ ਸਲਾਹ ਦੇ ਨਾਲ ਦਵਾਈ ਪਾ੍ਪਤ ਕੀਤੀ । ਇਸ ਮੌਕੇ ਬਾਬਾ ਜਰਨੈਲ ਸਿੰਘ ਨਡਾਲੋਂ, ਡਾ. ਬਲਵਿੰਦਰ ਸਿੰਘ ਡਿਪਟੀ ਮੈਡੀਕਲ ਸੁਪਰਡੈਂਟ, ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ, ਦਵਿੰਦਰ ਕੌਰ ਨਰਸਿੰਗ ਸੁਪਰਡੈਂਟ, ਦਲਜੀਤ ਕੌਰ ਉਪਰੇਮੀਟੀਅਰਸ, ਮਨਜੀਤ ਸਿੰਘ ਬੇਦੀ ਤੋਂ ਇਲਾਵਾ ਗੁਰੂ ਨਾਨਕ ਮਿਸ਼ਨ ਹਸਪਤਾਲ ਸਟਾਫ ਅਤੇ ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਦੇ ਵਿਦਿਆਰਥੀ ਵੀ ਹਾਜ਼ਰ ਸਨ

# ਪੰਜਾਬ ਬਾਲ ਅਧਿਕਾਰ ਰੱਖਿਆ ਕਮਿਸ਼ਨ ਦੇ ਚੇਅਰਮੈਨ ਨੇ ਕੀਤੀ ਸਮੀਖਿਆ, ਸਖ਼ਤ ਨਿਰਦੇਸ਼ ਜਾਰੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com




ਹੁਸ਼ਿਆਰਪੁਰ (ਸਤਨਾਮ ਸਿੰਘ ਸਹੁੰਗੜ) ਚੇਅਰਮੈਨ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ, ਮੋਹਾਲੀ ਕਨਵਰਦੀਪ ਸਿੰਘ ਦੀ ਪ੍ਰਧਾਨਗੀ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਨਸ਼ੇ ਦੇ ਖਿਲਾਫ ਚਲਾਏ ਜਾ ਰਹੇ ਜੁਆਇੰਟ ਐਕਸ਼ਨ ਪਲਾਨ ਤਹਿਤ ਜਿਲ੍ਹੇ ਦੇ ਸਮੂਹ ਸਟੇਕਹੋਲਡਰਾਂ ਦੇ ਨਾਲ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਜਿਲ੍ਹੇ ਵਿੱਚ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਨਸ਼ਿਆਂ ਦੀ ਵਰਤੋਂ ਅਤੇ ਇਨ੍ਹਾਂ ਦੇ ਦੁਸ਼ਟ ਪ੍ਰਭਾਵਾਂ ਤੋਂ ਦੂਰ ਰੱਖਣ ਦੇ ਲਈ ਉਲੀਕੇ ਗਏ ਪਲਾਨ ਤਹਿਤ ਵੱਖ-ਵੱਖ ਸਟੇਕਹੋਲਡਰਾਂ ਵੱਲੋਂ ਕੀਤੇ ਗਏ ਕੰਮਾਂ ਦਾ ਜਾਇਜ਼ਾ ਲਿਆ ਗਿਆ। ਚੇਅਰਮੈਨ ਵੱਲੋਂ ਬੱਚਿਆਂ ਨੂੰ ਮੈਡੀਕਲ ਨਸ਼ਾ ਵੇਚੇ ਜਾਣ ਤੋਂ ਰੋਕਣ ਲਈ ਜਿਲ੍ਹੇ ਵਿੱਚ ਚੱਲ ਰਹੇ ਸਾਰੇ ਮੈਡੀਕਲ ਸਟੋਰਾਂ ਵਿੱਚ ਸੀ ਸੀ ਟੀ ਵੀ ਕੈਮਰੇ ਲਗਾਏ ਜਾਣ ਦੀ ਪ੍ਰਕਿਰਿਆ ਨੂੰ ਸਖਤੀ ਨਾਲ ਲਾਗੂ ਕਰਨ 'ਤੇ ਜੋਰ ਦਿੱਤਾ ਗਿਆ ਅਤੇ ਇਨ੍ਹਾਂ ਕੈਮਰਿਆਂ ਦੀ ਰੁਟੀਨ ਚੈਕਿੰਗ ਕਰਨ ਲਈ ਜ਼ਿਲ੍ਹਾ ਡਰੱਗ ਕੰਟਰੋਲ ਅਥਾਰਿਟੀ ਨੂੰ ਹਦਾਇਤ ਕੀਤੀ ਗਈ। ਚੇਅਰਮੈਨ ਨੇ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਹਦਾਇਤ ਕੀਤੀ ਕਿ ਸਕੂਲਾਂ ਵਿੱਚ ਬੱਚਿਆਂ ਦੇ ਜੋ ਪ੍ਰਹਾਰੀ ਕਲੱਬ ਬਣਾਏ ਗਏ ਹਨ ਉਨ੍ਹਾਂ ਵਿੱਚ ਬੱਚਿਆਂ ਨੂੰ ਜਾਗਰੂਕ ਕਰਨ ਲਈ ਲਗਾਤਾਰ ਗਤੀਵਿਧੀਆਂ ਕਰਵਾਈਆਂ ਜਾਣ ਤਾਂ ਜੋ ਬੱਚੇ ਨਸ਼ਿਆਂ ਦੇ ਦੁਸ਼ਟ ਪ੍ਰਭਾਵਾਂ ਤੋਂ ਜਾਣੂ ਹੋ ਸਕਣ ਅਤੇ ਵੱਧ ਤੋਂ ਵੱਧ ਬੱਚਿਆਂ ਨੂੰ ਸਕੂਲ ਸਮੇਂ ਤੋਂ ਬਾਅਦ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾਵੇ ਅਤੇ ਬੱਚਿਆਂ ਦੇ ਲਈ ਖੇਡ ਕੋਚਾਂ ਦਾ ਵੀ ਪ੍ਰਬੰਧ ਕੀਤਾ ਜਾਵੇ। ਇਸ ਕੰਮ ਦੇ ਲਈ ਉਨ੍ਹਾਂ ਸਿੱਖਿਆ ਵਿਭਾਗ ਅਤੇ ਖੇਡ ਵਿਭਾਗ ਨੂੰ ਆਪਣਾ ਵੱਧ ਤੋਂ ਵੱਧ ਯੋਗਦਾਨ ਦੇਣ ਲਈ ਹਦਾਇਤ ਕੀਤੀ ਗਈ। ਚੇਅਰਪਰਸਨ ਦੁਆਰਾ ਜ਼ਿਲ੍ਹਾ ਐਕਸਾਈਜ਼ ਅਫਸਰ ਨੂੰ ਹਦਾਇਤ ਕੀਤੀ ਗਈ ਕਿ ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਜਿਲੇ ਦੇ ਕਿਸੇ ਵੀ ਸਕੂਲ ਦੇ ਸੌ ਗਜ ਘੇਰੇ ਦੇ ਅੰਦਰ ਕੋਈ ਵੀ ਸ਼ਰਾਬ ਜਾਂ ਤੰਬਾਕੂ ਉਤਪਾਦ ਵੇਚਣ ਵਾਲੀ ਕੋਈ ਦੁਕਾਨ ਨਾ ਹੋਵੇ। ਮੀਟਿੰਗ ਦੌਰਾਨ ਸਿਵਲ ਸਰਜਨ ਹੁਸ਼ਿਆਰਪੁਰ ਵੱਲੋਂ ਦੱਸਿਆ ਗਿਆ ਕਿ ਜਿਲ੍ਹੇ ਵਿੱਚ ਜਨਤਕ ਸਥਾਨਾਂ ਉੱਤੇ ਸਿਗਰਟਨੋਸ਼ੀ ਕਰਨ ਵਾਲਿਆਂ ਦੇ ਲਗਾਤਾਰ ਚਲਾਨ ਵੀ ਕੀਤੇ ਜਾ ਰਹੇ ਹਨ ਅਤੇ ਇਸ ਸਬੰਧੀ ਵੱਖ-ਵੱਖ ਵਿਭਾਗਾਂ ਨੂੰ ਚਲਾਨ ਬੁੱਕ ਵੀ ਜਾਰੀ ਕੀਤੀਆਂ ਜਾ ਚੁੱਕੀਆਂ ਹਨ। ਚੇਅਰਪਸਨ ਵੱਲੋਂ ਸਿਹਤ ਵਿਭਾਗ ਨੂੰ ਨਸ਼ਿਆਂ ਦਾ ਸੇਵਨ ਕਰਨ ਵਾਲੇ ਬੱਚਿਆਂ ਦੀ ਸ਼ਨਾਖਤ ਕਰਕੇ ਉਨ੍ਹਾਂ ਨੂੰ ਰੀਹੈਬਲੀਟੇਸ਼ਨ ਸੈਂਟਰਾਂ ਵਿੱਚ ਦਾਖਲ ਕਰਕੇ ਇਲਾਜ ਕੀਤਾ ਜਾਵੇ ਅਤੇ ਸਫਲਤਾ ਪੂਰਵਕ ਇਲਾਜ ਕਰਵਾ ਚੁੱਕੇ ਬੱਚਿਆਂ ਦਾ ਫੋਲੋ ਅਪ ਵੀ ਕੀਤਾ ਜਾਵੇ।

# ਆਪ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਵੱਲੋਂ ਪਹਿਲਗਾਮ ਅੱਤਵਾਦੀ ਹਮਲੇ ਦੀ ਸਖ਼ਤ ਨਿਖੇਧੀ

## ਮ੍ਰਿਤਕਾਂ ਦੀ ਯਾਦ 'ਚ ਸ਼ਰਧਾ ਦੇ ਫੁੱਲ ਭੇਟ ਕੀਤੇ, ਪਰਿਵਾਰਾਂ ਨਾਲ ਹਮਦਰਦੀ ਅਤੇ ਦੁੱਖ ਸਾਂਝਾ ਕੀਤਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੁੰਗੜਾ) ਪੰਜਾਬ ਦੇ ਸੁਚੱਜਾ ਪ੍ਰਸ਼ਾਸਨ, ਸੂਚਨਾ ਤਕਨਾਲੋਜੀ ਤੇ ਰੁਜ਼ਗਾਰ ਉਤਪਤੀ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਪਹਿਲਗਾਮ ਅੱਤਵਾਦੀ ਹਮਲੇ ਦੀ ਸਖ਼ਤ ਨਿਖੇਧੀ ਕਰਦਿਆਂ ਹਮਲੇ ਦੇ ਮ੍ਰਿਤਕਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਨੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਜ਼ਾਹਰ ਕਰਦਿਆਂ ਉਨ੍ਹਾਂ ਨੂੰ ਕਦੇ ਵੀ ਨਾ ਪੂਰਾ ਹੋਣ ਵਾਲੇ ਪਏ ਘਾਟੇ ਲਈ ਦੁੱਖ ਸਾਂਝਾ ਕੀਤਾ। ਸਥਾਨਕ ਸ੍ਰੀ ਬੜੇ ਹਨੂੰਮਾਨ ਜੀ ਮੰਦਰ ਅਤੇ ਸ੍ਰੀ ਕੇਸ਼ੋ ਮੰਦਰ ਵਿਖੇ ਮ੍ਰਿਤਕਾਂ ਦੀ ਯਾਦ ਵਿਚ ਪ੍ਰਾਰਥਨਾ ਅਤੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਵਿਛੜੀਆਂ ਰੂਹਾਂ ਨੂੰ ਚਰਨਾਂ ਵਿਚ ਨਿਵਾਸ ਅਤੇ ਪਰਿਵਾਰਾਂ ਨੂੰ ਏਡਾ ਵੱਡਾ ਦੁੱਖ ਸਹਿਣ ਕਰਨ ਲਈ ਬਲ ਬਖ਼ਸ਼ਣ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਅੱਤਵਾਦੀ ਗਤੀਵਿਧੀਆਂ ਅਤੇ ਪਹਿਲਗਾਮ ਦੇ ਹਮਲਾਵਰਾਂ ਨੂੰ ਉਨ੍ਹਾਂ ਦੇ ਘਰਾਂ ਵਿਚ ਵੜਕੇ ਮਾਰਿਆ ਜਾਵੇ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਪਾਂਸਰਡ ਇਸ ਹਮਲੇ ਅਤੇ ਇਸ ਦੇ ਸਾਜਿਸ਼ਘਾੜਿਆਂ ਨੂੰ ਖਤਮ ਕਰਨਾ ਸਮੇਂ ਦੀ ਮੁੱਖ ਮੰਗ ਹੈ। ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ, ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ, ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ, ਵਿਧਾਇਕ ਕਰਮਬੀਰ ਸਿੰਘ ਘੁੰਮਣ ਅਤੇ ਹੋਰਨਾਂ ਸ਼ਖਸੀਅਤਾਂ ਸਮੇਤ ਪਹਿਲਗਾਮ ਹਮਲੇ ਦੇ 26 ਮ੍ਰਿਤਕਾਂ ਨੂੰ ਯਾਦ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਦੇਸ਼ ਵਾਸੀਆਂ ਲਈ ਇਹ ਬਹੁਤ ਹੀ ਦੁੱਖਦਾਈ ਅਤੇ ਅਸਹਿ ਘਟਨਾ ਹੈ ਜਿਸ ਲਈ ਸਾਰਾ ਦੇਸ਼ ਦੁੱਖ ਦੀ ਘੜੀ ਵਿਚ ਪੀੜਤ ਪਰਿਵਾਰਾਂ ਦੇ ਮੋਢੇ ਨਾਲ ਮੋਢਾ ਲਾ ਕੇ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਅੱਤਵਾਦੀ ਹਮਲੇ ਦੇ ਸਾਜਿਸ਼ਕਰਤਾਵਾਂ ਅਤੇ ਹਮਲਾਵਰਾਂ ਨੂੰ ਸਬਕ ਸਿਖਾਉਣ ਦਾ ਵੇਲਾ ਆ ਗਿਆ ਹੈ । ਉਨ੍ਹਾਂ ਕਿਹਾ ਕਿ ਕਸ਼ਮੀਰ ਘੁੰਮਣ-ਫਿਰਨ ਗਏ ਸੈਲਾਨੀਆਂ 'ਤੇ ਬਹੁਤ ਮਾੜਾ ਹਮਲਾ ਹੋਇਆ ਹੈ ਜਿਸ ਦੀ ਦੇਸ਼-ਵਿਦੇਸ਼ ਵਿਚ ਸਖ਼ਤ ਨਿਖੇਧੀ ਹੋ ਰਹੀ ਹੈ। ਮੰਦਰਾਂ ਵਿਚ ਨਤਮਸਤਕ ਹੋਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਇਹ ਬਹੁਤ ਮੰਦਭਾਗਾ ਹੈ ਕਿ ਹਮਲੇ ਸਬੰਧੀ ਸਾਡੀਆਂ ਖੁਫੀਆ ਏਜੰਸੀਆਂ ਕੋਲ ਜਾਣਕਾਰੀ ਦੀ ਘਾਟ ਅਤੇ ਘਾਟੀ ਵਿਚ ਲੋੜੀਂਦੀ ਗਿਣਤੀ ਵਿਚ ਫੋਰਸ ਦੀ ਤਾਇਨਾਤੀ ਨਹੀਂ ਸੀ। ਉਨ੍ਹਾਂ ਕਿਹਾ ਕਿ ਦੇਸ਼ ਦੀ ਫੌਜ ਵਿਚ 1,80,000 ਆਸਾਮੀਆਂ ਖਾਲੀ ਹਨ ਜਿਹੜੀਆਂ ਕਿ ਸੁਰੱਖਿਆ ਦੇ ਮੱਦੇਨਜ਼ਰ ਭਰੀਆਂ ਜਾਣੀਆਂ ਚਾਹੀਦੀਆਂ ਸਨ ਤਾਂ ਜੋ ਦੇਸ਼ ਅਤੇ ਨਾਗਰਿਕਾਂ ਨੂੰ ਅੰਦਰੂਨੀ ਅਤੇ ਬਾਹਰੀ ਖਤਰਿਆਂ ਤੋਂ ਬਚਾਇਆ ਜ ਸਕੇ। ਉਨ੍ਹਾਂ ਕਿਹਾ ਕਿ ਸਿਰਫ਼ ਬਿਆਨਬਾਜ਼ੀ ਨਾਲ ਕੰਮ ਨਹੀਂ ਚੱਲਣਾ ਕਿਸੇ ਨਾ ਕਿਸੇ ਨੂੰ ਤਾਂ ਜ਼ਿੰਮੇਵਾਰੀ ਲੈਣੀ ਪਵੇਗੀ। ਉਨ੍ਹਾਂ ਕਿਹਾ ਕਿ ਪਹਿਲਗਾਮ ਹਮਲੇ ਦੇ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨੇ ਸਵਾਲ ਚੁੱਕੇ ਹਨ ਕਿ ਹਮਲੇ ਉਪਰੰਤ ਸੁਰੱਖਿਆ ਫੋਰਸਾਂ ਵੱਲੋਂ ਤੁਰੰਤ ਪਹੁੰਚ ਨਹੀਂ ਯਕੀਨੀ ਬਣਾਈ ਗਈ ਜਦਕਿ ਸੈਲਾਨੀਆਂ ਦੀ ਭਾਰੀ ਗਿਣਤੀ ਵਾਲੀ ਏਹੋ ਜਿਹੀ ਥਾਂ 'ਤੇ ਲੋੜੀਂਦੀ ਗਿਣਤੀ ਵਿਚ ਨਫਰੀ ਤਾਇਨਾਤ ਹੋਣੀ ਚਾਹੀਦੀ ਸੀ ਜੋ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਵਾਪਰਨ ਤੋਂ ਰੋਕ ਲੈਂਦੀ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਫੁੱਲ ਟਾਈਮ ਗ੍ਰਹਿ ਮੰਤਰੀ ਦੀ ਲੋੜ ਹੈ ਕਿਉਂਕਿ ਮੌਜੂਦਾ ਗ੍ਰਹਿ ਮੰਤਰੀ ਸਰਕਾਰਾਂ ਦੇ ਜੋੜ-ਤੋੜ ਵਿਚ ਰੁੱਝੇ ਹੋਏ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੇ ਗ੍ਰਹਿ ਮੰਤਰੀ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਦੇਸ਼ ਦੀ 140 ਕਰੋੜ ਦੀ ਆਬਾਦੀ ਦੀ ਸੁਰੱਖਿਆ ਨੂੰ ਯਕੀਨੀ ਬਣਾਏ।

# ਬਨੇਗਾ ਵਲੰਟੀਅਰਾਂ ਵੱਲੋਂ ਪਹਿਲਗਾਮ ਹਮਲੇ ਵਿੱਚ ਮਾਰੇ ਗਏ ਸੈਲਾਨੀਆਂ ਨੂੰ ਸ਼ਰਧਾਂਜਲੀ

## ਜੰਗਾਂ ਅਤੇ ਅੱਤਵਾਦ ਦੇ ਖਾਤਮੇ ਲਈ ਸਰਮਾਏਦਾਰੀ ਪ੍ਰਬੰਧ ਖਿਲਾਫ ਜਮਾਤੀ ਭਾਈਚਾਰਕ ਏਕਤਾ ਦੀ ਲੋੜ:-ਢਾਬਾਂ, ਘੁਬਾਇਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com




ਜਲਾਲਾਬਾਦ,25 ਅਪ੍ਰੈਲ (ਮਨੋਜ ਕੁਮਾਰ, ਸੁਭਾਸ਼ ਸਿੰਘ) ਬਨੇਗਾ ਪ੍ਰਾਪਤੀ ਮੁਹਿੰਮ ਵੱਲੋਂ ਮਹੀਨਾਵਾਰ ਬਨੇਗਾ ਐਕਸ਼ਨ ਡੇਅ ਨੂੰ ਪਹਿਲਗਾਮ ਵਿੱਚ ਅੱਤਵਾਦੀਆਂ ਵੱਲੋਂ ਕੀਤੇ ਬੇਰਹਿਮ ਹਮਲੇ ਵਿੱਚ ਮਾਰੇ ਸੈਲਾਨੀਆਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਅੱਜ ਇਥੇ ਸਥਾਨਕ ਜਨਰਲ ਬੱਸ ਅੱਡੇ ਸਾਹਮਣੇ ਬਨੇਗਾ ਪ੍ਰਾਪਤੀ ਮੁਹਿੰਮ ਦੇ ਬੈਨਰ ਹੇਠ ਬਨੇਗਾ ਵਲੰਟੀਅਰਾਂ ਵੱਲੋਂ ਇੱਕ ਪ੍ਰਦਰਸ਼ਨ ਸ਼ਰਧਾਂਜਲੀ ਦੇ ਰੂਪ ਵਿੱਚ ਕੀਤਾ ਗਿਆ। ਇਸ ਪ੍ਰਦਰਸ਼ਨ ਦੀ ਸਰਬ ਭਾਰਤ ਨੌਜਵਾਨ ਸਭਾ ਬਲਾਕ ਜਲਾਲਾਬਾਦ ਦੇ ਪ੍ਰਧਾਨ ਅਸ਼ੋਕ ਢਾਬਾਂ, ਜ਼ਿਲ੍ਹਾ ਮੀਤ ਪ੍ਰਧਾਨ ਬਲਵਿੰਦਰ ਘੁਬਾਇਆ, ਨਰਿੰਦਰ ਢਾਬਾਂ,ਸੋਨਾ ਯੁਨਕੀਆਂ, ਏਆਈਐਸਐਫ ਦੇ ਜ਼ਿਲ੍ਹਾ ਕੌਂਸਲ ਮੈਂਬਰ ਸੁਰਿੰਦਰ ਬਾਹਮਣੀ ਵਾਲਾ,ਕਰਨ ਹਜ਼ਾਰਾ ਅਤੇ ਸੁਖਚੈਨ ਲਮੋਚੜ ਨੇ ਕੀਤੀ। ਇਸ ਮੌਕੇ ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਸੂਬਾ ਪ੍ਰਧਾਨ ਐਡਵੋਕੇਟ ਪਰਮਜੀਤ ਢਾਬਾਂ ਅਤੇ ਜ਼ਿਲ੍ਹਾ ਮੀਤ ਪ੍ਰਧਾਨ ਬਲਵਿੰਦਰ ਘੁਬਾਇਆ ਨੇ ਕਿਹਾ ਕੇ ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਪਿਛਲੇ 3 ਮਹੀਨਿਆਂ ਤੋਂ ਬਨੇਗਾ ਪ੍ਰਾਪਤੀ ਲਈ ਲਗਾਤਾਰ ਮਹੀਨਾਵਾਰ ਬਨੇਗਾ ਐਕਸ਼ਨ ਡੇਅ ਕੀਤਾ ਜਾਂਦਾ ਹੈ ਪਰ ਇਸ ਵਾਰ ਦਾ ਇਹ ਐਕਸ਼ਨ ਪਹਿਲਗਾਮ ਹਮਲੇ ਵਿੱਚ ਮਰੇ ਸੈਲਾਨੀਆਂ ਨੂੰ ਸ਼ਰਧਾਂਜਲੀ ਵਜੋਂ ਕਰ ਰਹੇ ਹਾਂ। ਉਹਨਾਂ ਇਸ ਹਮਲੇ ਦੀ ਸ਼ਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਇਹ ਹਮਲਾ ਸੈਲਾਨੀਆਂ ਤੇ ਨਹੀਂ ਸਗੋਂ ਪੂਰੀ ਮਨੁੱਖਤਾ ਤੇ ਕੀਤਾ ਗਿਆ ਹੈ ਅਤੇ ਇਹ ਸਭ ਤੋਂ ਵੱਡਾ ਹਮਲਾ ਕਸ਼ਮੀਰੀ ਲੋਕਾਂ ਦੇ ਰੁਜ਼ਗਾਰ ਅਤੇ ਰੋਜ਼ੀ ਰੋਟੀ ਤੇ ਹੈ। ਕਸ਼ਮੀਰ ਵਿੱਚ ਸੈਲਾਨੀਆਂ ਦੀ ਆਮਦ ਕਸ਼ਮੀਰੀਆਂ ਦੀ ਮਜ਼ਬੂਤ ਆਰਥਿਕਤਾ ਨਾਲ ਜੁੜਿਆ ਹੈ। ਆਗੂਆਂ ਨੇ ਅੱਗੇ ਕਿਹਾ ਕਿ ਇਸ ਅੱਤਵਾਦੀ ਹਮਲੇ ਨੂੰ ਧਾਰਮਿਕ ਫਿਰਕੂ ਰੰਗਤ ਦੇਣਾ ਵੀ ਬਹੁਤ ਨਿੰਦਣਯੋਗ ਹੈ। ਇਸ ਮੌਕੇ ਸੰਬੋਧਨ ਕਰਦਿਆਂ ਨਰਿੰਦਰ ਢਾਬਾਂ ਅਤੇ ਸੁਰਿੰਦਰ ਬਾਹਮਣੀ ਵਾਲਾ ਨੇ ਕਿਹਾ ਕਿ ਇਹਨਾਂ ਅੱਤਵਾਦੀ ਹਮਲਿਆਂ ਅਤੇ ਜੰਗਾਂ ਦਾ ਮੁੱਖ ਜਿੰਮੇਵਾਰ ਦੁਨੀਆਂ ਦਾ ਸਰਮਾਏ ਦਾਰੀ ਢਾਂਚਾ ਹੈ ਅਤੇ ਜਦੋਂ ਤੱਕ ਇਸ ਸਰਮਾਏ ਦੇ ਦੈਂਤ ਵਿਰੁੱਧ ਸੰਘਰਸ਼ ਨਹੀਂ ਲੜਿਆ ਜਾਂਦਾ ਇਹ ਹਮਲੇ ਵੀ ਨਹੀਂ ਰੁਕਣੇ। ਉਕਤ ਆਗੂਆਂ ਨੇ ਅੱਗੇ ਕਿਹਾ ਕਿ ਇਹਨਾਂ ਅੱਤਵਾਦੀ ਹਮਲਿਆਂ ਅਤੇ ਦੁਨੀਆਂ ਵਿੱਚ ਚੱਲ ਰਹੀਆਂ ਜੰਗਾਂ ਦੇ ਖਾਤਮੇ ਲਈ ਸੰਸਾਰ ਪੱਧਰ ਜਮਾਤੀ ਭਾਈਚਾਰਕ ਏਕਤਾ ਦੀ ਲੋੜ ਹੈ ਅਤੇ ਇਸ ਜਮਾਤੀ ਏਕਤਾ ਨਾਲ ਹੀ ਇਸ ਮਨੁੱਖਤਾ ਵਿਰੋਧੀ ਦੈਂਤ ਨੂੰ ਹਰਾਇਆ ਜਾ ਸਕਦਾ ਹੈ। ਉਕਤ ਆਗੂਆਂ ਨੇ ਅੱਗੇ ਕਿਹਾ ਕਿ ਬਨੇਗਾ ਪ੍ਰਾਪਤੀ ਮੁਹਿੰਮ ਹਰ ਇੱਕ ਲਈ ਰੁਜ਼ਗਾਰ ਦੀ ਗਰੰਟੀ ਲਈ ਸੰਘਰਸ਼ ਕਰ ਰਹੀ ਹੈ ਅਤੇ ਇਸ ਕਾਨੂੰਨ ਦੀ ਪ੍ਰਾਪਤੀ ਨਾਲ ਜਿੱਥੇ ਹਰ ਇੱਕ ਲਈ ਮਨੁੱਖ ਨੂੰ ਕੰਮ ਮਿਲੇਗਾ ਤਾਂ ਕੋਈ ਵੀ ਬੇਰੁਜ਼ਗਾਰ ਨੌਜਵਾਨ ਮਜ਼ਬੂਰੀ ਵੱਸ ਅੱਤਵਾਦ, ਧਾਰਮਿਕ ਫਿਰਕੂ ਜਹਿਰ ਅਤੇ ਜਲਾਲਤ ਦਾ ਸ਼ਿਕਾਰ ਨਹੀਂ ਹੋਵੇਗਾ ਅਤੇ ਚੰਗੇ ਵਿਚਾਰਾਂ ਦਾ ਧਾਰਨੀ ਹੋ ਕੇ ਕਦੇ ਵੀ ਕਿਸੇ ਪਿੱਛੇ ਲੱਗ ਕੇ ਹਥਿਆਰ ਨਹੀਂ ਚੁੱਕੇਗਾ। ਇਸ ਮੌਕੇ ਹੋਰਾਂ ਤੋਂ ਇਲਾਵਾ ਮੰਜੂ ਬਾਲਾ, ਬਲਵਿੰਦਰ ਮਹਾਲਮ, ਛਿੰਦਰਪਾਲ ਛੱਪੜੀ ਵਾਲਾ,ਮੰਗਤ ਮਹਾਲਮ, ਬਲਦੇਵ ਘੁਬਾਇਆ,ਰਣਜੀਤ ਖਿਲਚੀਆਂ,ਬਲਕਾਰ ਸਿੰਘ ਚੱਕ ਵਜੀਦਾ ਅਤੇ ਬਲਵਿੰਦਰ ਪੁਰੀ ਨੇ ਵੀ ਸੰਬੋਧਨ ਕੀਤਾ।

# ਬ੍ਰਹਮ ਸਰੂਪ ਧਾਮ ਪੋਜੇਵਾਲ ਵਿਖੇ ਤਿੰਨ ਰੋਜ਼ਾ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਪਹੁੰਚੇ ਪ੍ਰਸ਼ਾਸ਼ਨਿਕ ਅਧਿਕਾਰੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com



ਸੜੋਆ (ਸਤਨਾਮ ਸਿੰਘ ਸਹੁੰਗੜਾ) ਮਹਾਰਾਜ ਬ੍ਰਹਮਸਾਗਰ ਭੂਰੀਵਾਲੇ ਗੁਰਗੱਦੀ ਪਰੰਪਰਾ ਦੇ ਤੀਜੇ ਗੱਦੀਨਸ਼ੀਨ ਬ੍ਰਹਮਲੀਨ ਸਤਿਗੁਰੂ ਬ੍ਰਹਮਾ ਨੰਦ ਜੀ ਭੂਰੀਵਾਲਿਆ ਦੇ 23ਵੇਂ ਨਿਰਵਾਣ ਦਿਵਸ ਸਬੰਧੀ ਤਿੰਨ ਰੋਜ਼ਾ ਸੰਤ ਸਮਾਗਮ ਮੌਜੂਦਾ ਗੱਦੀਨਸ਼ੀਨ ਸ੍ਰੀ ਸਤਿਗੁਰੂ ਵੇਦਾਂਤ ਅਚਾਰੀਆ ਸਵਾਮੀ ਚੇਤਨਾ ਨੰਦ ਜੀ ਮਹਾਰਾਜ ਭੂਰੀਵਾਲਿਆ ਦੀ ਸਰਪ੍ਰਸਤੀ ਹੇਠ ਮਿਤੀ 29, 30 ਅਪ੍ਰੈਲ ਤੇ 1ਮਈ ਨੂੰ ਬ੍ਰਹਮ ਸਰੂਪ ਧਾਮ ਪੋਜੇਵਾਲ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਤਿੰਨ ਰੋਜ਼ਾ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਦੇ ਸਮੁੱਚੇ ਅਧਿਕਾਰੀ ਬ੍ਰਹਮ ਸਰੂਪ ਧਾਮ ਪੋਜੇਵਾਲ ਵਿਖੇ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਮਹਾਰਾਜ ਭੂਰੀਵਾਲੇ ਗਰੀਬਦਾਸੀ ਐਜੂਕੇਸ਼ਨ ਟਰੱਸਟ ਦੇ ਮੈਂਬਰਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 29 ਅਪ੍ਰੈਲ ਨੂੰ ਮੌਜੂਦਾ ਗੱਦੀਨਸ਼ੀਨ ਵੇਦਾਂਤ ਅਚਾਰੀਆ ਸਵਾਮੀ ਚੇਤਨਾ ਨੰਦ ਜੀ ਮਹਾਰਾਜ ਭੂਰੀਵਾਲੇ ਜਗਤ ਗੁਰੂ ਬਾਬਾ ਗਰੀਬਦਾਸ ਜੀ ਦੀ ਰਚਿਤ ਬਾਣੀ ਦੇ ਪਾਠ ਪ੍ਰਕਾਸ਼ ਆਰੰਭ ਕਰਨਗੇ। 30 ਅਪ੍ਰੈਲ ਨੂੰ ਮੱਧ ਦੀ ਬਾਣੀ ਦੇ ਪਾਠ ਦੇ ਭੋਗ ਪਾਏ ਜਾਣਗੇ ਉਪਰੰਤ ਸਤਿਗੁਰੂ ਮਹਾਰਾਜ ਬ੍ਰਹਮਾ ਨੰਦ ਜੀ ਭੂਰੀਵਾਲਿਆਂ ਦੀ ਯਾਦ ਨੂੰ ਸਮਰਪਿਤ ਪੀ ਜੀ ਆਈ ਚੰਡੀਗੜ੍ਹ ਦੇ ਮਾਹਿਰ ਡਾਕਟਰਾਂ ਦੀ ਬਲੱਡ ਬੈਂਕ ਟੀਮ ਦੇ ਵੱਲੋਂ ਖੂਨਦਾਨ ਕੈਂਪ ਵੀ ਲਗਾਇਆ ਜਾਵੇਗਾ ਤੇ ਨਾਲ ਹੋਮਿਉਪੈਥਿਕ,ਐਲੋਪੈਥਿਕ ਕੈਂਪ ਲਗਾਇਆ ਜਾਵੇਗਾ। ਸਮਾਗਮ ਦੇ ਅੰਤਿਮ ਦਿਨ 1 ਮਈ ਨੂੰ ਚੱਲ ਰਹੀ ਬਾਣੀ ਦੇ ਸੰਪੂਰਨ ਪਾਠ ਦੇ ਭੋਗ ਮੌਜੂਦਾ ਗੱਦੀਨਸ਼ੀਨ ਵੇਦਾਂਤ ਅਚਾਰੀਆ ਸਵਾਮੀ ਚੇਤਨਾ ਨੰਦ ਜੀ ਮਹਾਰਾਜ ਭੂਰੀਵਾਲਿਆਂ ਵੱਲੋਂ ਪਾਏ ਜਾਣਗੇ। ਉਪਰੰਤ ਸਮਾਗਮ ਦੇ ਦੌਰਾਨ ਰੋਜ਼ਾਨਾ ਰਾਤ ਸਮੇਂ ਸੰਧਿਆ ਆਰਤੀ ਤੇ ਹੋਰ ਸੰਪਰਦਾਇ ਤੇ ਪਹੁੰਚ ਰਹੇ ਸੰਤ ਮਹਾਂਪੁਰਸ਼ ਦੇਸ਼ ਵਿਦੇਸ਼ ਤੋਂ ਪਹੁੰਚ ਰਹੀਆਂ ਸੰਗਤਾਂ ਤੇ ਸਤਿਸੰਗ ਦੇ ਜ਼ਰੀਏ ਸੰਗਤ ਤੇ ਅੰਮ੍ਰਿਤ ਵਰਖਾ ਕਰਨਗੇ। ਇਸ ਮੌਕੇ ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ, ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ, ਜ਼ਿਲ੍ਹਾ ਪੁਲਿਸ ਮੁਖੀ ਡਾ. ਮਹਿਤਾਬ ਸਿੰਘ, ਅਸ਼ੋਕ ਕਟਾਰੀਆ, ਏ ਡੀ ਸੀ ਰਾਜੀਵ ਵਰਮਾ, ਡੀ ਐਸ ਪੀ ਬਲਾਚੌਰ ਸ਼ਾਮ ਸੁੰਦਰ, ਥਾਣਾ ਮੁਖੀ ਸਤਨਾਮ ਸਿੰਘ ਪੋਜੇਵਾਲ,ਐਕਸੀਅਨ ਬਿਜਲੀ ਵਿਭਾਗ ਆਦਿ ਵੱਖ-ਵੱਖ ਅਧਿਕਾਰੀ ਹਾਜ਼ਰ ਸਨ।

# ਵਧੀਕ ਡਿਪਟੀ ਕਮਿਸ਼ਨਰ ਰਾਜੀਵ ਵਰਮਾ ਨੇ ਮੈਰਾਥਨ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ

## ਜ਼ਿਲ੍ਹਾ ਵਾਸੀਆਂ ਨੂੰ ਸਨਿੱਚਰਵਾਰ ਸਵੇਰੇ 6.30 ਵਜੇ ਆਈ.ਟੀ.ਆਈ ਗਰਾਊਂਡ ਪਹੁੰਚਣ ਦਾ ਦਿੱਤਾ ਸੱਦਾ



ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਲੋਕਾਂ ਨੂੰ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ, ਸ਼ਹੀਦ ਭਗਤ ਸਿੰਘ ਨਗਰ ਵੱਲੋਂ 26 ਅਪ੍ਰੈਲ, ਦਿਨ ਸਨਿੱਚਰਵਾਰ ਨੂੰ ਕਰਵਾਈ ਜਾ ਰਹੀ ਵਿਸ਼ਾਲ ਮੈਰਾਥਨ ਦੀਆਂ ਤਿਆਰੀਆਂ ਦਾ ਵਧੀਕ ਡਿਪਟੀ ਕਮਿਸ਼ਨਰ ਜਨਰਲ ਰਾਜੀਵ ਵਰਮਾ ਵੱਲੋਂ ਜਾਇਜ਼ਾ ਲਿਆ ਗਿਆ। ਇਸ ਸਬੰਧੀ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਦੌਰਾਨ ਉਨਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੀ ਅਗਵਾਈ ਹੇਠ ਆਈ.ਟੀ. ਆਈ ਗਰਾਊਂਡ ਨਵਾਂਸ਼ਹਿਰ ਤੋਂ ਕਰਵਾਈ ਜਾ ਰਹੀ ਇਸ ਮੈਰਾਥਨ ਵਿਚ ਜ਼ਿਲ੍ਹੇ ਦੀਆਂ ਉੱਘੀਆਂ ਸ਼ਖਸੀਅਤਾਂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਕਰਮਚਾਰੀ, ਵਿਦਿਆਰਥੀ, ਅਧਿਆਪਕ, ਖਿਡਾਰੀ, ਪਿੰਡਾਂ ਦੇ ਪੰਚ-ਸਰਪੰਚ, ਯੂਥ ਕਲੱਬਾਂ ਦੇ ਮੈਂਬਰ, ਵਲੰਟੀਅਰ ਅਤੇ ਜ਼ਿਲ੍ਹਾ ਵਾਸੀ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰਕੇ ਨਸ਼ਿਆਂ ਦੇ ਖਿਲਾਫ਼ ਲੜਾਈ ਵਿਚ ਮੋਹਰੀ ਭੂਮਿਕਾ ਨਿਭਾਉਣ ਦਾ ਅਹਿਦ ਲੈਣ ਦੇ ਨਾਲ-ਨਾਲ ਨਸ਼ਿਆਂ ਦੇ ਮਾੜੇ ਅਸਰ ਬਾਰੇ ਜਾਗਰੂਕ ਕਰਨ ਲਈ ਵੀ ਆਪਣਾ ਫਰਜ਼ ਨਿਭਾਉਣਗੇ। ਇਸ ਦੌਰਾਨ ਉਨਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਦੀ ਤਾਕੀਦ ਕੀਤੀ, ਤਾਂ ਜੋ ਇਸ ਮੈਰਾਥਨ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਮੈਰਾਥਨ ਦਾ ਮੁੱਖ ਮਕਸਦ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਅਸਰ ਬਾਰੇ ਜਾਣੂ ਕਰਵਾਉਣ ਦੇ ਨਾਲ-ਨਾਲ ਸਮਾਜ ਦੀ ਨਸ਼ਿਆਂ ਖ਼ਿਲਾਫ਼ ਜੰਗ ਵਿਚ ਭਾਗੀਦਾਰੀ ਵਧਾਉਣਾ ਹੈ। ਉਨ੍ਹਾਂ ਦੱਸਿਆ ਕਿ ਇਹ ਮੈਰਾਥਨ ਆਈ.ਟੀ.ਆਈ ਗਰਾਊਂਡ ਨਵਾਂਸ਼ਹਿਰ ਤੋਂ ਸਵੇਰੇ 6.30 ਵਜੇ ਸ਼ੁਰੂ ਹੋਵੇਗੀ ਅਤੇ ਰਾਜਾ ਹਸਪਤਾਲ, ਬਾਰਾਦਰੀ ਬਾਗ਼, ਸਰਕਾਰੀ ਮੁੜ ਵਸੇਬਾ ਕੇਂਦਰ ਅਤੇ ਬਾਬਾ ਸਾਹਿਬ ਡਾ. ਬੀ. ਆਰ ਅੰਬੇਡਕਰ ਚੌਕ ਤੋਂ ਹੁੰਦੀ ਹੋਈ ਵਾਪਸ ਆਈ.ਟੀ.ਆਈ ਗਰਾਊਂਡ ਵਿਖੇ ਸਮਾਪਤ ਹੋਵੇਗੀ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਸੱਦਾ ਦਿੱਤਾ ਕਿ ਉਹ ਵੱਧ ਤੋਂ ਵੱਧ ਗਿਣਤੀ ਵਿਚ ਸਨਿਚਰਵਾਰ ਨੂੰ ਸਵੇਰੇ 6.30 ਵਜੇ ਆਈ.ਟੀ.ਆਈ ਗਰਾਊਂਡ ਪਹੁੰਚ ਕੇ ਇਸ ਮੈਰਾਥਨ ਦਾ ਹਿੱਸਾ ਬਣਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਨੂੰ ਨਸ਼ਾ ਮੁਕਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਵਿਚ ਆਪਣਾ ਵਡਮੁੱਲਾ ਯੋਗਦਾਨ ਦੇਣ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ, ਸਹਾਇਕ ਕਮਿਸ਼ਨਰ ਜਨਰਲ ਰੋਹਿਤ ਜਿੰਦਲ, ਸੀ.ਐਮ ਫੀਲਡ ਅਫ਼ਸਰ ਜਗਦੀਪ ਸਿੰਘ, ਜ਼ਿਲਾ ਮਾਲ ਅਫ਼ਸਰ ਮਨਦੀਪ ਸਿੰਘ ਮਾਨ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਨਿਧੀ ਸਿਨਹਾ, ਡੀ.ਐਸ.ਪੀ ਸੁਰਿੰਦਰ ਚਾਂਦ, ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਭਾਸ਼ਾ ਵਿਭਾਗ ਵੱਲੋਂ ਡਾ. ਸੁਰਜੀਤ ਪਾਤਰ ਯੁਵਾ ਸਾਹਿਤ ਪੁਰਸਕਾਰ ਲਈ ਪੁਸਤਕਾਂ ਦੀ ਮੰਗ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਪੰਜਾਬ ਸਰਕਾਰ ਅਤੇ ਨਿਰਦੇਸ਼ਕ ਭਾਸ਼ਾ ਵਿਭਾਗ, ਪੰਜਾਬ ਜਸਵੰਤ ਸਿੰਘ ਜ਼ਫ਼ਰ ਦੇ ਦਿਸ਼ਾ ਨਿਰਦੇਸ਼ ਹੇਠ ਪਿਛਲੇ ਵਰ੍ਹੇ ਵਿਛੋੜਾ ਦੇ ਗਏ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਡਾ. ਸੁਰਜੀਤ ਪਾਤਰ ਜੀ ਦੇ ਨਾਮ 'ਤੇ ਨੌਜਵਾਨ ਪੀੜ੍ਹੀ ਨੂੰ ਉਤਸ਼ਾਹਿਤ ਕਰਨ ਲਈ ਡਾ. ਸੁਰਜੀਤ ਪਾਤਰ ਯੁਵਾ ਸਾਹਿਤ ਪੁਰਸਕਾਰ ਵਾਸਤੇ ਪੁਸਤਕਾਂ ਦੀ ਮੰਗ ਕੀਤੀ ਗਈ ਹੈ। ਇਸ ਸਬੰਧੀ ਵਿਸਤਾਰ ਨਾਲ ਗੱਲ ਕਰਦਿਆਂ ਡਾ. ਜਸਵੰਤ ਰਾਏ ਜ਼ਿਲ੍ਹਾ ਖੋਜ ਅਫ਼ਸਰ, ਹੁਸ਼ਿਆਰਪੁਰ ਨੇ ਦੱਸਿਆ ਕਿ ਕਿਸੇ ਵੀ ਵਿਧਾ ਦੀ ਪੰਜਾਬੀ ਦੀ ਪੁਸਤਕ ਲਿਖਣ ਵਾਲਾ ਵਿਦਿਆਰਥੀ ਇਸ ਪੁਰਸਕਾਰ ਲਈ ਦਾਅਵੇਦਾਰ ਹੋ ਸਕਦਾ ਹੈ। ਵਿਦਿਆਰਥੀ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਰਹਿੰਦਾ ਅਤੇ ਪੜ੍ਹਦਾ ਹੋ ਸਕਦਾ ਹੈ। ਕਿਸੇ ਵੀ ਸਕੂਲ/ਕਾਲਜ/ਯੂਨੀਵਰਸਿਟੀ ਦਾ ਵਿਦਿਆਰਥੀ ਜਿਸ ਦੀ ਉਮਰ 25 ਸਾਲ ਤੋਂ ਘੱਟ ਹੋਵੇ, ਇਸ ਪੁਰਸਕਾਰ ਲਈ ਆਪਣੀ ਦਾਅਵੇਦਾਰੀ ਪੇਸ਼ ਕਰ ਸਕਦਾ ਹੈ। ਸਕੂਲ/ਕਾਲਜ ਦਾ ਪ੍ਰਿੰਸੀਪਲ/ਯੂਨੀਵਰਸਿਟੀ ਦੇ ਵਿਭਾਗ ਦਾ ਮੁਖੀ ਵਿਦਿਆਰਥੀ ਦੀ ਪੁਸਤਕ ਦੀ ਮੌਲਿਕਤਾ ਸਬੰਧੀ ਸਰਟੀਫਿਕੇਟ ਦੇਵੇਗਾ। ਮੁਕਾਬਲੇ ਵਿਚ ਭਾਗ ਲੈਣ ਲਈ ਕੇਵਲ ਉਹ ਪੁਸਤਕ ਹੀ ਸ਼ਾਮਲ ਕੀਤੀ ਜਾ ਸਕੇਗੀ ਜਿਹੜੀ 01 ਜਨਵਰੀ, 2024 ਤੋਂ 31 ਦਸੰਬਰ, 2024 ਦੌਰਾਨ ਪ੍ਰਕਾਸ਼ਿਤ ਹੋਈ ਹੋਵੇ।ਯੁਵਾ ਸਾਹਿਤ ਪੁਰਸਕਾਰ ਲਈ ਬਿਨੈ ਪੱਤਰ ਅਤੇ ਨਿਯਮ ਭਾਸ਼ਾ ਵਿਭਾਗ ਪੰਜਾਬ ਦੀ ਵੈਬਸਾਈਟ ਜਾਂ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ। ਬਿਨੈ ਪੱਤਰ ਨਾਲ 4 ਪੁਸਤਕਾਂ ਦੇ ਸੈਟ ਨੂੰ ਨੱਥੀ ਕਰਕੇ 30 ਅਪ੍ਰੈਲ, 2025 ਤੱਕ ਭਾਸ਼ਾ



ਵਿਭਾਗ ਪੰਜਾਬ ਪਟਿਆਲਾ ਦੇ ਮੁੱਖ ਦਫ਼ਤਰ ਵਿਖੇ ਦਸਤੀ ਜਾਂ ਡਾਕ ਰਾਹੀਂ ਪਹੁੰਚਾਇਆ ਜਾ ਸਕਦਾ ਹੈ। ਚੁਣੇ ਗਏ ਯੁਵਾ ਸਾਹਿਤਕਾਰ ਨੂੰ ਵਿਭਾਗ ਦੇ ਸਲਾਨਾ ਸਮਾਗਮ ਵਿਚ ਇੱਕ ਲੱਖ ਰੁਪਏ ਨਗਦ ਰਾਸ਼ੀ, ਇੱਕ ਸ਼ਾਲ ਅਤੇ ਇੱਕ ਯਾਦ ਚਿਨ੍ਹ ਨਾਲ ਸਨਮਾਨਿਤ ਕੀਤਾ ਜਾਵੇਗਾ।

# ਕਿਰਾਏਦਾਰਾਂ ਅਤੇ ਨੌਕਰਾਂ ਦਾ ਪੂਰਾ ਵੇਰਵਾ ਜ਼ਿਲ੍ਹਾ ਤੇ ਪੁਲਿਸ ਪ੍ਰਸ਼ਾਸਨ ਨੂੰ ਦੇਣਾ ਲਾਜ਼ਮੀ



ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਜ਼ਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਇਹ ਹੁਕਮ ਜਾਰੀ ਕੀਤਾ ਹੈ ਕਿ ਜ਼ਿਲ੍ਹੇ ਦੇ ਮਿਊਂਸਪਲ ਕੌਂਸਲ, ਨਗਰ ਪੰਚਾਇਤਾਂ ਅਤੇ ਪਿੰਡਾਂ ਦੀਆਂ ਪੰਚਾਇਤਾਂ ਦੇ ਅਧਿਕਾਰ ਖੇਤਰ ਵਿਚ ਰਹਿਣ ਵਾਲਾ ਕੋਈ ਵੀ ਵਿਅਕਤੀ ਜੇਕਰ ਆਪਣੇ ਘਰ/ਹੋਟਲ/ਰੈਸਟੋਰੈਂਟ ਵਿਚ ਕਿਰਾਏਦਾਰ/ਨੌਕਰ/ਪੇਇੰਗ ਗੈਸਟ/ਨੇਪਾਲੀ ਲਾਂਗਰੀ ਰੱਖੇਗਾ, ਤਾਂ ਉਹ ਉਸ ਦੀ ਸੂਚਨਾ dc_nawanshahr@rediffmail.com ਅਤੇ dpo.nsr.police@punjab.gov.in 'ਤੇ ਇਕ ਹਫ਼ਤੇ ਦੇ ਅੰਦਰ-ਅੰਦਰ ਦੇਣ ਲਈ ਪਾਬੰਦ ਹੋਵੇਗਾ। ਉਨ੍ਹਾਂ ਕਿਹਾ ਕਿ ਜਿਨ੍ਹਾਂ ਮਕਾਨ ਮਾਲਕਾਂ ਨੇ ਅਜੇ ਤੱਕ ਕਿਰਾਏਦਾਰਾਂ ਦੀ ਸੂਚਨਾ ਪੁਲਿਸ ਨੂੰ ਨਹੀਂ ਦਿੱਤੀ ਹੈ, ਉਹ ਉਕਤ ਈ-ਮੇਲ 'ਤੇ ਕਿਰਾਏਦਾਰ (ਨਾਮ, ਪਿਤਾ ਦਾ ਨਾਮ, ਫੋਟੋ ਅਤੇ ਆਧਾਰ ਕਾਰਡ) ਦੀ ਸੂਚਨਾ ਇਸ ਹੁਕਮ ਦੇ ਜਾਰੀ ਹੋਣ ਦੀ ਮਿਤੀ ਤੋਂ ਇਕ ਹਫ਼ਤੇ ਦੇ ਅੰਦਰ-ਅੰਦਰ ਦੇਣ। ਉਨ੍ਹਾਂ ਕਿਹਾ ਕਿ ਮਕਾਨ ਮਾਲਕਾਂ ਵੱਲੋਂ ਰੱਖੇ ਗਏ ਕਿਰਾਏਦਾਰ/ਨੌਕਰ/ਪੇਇੰਗ ਗੈਸਟ ਆਦਿ ਕਈ ਵਾਰ ਨਸ਼ੇ, ਅਸਮਾਜਿਕ ਅਤੇ ਅਪਰਾਧਿਕ ਪਿਛੋਕੜ ਦੇ ਹੁੰਦੇ ਹਨ ਅਤੇ ਕਿਰਾਏ ਵਾਲੇ ਮਕਾਨਾਂ ਅਤੇ ਪਬਲਿਕ ਸਥਾਨਾਂ 'ਤੇ ਹੁੜਦੰਗ ਕਰਦੇ ਰਹਿੰਦੇ ਹਨ, ਜਿਸ ਕਰਕੇ ਅਮਨ ਤੇ ਕਾਨੂੰਨ ਦੀ ਸਥਿਤੀ ਵਿਗੜਨ ਦਾ ਡਰ ਹੈ, ਪਰ ਮਕਾਨ ਮਾਲਕਾਂ ਵੱਲੋਂ ਇਨ੍ਹਾਂ ਕਿਰਾਏਦਾਰਾਂ ਦੀ ਸੂਚਨਾ ਪੁਲਿਸ ਪਾਸ ਸਮੇਂ ਸਿਰ ਦਰਜ ਨਹੀਂ ਕਰਵਾਈ ਜਾਂਦੀ ਹੈ। ਇਸ ਤਰ੍ਹਾਂ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਉਕਤ ਹੁਕਮ ਲਾਗੂ ਕੀਤਾ ਗਿਆ ਹੈ। ਇਹ ਹੁਕਮ 24 ਜੂਨ, 2025 ਤੱਕ ਲਾਗੂ ਰਹੇਗਾ।

# ਫਿਰੋਜ਼ਪੁਰ ਫੀਡਰ ਦੀ ਰੀਲਾਇਨਿੰਗ ਦਾ 647.62 ਕਰੋੜ ਦਾ ਪ੍ਰੋਜੈਕਟ ਪਾਸ-ਜਗਦੀਪ ਕੰਬੋਜ ਗੋਲਡੀ

## -ਕਿਹਾ, ਫਾਜ਼ਿਲਕਾ ਜਿਲ੍ਹੇ ਨੂੰ ਕਾਲੇ ਪਾਣੀ ਤੋਂ ਮਿਲੇਗੀ ਮੁਕਤੀ, -ਦੱਖਣੀ ਪੱਛਮੀ ਪੰਜਾਬ ਦੇ 4 ਜ਼ਿਲ੍ਹਿਆਂ ਦੇ ਖੇਤਾਂ ਨੂੰ ਮਿਲੇਗਾ ਸਿੰਚਾਈ ਲਈ ਭਰਪੂਰ ਪਾਣੀ

ਜਲਾਲਾਬਾਦ, 25 ਅਪ੍ਰੈਲ (ਮਨੋਜ ਕੁਮਾਰ, ਸੁਭਾਸ਼ ਸਿੰਘ) ਪੰਜਾਬ ਦੇ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਵੱਡੀ ਪਹਿਲ ਕਦਮੀ ਕਰਦਿਆਂ ਕੇਂਦਰੀ ਜਲ ਸ਼ਕਤੀ ਮੰਤਰਾਲੇ ਤੋਂ ਫਿਰੋਜ਼ਪੁਰ ਫੀਡਰ ਦੇ ਵਕਾਰੀ ਪ੍ਰੋਜੈਕਟ ਨੂੰ ਪ੍ਰਵਾਨ ਕਰਵਾਇਆ ਹੈ। 647.62 ਕਰੋੜ ਰੁਪਏ ਦੇ ਇਸ ਪ੍ਰੋਜੈਕਟ ਤਹਿਤ ਫਿਰੋਜ਼ਪੁਰ ਫੀਡਰ ਨਹਿਰ ਦਾ ਨਵੀਨੀਕਰਨ ਹੋਣਾ ਹੈ ਅਤੇ ਇਸਦੀ ਪਾਣੀ ਦੀ ਸਮਰੱਥਾ ਵਿਚ ਵਾਧਾ ਹੋਵੇਗਾ। ਇਹ ਜਾਣਕਾਰੀ ਜਲਾਲਾਬਾਦ ਦੇ ਵਿਧਾਇਕ ਸ੍ਰੀ ਜਗਦੀਪ ਕੰਬੋਜ ਗੋਲਡੀ ਨੇ ਦਿੱਤੀ ਹੈ। ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਕਿਹਾ ਕਿ ਇਸ ਪ੍ਰੋਜੈਕਟ ਤਹਿਤ ਹਰੀਕੇ ਤੋਂ ਨਿਕਲਣ ਵਾਲੀ ਫਿਰੋਜ਼ਪੁਰ ਫੀਡਰ ਦੀ ਰੀਲਾਇਨਿੰਗ ਕੀਤੀ ਜਾਵੇਗੀ ਅਤੇ ਇਸਦੀ ਸਮਰੱਥਾ 11192 ਕਿਊਸਿਕ ਤੋਂ ਵੱਧ ਕੇ 13845 ਕਿਊਸਿਕ ਹੋ ਜਾਵੇਗੀ। ਇਸ ਨਹਿਰ ਦੇ ਬਣਨ ਨਾਲ ਫਾਜ਼ਿਲਕਾ ਜ਼ਿਲ੍ਹੇ ਦੇ ਕੌਮਾਂਤਰੀ ਸਰਹੱਦੀ ਨਾਲ ਲੱਗਦੇ ਇਲਾਕਿਆਂ ਨੂੰ ਕਾਲੇ ਪਾਣੀ ਤੋਂ ਮੁਕਤੀ ਮਿਲੇਗੀ ਉਥੇ ਹੀ ਫਾਜ਼ਿਲਕਾ ਸਮੂਚੇ ਜ਼ਿਲ੍ਹੇ ਦੇ ਨਾਲ ਨਾਲ ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ ਜ਼ਿਲ੍ਹਿਆਂ ਦੇ ਕਿਸਾਨਾਂ ਨੂੰ ਵੀ ਭਰਪੂਰ ਨਹਿਰੀ ਪਾਣੀ ਮਿਲੇਗਾ। ਇਸ ਪ੍ਰੋਜੈਕਟ ਨੂੰ ਪ੍ਰਵਾਨ ਕਰਵਾਉਣ ਲਈ ਵਿਧਾਇਕ ਸ੍ਰੀ ਜਗਦੀਪ ਕੰਬੋਜ ਗੋਲਡੀ ਨੇ ਪੰਜਾਬ ਦੇ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ, ਜਲ ਸ੍ਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਦਾ ਧੰਨਵਾਦ ਕਰਦਿਆਂ ਕੇਂਦਰੀ ਜਲ ਸ਼ਕਤੀ ਮੰਤਰੀ ਸ੍ਰੀ ਆਰਸੀ ਪਾਟਿਲ ਦਾ ਵੀ ਧੰਨਵਾਦ ਕੀਤਾ ਹੈ। ਜਿਕਰਯੋਗ ਹੈ ਕਿ ਫਿਰੋਜ਼ਪੁਰ ਫੀਡਰ ਨਹਿਰ ਜੋ ਕਿ ਹਰੀਕੇ ਹੈਡਵਰਕਸ ਤੋਂ ਨਿਕਲਦੀ ਹੈ ਵਿਚੋਂ ਮੱਲਾਂਵਾਲਾ ਹੈਡ ਤੋਂ ਸਰਹਿੰਦ ਫੀਡਰ ਤੇ ਫਾਜ਼ਿਲਕਾ ਇਲਾਕੇ ਨੂੰ ਪਾਣੀ ਦੇਣ ਵਾਲੀ ਮੇਨ ਬ੍ਰਾਂਚ ਨਹਿਰ ਨਿਕਲਦੀ ਹੈ। ਸਰਹਿੰਦ ਫੀਡਰ ਨਹਿਰ ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ ਅਤੇ ਫਾਜ਼ਿਲਕਾ ਦੇ ਵੱਡੇ ਭੂ-ਭਾਗ ਨੂੰ ਸਿੰਚਾਈ ਤੇ ਪੀਣ ਲਈ ਪਾਣੀ ਮਿਲਦਾ ਹੈ। ਜਦ ਕਿ ਫਿਲਹਾਲ ਫਿਰੋਜ਼ਪੁਰ ਫੀਡਰ ਦੀ ਸਮਰੱਥਾ ਘੱਟ ਹੋਣ ਕਾਰਨ ਫਾਜ਼ਿਲਕਾ ਜ਼ਿਲ੍ਹੇ ਦੇ ਜਲਾਲਾਬਾਦ ਅਤੇ ਫਾਜ਼ਿਲਕਾ ਦੇ ਸਰਹੱਦੀ ਇਲਾਕਿਆਂ ਦੀ ਨਹਿਰਾਂ ਵਿਚ ਜੋ ਪਾਣੀ ਪਹੁੰਚਦਾ ਹੈ ਉਹ ਪਹਿਲਾਂ ਹਰੀਕੇ ਤੋਂ ਪਾਕਿਸਤਾਨ ਵਾਲੇ ਪਾਸੇ ਜਾ ਕੇ ਹੁਸੈਨੀਵਾਲਾ ਹੈਡਵਰਕਸ ਤੋਂ ਹੁੰਦਾ ਹੋਇਆ ਲੂਥਰ ਸਿਸਟਮ ਰਾਹੀਂ ਮਿਲਦਾ ਸੀ। ਇਸ ਤਰਾਂ ਪਾਕਿਸਤਾਨ ਵਾਲੇ ਪਾਸੇ ਇਸ ਵਿਚ ਫੈਕਟਰੀਆਂ ਆਦਿ ਦਾ ਗੰਦਾ ਪਾਣੀ ਮਿਲਣ ਨਾਲ ਇਹ ਪ੍ਰਦੂਸ਼ਤ ਪਾਣੀ ਸਰਹੱਦੀ ਇਲਾਕੇ



ਦੀਆਂ ਨਹਿਰਾਂ ਵਿਚ ਆਉਂਦਾ ਸੀ। ਪਰ ਇਸ ਨਹਿਰ ਦੇ ਬਣਨ ਨਾਲ ਹੁਣ ਇੰਨ੍ਹਾਂ ਸਰਹੱਦੀ ਇਲਾਕਿਆਂ ਨੂੰ ਵੀ ਉਕਤ ਨਹਿਰ ਰਾਹੀਂ ਬਾਲੇਵਾਲਾ ਹੈਡ ਤੋਂ ਪਾਣੀ ਮਿਲੇਗਾ ਜਿਸ ਨਾਲ ਸਾਫ ਪਾਣੀ ਨਹਿਰਾਂ ਵਿਚ ਆਵੇਗਾ। ਇਸਤੋਂ ਬਿਨ੍ਹਾਂ ਨਹਿਰ ਦੀ ਸਮਰੱਥਾ ਵੱਧਣ ਨਾਲ ਹੁਣ ਸਾਰੀਆਂ ਨਹਿਰਾਂ ਨੂੰ ਭਰਪੂਰ ਪਾਣੀ ਵੀ ਮਿਲੇਗਾ ਅਤੇ ਟੇਲਾਂ ਤੱਕ ਪਾਣੀ ਪੁੱਜਣ ਨਾਲ ਕਿਸਾਨਾਂ ਨੂੰ ਵੱਡਾ ਲਾਭ ਹੋਵੇਗਾ। ਵਿਧਾਇਕ ਸ੍ਰੀ ਜਗਦੀਪ ਕੰਬੋਜ ਗੋਲਡੀ ਨੇ ਕਿਹਾ ਕਿ ਸਾਫ ਪਾਣੀ ਨਾ ਕੇਵਲ ਸਾਡੀਆਂ ਫਸਲਾਂ ਸਗੋਂ ਸਾਡੇ ਲੋਕਾਂ ਦੀ ਸਿਹਤ ਲਈ ਵੀ ਲਾਭਦਾਇਕ ਸਿੱਧ ਹੋਵੇਗਾ।

# Phd. Technician..

ਕੀ ਸੁਣਿਆ ਕਦੇ ਕਿ ਫਰਿਜ਼,ਏ.ਸੀ.,ਕੂਲਰ ਠੀਕ ਕਰਨ ਵਾਲਾ ਟੈਕਨੀਸ਼ੀਅਨ Phd ਹੋਲਡਰ ਹੋਵੇ, ਇਕ ਵਾਰ ਤਾਂ ਬੰਦਾ ਸੁਣ ਕੇ ਹੈਰਾਨ ਪ੍ਰੇਸ਼ਾਨ ਹੋ ਜਾਂਦਾ। ਪਰ ਫ਼ਿਰ ਇਸ ਇਨਸਾਨ ਦੀ ਮਿਹਨਤ ਅਤੇ ਸ਼ਿੱਦਤ ਨੂੰ ਸੁਣ ਕੇ ਯਕੀਨ ਆ ਜਾਂਦਾ। ਪਿੰਡ ਚੜ੍ਹੇਵਾਨ ਤੋਂ ਡਾ. ਤਰਸੇਮ ਸਿੰਘ ਨੇ ਉਹ ਕੰਮ ਕਰ ਵਿਖਾਇਆ ਹੈ। ਜਿਸ ਨੂੰ ਕਰਨ ਲਈ ਵਾਹਵਾ ਮਗਜ਼ ਖਪਾਈ ਅਤੇ ਲੰਮਾ ਸੰਘਰਸ਼ ਕਰਨਾ ਪੈਂਦਾ ਹੈ।ਇਹਨਾਂ ਨੇ ਦੇਸ਼ ਭਗਤ ਯੂਨੀਵਰਸਿਟੀ



ਤੋਂ ਸ੍ਰੀ ਮੁਕਤਸਰ ਸਾਹਿਬ ਅਤੇ ਫਰੀਦਕੋਟ ਜ਼ਿਲ੍ਹਿਆਂ ਵਿੱਚ ਕਿਰਸਾਨੀ ਖੁਦਕੁਸ਼ੀਆਂ ਬਾਰੇ ਥੀਸਿਸ ਤੇ ਪੀ.ਐੱਚ. ਡੀ. ਕੀਤੀ ਹੈ । ਹੋਰ ਵੀ ਬਹੁਤ ਡਿਗਰੀਆਂ ਕੀਤੀਆਂ ਹਨ ਤੇ ਹੁਣ ਡੀ. ਲਿੱਟ. ਦੀ ਤਿਆਰੀ ਕਰ ਰਹੇ ਹਨ। ਜਿੱਥੇ ਚੰਗਾ ਪੜ੍ਹਿਆ ਲਿਖਿਆ ਇਨਸਾਨ ਵੀ ਅਜਿਹੀ ਡਿਗਰੀ ਕਰਨ ਬਾਰੇ ਸੋਚ ਵੀ ਨਹੀਂ ਸਕਦਾ ਅਤੇ ਅਜਿਹੀ ਡਿਗਰੀ ਨੂੰ ਹੱਥ ਪਾਉਣਾ ਵੀ ਮਾਊਂਟ ਐਵਰੈਸਟ ਨੂੰ ਮੱਥਾ ਲਾਉਣ ਦੇ ਸਮਾਨ ਹੈ। ਇਹਨਾਂ ਦੀ ਹੌਂਸਲਾ ਅਫ਼ਜ਼ਾਈ ਕਰਦਿਆਂ ਅਤੇ ਸ਼ੁਭਕਾਮਨਾਵਾਂ ਦਿੰਦਿਆਂ ਅਸੀਂ ਨਿਮਾਣਾ ਜਿਹਾ ਯਾਦਗਾਰੀ ਚਿੰਨ੍ਹ ਦਿੰਦਿਆਂ ਬਹੁਤ ਖ਼ੁਸ਼ੀ ਅਤੇ ਸਕੂਨ ਮਹਿਸੂਸ ਕਰ ਰਹੇ ਹਾਂ।

ਚਰਨਜੀਤ ਸਿੰਘ
ਮੁਕਤਸਰ,
ਸੈਂਟਰ ਹੈੱਡ ਟੀਚਰ, ਸਰਕਾਰੀ ਪ੍ਰਾਇਮਰੀ ਸਕੂਲ ਝਬੇਲਵਾਲੀ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ।

# 25/4.ਪ੍ਰੈਸ ਕਾਨਫਰੰਸ ਪਟਿਆਲਾ: ਹਾਈ ਕੋਰਟ ਦੀਆਂ ਹਦਾਇਤਾਂ ਦੀ ਉਲੰਘਣਾ - ਆਰ.ਟੀ.ਈ 2009, ਐਕਟ (ਸਿੱਖਿਆ ਦਾ ਅਧਿਕਾਰ ਕਾਨੂੰਨ, 2009) ਅਨੁਸਾਰ, ਪੰਜਾਬ ਸਰਕਾਰ ਅਤੇ ਪ੍ਰਾਈਵੇਟ ਸਕੂਲ, ਗਰੀਬ ਅਤੇ ਕਮਜੋਰ ਵਰਗ ਦੇ ਵਿਦਿਆਰਥੀਆਂ ਨੂੰ 25% ਦਾਖਲੇ ਨਹੀਂ ਦੇ ਰਹੇ

## ਸਕੂਲਾਂ ਵਿੱਚ ਦਾਖਲੇ ਲਈ ਬਹੁਤ ਘੱਟ ਸਮਾਂ ਬਚਿਆ ਹੈ ਪਰ ਜ਼ਿਲ੍ਹਾ ਸਿਖਿਆ ਅਧਿਕਾਰੀ ਦਾਖਲੇ ਕਰਨ ਲਈ ਸਰਗਰਮ ਵਿਖਾਈ ਨਹੀਂ ਦੇ ਰਹੇ। ਸਰਕਾਰ ਨੇ ਦਾਖਲੇ ਲਈ ਕੋਈ ਅਰਜ਼ੀ ਫਾਰਮ ਜਾਰੀ ਨਹੀਂ ਕੀਤਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com

ਸਮੁੱਚੇ ਭਾਰਤ ਵਿੱਚ 1 ਅਪ੍ਰੈਲ, 2010 ਤੋਂ ਲਾਗੂ ਹੋ ਚੁੱਕੇ ਸਿੱਖਿਆ ਦਾ ਅਧਿਕਾਰ ਕਾਨੂੰਨ, 2009 ਤਹਿਤ ਪ੍ਰਾਈਵੇਟ ਸਕੂਲਾਂ ਨੂੰ ਪ੍ਰੀ-ਨਰਸਰੀ ਤੋਂ ਲੈ ਕੇ 8ਵੀਂ ਤੱਕ ਦੀਆਂ ਕਲਾਸਾਂ ਵਿੱਚ 25% ਸੀਟਾਂ ਗਰੀਬ ਅਤੇ ਵੰਚਿਤ ਵਰਗਾਂ ਦੇ ਬੱਚਿਆਂ ਲਈ ਰਾਖਵਾਂ ਰੱਖਣੀਆਂ ਲਾਜ਼ਮੀ ਹਨ।

ਪਰੰਤੂ ਪੰਜਾਬ ਸਰਕਾਰ ਵਲੋਂ 2011 ਵਿੱਚ ਬਣਾਏ ਗਏ ਪੰਜਾਬ ਆਰ.ਟੀ.ਈ ਰੂਲਜ਼ ਵਿੱਚ ਗੈਰ-ਸੰਵਿਧਾਨਕ ਨਿਯਮ 7(4) ਦੇ ਕਾਰਨ ਇਹ ਕਾਨੂੰਨ ਪੰਜਾਬ ਵਿੱਚ ਕਦੇ ਲਾਗੂ ਹੀ ਨਹੀਂ ਹੋਇਆ। ਇਸ ਕਰਕੇ 2010 ਤੋਂ 2025 ਤੱਕ ਲਗਭਗ 10 ਲੱਖ ਗਰੀਬ ਬੱਚਿਆਂ ਨੂੰ ਨਿੱਜੀ ਸਕੂਲਾਂ ਵਿੱਚ ਮਿਆਰੀ ਸਿੱਖਿਆ ਤੋਂ ਵਾਂਝਾ ਰਹਿਣਾ ਪਿਆ।

18 ਜਨਵਰੀ 2024 ਵਿੱਚ ਕੁਝ ਸੁਚੇਤ ਅਤੇ ਜਾਗਰੂਕ ਨਾਗਰਿਕਾਂ ਵਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਾਖਲ ਕੀਤੀ ਗਈ ਪਬਲਿਕ ਇੰਟਰੈਸਟ ਲਿਟੀਗੇਸ਼ਨ (ਪੀ.ਆਈ.ਐਲ.) ਤੇ ਸੁਣਵਾਈ ਕਰਦੇ ਹੋਏ, 19 ਫਰਵਰੀ 2025 ਨੂੰ ਹਾਈ ਕੋਰਟ ਨੇ ਇਤਿਹਾਸਕ ਫੈਸਲਾ ਲੈਂਦੇ ਹੋਏ ਪੰਜਾਬ ਸਰਕਾਰ ਦੁਆਰਾ ਬਣਾਏ ਨਿਯਮ 7(4) ਨੂੰ ਰੱਦ ਕਰ ਦਿੱਤਾ ਅਤੇ ਇਸਨੂੰ ਆਰ.ਟੀ.ਈ ਐਕਟ 2009 ਦੀ ਰੂਹ ਅਤੇ ਉਦੇਸ਼ ਦੇ ਉਲਟ ਕਰਾਰ ਦਿੱਤਾ।

ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਹੁਕਮ ਦਿੱਤਾ ਕਿ ਸੈਸ਼ਨ 2025-26 ਲਈ ਨਿੱਜੀ ਸਕੂਲਾਂ ਵਿੱਚ 25% ਦਾਖਲੇ ਯਕੀਨੀ ਬਣਾਏ ਜਾਣ। ਨਤੀਜੇ ਵਜੋਂ ਪੰਜਾਬ ਕੈਬਨਿਟ ਨੇ ਨਿਯਮ 7(4) ਨੂੰ ਰੱਦ ਕਰ ਦਿੱਤਾ ਅਤੇ ਪੰਜਾਬ ਸਰਕਾਰ ਵਲੋਂ 21 ਮਾਰਚ 2025 ਨੂੰ ਡੀ.ਪੀ. ਆਈ.(ਪ੍ਰਾਇਮਰੀ), ਪੰਜਾਬ ਅਤੇ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਦਾਖਲਿਆਂ ਸਬੰਧੀ ਜਰੂਰੀ ਨਿਰਦੇਸ਼ ਜਾਰੀ ਕਰ ਦਿੱਤੇ। ਇਸ ਤੋਂ ਇਲਾਵਾ, ਡੀ.ਪੀ.ਆਈ.(ਐਲੀਮੈਂਟਰੀ), ਪੰਜਾਬ ਨੇ 24 ਮਾਰਚ 2025 ਨੂੰ ਸਾਰੇ ਪ੍ਰਾਈਵੇਟ ਸਕੂਲਾਂ ਨੂੰ ਹਾਈ ਕੋਰਟ ਦੇ ਹੁਕਮਾਂ ਨੂੰ ਲਾਗੂ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ।




ਪਰ ਜ਼ਮੀਨੀ ਹਕੀਕਤ ਬਿਲਕੁਲ ਵੱਖਰੀ ਹੈ। ਨਿੱਜੀ ਸਕੂਲਾਂ ਵਲੋਂ ਹਾਲੇ ਵੀ ਬੱਚਿਆਂ ਦੇ ਦਾਖਲੇ ਨਹੀਂ ਕੀਤੇ ਜਾ ਰਹੇ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ) ਵੀ ਆਪਣਾ ਕਰਤੱਵ ਨਹੀਂ ਨਿਭਾ ਰਹੇ।

ਇੱਥੇ ਉਨ੍ਹਾਂ ਕਾਰਨਾਂ ਦਾ ਜ਼ਿਕਰ ਕਰਨਾ ਬਣਦਾ ਹੈ ਜਿਨ੍ਹਾਂ ਕਰਕੇ ਵਿਦਿਆਰਥੀਆਂ ਨੂੰ ਦਾਖਲਾ ਲੈਣ ਵਿੱਚ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਸਰਕਾਰ ਨੇ ਹਾਈ ਕੋਰਟ ਦੇ ਹੁਕਮਾਂ ਤਹਿਤ ਪ੍ਰਾਈਵੇਟ ਸਕੂਲਾਂ ਵਿੱਚ ਬੱਚਿਆਂ ਦੇ ਦਾਖਲੇ ਬਾਰੇ ਆਮ ਲੋਕਾਂ ਵਿੱਚ ਜਾਗਰੂਕਤਾ ਪੈਦਾ ਨਹੀਂ ਕੀਤੀ। ਆਮ ਲੋਕਾਂ ਕੋਲ ਪ੍ਰਾਈਵੇਟ ਸਕੂਲਾਂ ਦੀ ਕੋਈ ਸੂਚੀ ਨਹੀਂ ਹੈ ਜਿੱਥੇ ਬੱਚਿਆਂ ਨੇ ਦਾਖਲਾ ਲੈਣਾ ਹੈ। ਸਕੂਲਾਂ ਵਿੱਚ ਦਾਖਲੇ ਲਈ ਬਹੁਤ ਘੱਟ ਸਮਾਂ ਬਚਿਆ ਹੈ ਪਰ ਜ਼ਿਲ੍ਹਾ ਸਿਖਿਆ ਅਧਿਕਾਰੀ ਦਾਖਲੇ ਕਰਨ ਲਈ ਸਰਗਰਮ ਵਿਖਾਈ ਨਹੀਂ ਦੇ ਰਹੇ। ਸਰਕਾਰ ਨੇ ਦਾਖਲੇ ਲਈ ਕੋਈ ਅਰਜ਼ੀ ਫਾਰਮ ਜਾਰੀ ਨਹੀਂ ਕੀਤਾ। ਆਮਦਨ ਅਤੇ ਜਾਤੀ ਆਦਿ ਦਸਤਾਵੇਜਾਂ ਬਾਰੇ ਕੋਈ ਨਿਰਦੇਸ਼ ਜਾਰੀ ਨਹੀਂ ਕੀਤੇ ਗਏ। ਆਰਥਿਕ ਤੌਰ ਤੇ ਕਮਜ਼ੋਰ ਵਿਦਿਆਰਥੀਆਂ ਦੇ ਦਾਖਲੇ ਲਈ ਆਮਦਨ ਸੀਮਾ ਬਾਰੇ ਕੋਈ ਸਪੱਸ਼ਟਤਾ ਨਹੀਂ ਹੈ। ਪ੍ਰਾਈਵੇਟ ਸਕੂਲਾਂ ਨੂੰ ਪੰਜਾਬ ਸਰਕਾਰ ਦੁਆਰਾ ਵਿਦਿਆਰਥੀਆਂ ਦੀ ਫੀਸ ਦੇ ਭੁਗਤਾਨ ਬਾਰੇ ਕੋਈ ਜਾਣਕਾਰੀ ਨਹੀਂ ਹੈ। ਅਜਿਹੇ ਸਕੂਲਾਂ ਅੰਦਰ ਸਮੇਂ ਸਿਰ ਫੀਸਾਂ ਦੀ ਅਦਾਇਗੀ ਬਾਰੇ ਕਈ ਸ਼ੰਕੇ ਹਨ। ਇਸ ਲਈ ਸਰਕਾਰ ਨੂੰ ਬਿਨਾਂ ਕਿਸੇ ਦੇਰੀ ਦੇ ਇਹ ਸ਼ੰਕੇ ਦੂਰ ਕਰਨੇ ਚਾਹੀਦੇ ਹਨ। ਦਾਖਲਾ ਪ੍ਰਕਿਰਿਆ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰਾਂ, ਨਿੱਜੀ ਸਕੂਲਾਂ ਅਤੇ ਵਿਦਿਆਰਥੀਆਂ ਦੀ ਭੂਮਿਕਾ ਅਤੇ ਜ਼ਿਲ੍ਹਾ ਪੱਧਰੀ ਨਿਗਰਾਨ ਕਮੇਟੀਆਂ ਬਾਰੇ ਕੋਈ ਸਪੱਸ਼ਟ ਸਥਿਤੀ ਨਹੀਂ ਹੈ। ਦਾਖਲਾ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਕੋਈ ਵੈੱਬਸਾਈਟ ਵੀ ਵਿਕਸਿਤ ਨਹੀਂ ਕੀਤੀ ਗਈ ਹੈ। ਇਸ ਕਿਸਮ ਦਾ ਵਰਤਾਰਾ, ਲੋਕਤੰਤਰ ਅਧੀਨ, ਇੱਕ ਜਿੰਮੇਵਾਰ ਸਰਕਾਰੀ ਪ੍ਰਸਾਸ਼ਨ ਦੀ ਗਵਾਹੀ ਨਹੀਂ ਭਰਦਾ।

ਇਸ ਕਿਸਮ ਦਾ ਵਰਤਾਰਾ ਹਾਈ ਕੋਰਟ ਦੇ ਹੁਕਮਾਂ ਦੀ ਸਪੱਸ਼ਟ ਉਲੰਘਣਾ ਹੈ ਅਤੇ ਗਰੀਬ ਬੱਚਿਆਂ ਦੇ ਸੰਵਿਧਾਨਕ ਹੱਕਾਂ ਦੇ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ।

ਉਪਰੋਕਤ ਸਥਿਤੀ ਦੇ ਮੱਦੇਨਜਰ, ਸਾਰੇ ਸਮਾਜ ਸੇਵੀ ਅਤੇ ਸਮਾਜਿਕ ਜਥੇਬੰਦੀਆਂ ਜਲਦ ਹੀ ਜਨਤਕ ਤੌਰ ਤੇ ਰੋਸ ਪ੍ਰਗਟ ਕਰਨ ਲਈ ਮਜਬੂਰ ਹੋਣਗੀਆਂ ਅਤੇ ਹਾਈ ਕੋਰਟ ਵਿੱਚ ਅਦਾਲਤੀ ਹੁਕਮਾਂ ਦੀ ਮਾਨਹਾਨੀ ਲਈ ਪੰਜਾਬ ਸਰਕਾਰ ਅਤੇ ਪ੍ਰਾਇਵੇਟ ਸਕੂਲਾਂ ਦੇ ਗੈਰ-ਕਾਨੂੰਨੀ ਰਵਈਏ ਖਿਲਾਫ ਕੇਸ ਦਾਇਰ ਕੀਤਾ ਜਾਵੇਗਾ ਤਾਂ ਜੋ ਗਰੀਬ ਬੱਚਿਆਂ ਨੂੰ ਸਿੱਖਿਆ ਦਾ ਅਸਲ ਹੱਕ ਮਿਲ ਸਕੇ।

# ਜੰਮੂ ਕਸ਼ਮੀਰ ਦੇ ਪਹਿਲਗਾਮ ਵਿਖੇ ਹੋਏ ਅੱਤਵਾਦੀ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕਰਦੇ ਹਾਂ : ਸੁਖਦੇਵ ਬਿੱਟੂ ਵਿਜ਼, ਵਿਪਨ ਸੇਠੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com



ਜ਼ੀਰਾ 25 ਅਪ੍ਰੈਲ ( ਅੰਗਰੇਜ਼ ਬਰਾੜ ) - ਜੰਮੂ ਕਸ਼ਮੀਰ ਦੇ ਪਹਿਲਗਾਮ ਵਿੱਚ ਸੈਲਾਨੀਆਂ ਤੇ ਹੋਏ ਅੱਤਵਾਦੀ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕਰਦਿਆਂ ਉੱਘੇ ਸਮਾਜ ਸੇਵੀ ਅਤੇ ਨਗਰ ਕੌਂਸਲ ਜੀਰਾ ਦੇ ਸਾਬਕਾ ਵਾਈਸ ਪ੍ਰਧਾਨ ਸੁਖਦੇਵ ਬਿੱਟੂ ਵਿਜ਼ ਅਤੇ ਵਿਪਣ ਸੇਠੀ ਸਾਬਕਾ ਪ੍ਰਧਾਨ ਰੋਟਰੀ ਕਲੱਬ ਜੀਰਾ ਨੇ ਕਿਹਾ ਕਿ ਇਹ ਘਟਨਾ ਬੇਹੱਦ ਦੁਖਦਾਈਕ ਹੈ ਅਤੇ ਨਿੰਦਣ ਯੋਗ ਹੈ, ਇਸ ਮੰਦਭਾਗੀ ਘਟਨਾ ਨੇ ਪੂਰੇ ਭਾਰਤ ਦੇਸ਼ ਦੇ ਲੋਕਾਂ ਨੂੰ ਝੰਜੋੜ ਦਿੱਤਾ ਹੈ! ਸੁਖਦੇਵ ਬਿੱਟੂ ਵਿਜ਼ ਨੇ ਇਹ ਵੀ ਕਿਹਾ ਕਿ ਉਹ ਸਰਵਹਿੱਤਕਾਰੀ ਵਿੱਦਿਆ ਮੰਦਰ ਜੀਰਾ ਦੇ ਪ੍ਰਧਾਨ ਹੋਣ ਦੇ ਨਾਤੇ ਉਹਨਾਂ ਨੇ ਕੱਲ ਸਕੂਲ ਵਿੱਚ ਅੱਤਵਾਦੀ ਹਮਲੇ ਦੌਰਾਨ ਸ਼ਹੀਦ ਹੋਏ ਲੋਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ! ਉਹਨਾਂ ਕੇਂਦਰ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਅਜਿਹੀਆਂ ਵਾਪਰੀਆਂ ਘਟਨਾਵਾਂ ਬਾਰੇ ਕੇਂਦਰ ਸਰਕਾਰ ਗੰਭੀਰਤਾ ਨਾਲ ਵਿਚਾਰ ਕਰੇ! ਉਹਨਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਰੋਕਣ ਦੇ ਲਈ ਕੇਂਦਰ ਸਰਕਾਰ ਨੂੰ ਸਖਤ ਹੋਣਾ ਪਵੇਗਾ! ਸੁਖਦੇਵ ਬਿੱਟੂ ਵਿਜ਼ ਨੇ ਅੱਗੇ ਕਿਹਾ ਕਿ ਜੰਮੂ ਕਸ਼ਮੀਰ ਸਟੇਟ ਨੂੰ ਲੰਬੇ ਅਰਸੇ ਬਾਅਦ ਅੱਤਵਾਦ ਦਾ ਪ੍ਰਤਾਪ ਚੱਲਣ ਤੋਂ ਕੁਝ ਰਾਹਤ ਮਿਲੀ ਸੀ ਪਰ ਇਸ ਘਟਨਾ ਨੇ ਫਿਰ ਹਾਲਾਤ ਪਹਿਲਾਂ ਵਾਲੇ ਕਰ ਦਿੱਤੇ ਹਨ! ਉਹਨਾਂ ਕਿਹਾ ਕਿ ਜੰਮੂ ਕਸ਼ਮੀਰ ਦੇ ਹਾਲਾਤ ਸਥਰ ਹੋਣ ਕਾਰਨ ਲੋਕਾਂ ਨੇ ਸੈਰਗਾਹ ਵਜੋਂ ਇਸ ਸਟੇਟ ਨੂੰ ਚੁਣਿਆ ਸੀ ਅਤੇ ਲੋਕ ਪੈਸਾ ਖਰਚ ਕਰਕੇ ਗਰਮੀ ਤੋਂ ਬਚਾ ਲਈ ਜੰਮੂ ਕਸ਼ਮੀਰ ਘੁੰਮਣ ਜਾਂਦੇ ਹਨ ਪਰ ਅਫਸੋਸ ਇਹ ਕਿ ਉਹਨਾਂ ਨੂੰ ਉੱਥੇ ਮੌਤ ਮਿਲਦੀ ਹੈ ਜੋ ਕਿ ਬੇਹੱਦ ਨਿੰਦਣਯੋਗ ਹੈ! ਉਹਨਾਂ ਕਿਹਾ ਕਿ ਕੇਂਦਰ ਸਰਕਾਰ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦੇਵੇ ਅਤੇ ਪੀੜਤ ਪਰਿਵਾਰਾਂ ਨੂੰ ਮੁਆਵਜਾ ਦੇਵੇ! ਸੁਖਦੇਵ ਬਿੱਟੂ ਵਿਜ਼ ਅਤੇ ਵਿਪਨ ਸੇਠੀ ਨੇ ਪੱਤਰਕਾਰਾਂ ਦੇ ਕੋਲ ਵੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ!

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂਆਂ ਵੱਲੋਂ ਡਿਪਟੀ ਕਮਿਸ਼ਨਰ ਰੂਪਨਗਰ ਨੂੰ ਸੌਂਪਿਆ ਗਿਆ ਮੰਗ ਪੱਤਰ

## ਰੁਚਿਰਾ ਪੇਪਰ ਮਿੱਲ ਲੱਗਣ ਨਾਲ ਇਲਾਕੇ ਚ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਪੈਦਾ ਹੋਣਗੀਆ, ਹਵਾ ਪਾਣੀ ਤੇ ਹਰਿਆ ਭਰਿਆ ਇਲਾਕਾ ਹੋਵੇਗਾ ਪ੍ਰਦੂਸ਼ਿਤ (ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਸੰਤੋਖਗੜ੍ਹ)

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com

ਰੂਪਨਗਰ 25 ਅਪ੍ਰੈਲ (ਹਰਦਿਆਲ ਸਿੰਘ ਸੰਧੂ) ਇਤਿਹਾਸਿਕ ਗੁਰਦੁਆਰਾ ਸ੍ਰੀ ਜੰਡ ਸਾਹਿਬ ਦੇ ਨਜ਼ਦੀਕ ਪਿੰਡ ਧੌਲਰਾਂ ਵਿਖੇ ਲੱਗਣ ਜਾ ਰਹੀ ਰੁਚੀਰਾ ਪੇਪਰ ਮਿੱਲ ਦੀ ਉਸਾਰੀ ਤੇ ਰੋਕ ਲਗਾਉਣ ਲਈ ਅੱਜ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜਿਲਾ ਪ੍ਰਧਾਨ ਰਣਜੀਤ ਸਿੰਘ ਸੰਤੋਖਗੜ੍ਹ ਦੀ ਅਗਵਾਈ ਹੇਠ ਸਮੂਹ ਅਹੁਦੇਦਾਰਾਂ ਵੱਲੋਂ ਇਕੱਠੇ ਹੋ ਕੇ ਡਿਪਟੀ ਕਮਿਸ਼ਨਰ ਰੂਪਨਗਰ ਨੂੰ ਮੰਗ ਪੱਤਰ ਸੌਂਪਿਆ। ਜਿਸ ਦੇ ਸਬੰਧ ਚ ਉਹਨਾ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਹੋਇਆ



ਦੱਸਿਆ ਕਿ ਪਿੰਡ ਧੌਲਰਾਂ ਵਿੱਖੇ 135 ਏਕੜ ਜਮੀਨ ਵਿੱਚ ਜੋ ਗੱਤਾ ਫੈਕਟਰੀ ਲੱਗਣ ਨਾਲਰ ਬਹੁਤ ਜਿਆਦਾ ਪ੍ਰਦੂਸ਼ਣ ਪੈਦਾ ਹੋਵੇਗਾ ਜਿਸ ਨਾਲ ਹਵਾ ਪਾਣੀ ਤੇ ਵਾਤਾਵਰਣ ਪ੍ਰਦੂਸ਼ਿਤ ਹੋਵੇਗਾ ਅਤੇ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਪੈਦਾ ਹੋਣਗੀਆ ਤੇ ਮਿੱਟੀ, ਹਵਾ ,ਪਾਣੀ ਆਦਿ ਦੀ ਗੁਣਵਕਤਾ ਵੀ ਪ੍ਰਭਾਵਿਤ ਹੋਵੇਗੀ। ਇਸਦੇ ਨਾਲ ਹੀ ਉਹਨਾਂ ਦੱਸਿਆ ਕਿ ਇਸ ਇਲਾਕੇ ਚ ਪਾਣੀ ਦਾ ਪੱਧਰ ਬਹੁਤ ਉੱਚਾ ਹੈ ਫੈਕਟਰੀ ਦਾ ਦੂਸ਼ਿਤ ਪਾਣੀ ਨਦੀਆਂ ਨਾਲਿਆਂ ਵਿਚ ਸੁੱਟਣ ਨਾਲ ਖਤਰਨਾਕ ਕੈਮੀਕਲ ਅਤੇ ਜਹਿਰਾਂ ਪਾਣੀ ਵਿੱਚ ਘੁਲ ਜਾਣਗੀਆਂ ਜਿਸ ਨਾਲ ਪਸ਼ੂ ਪੰਛੀਆਂ ਦਾ ਖਾਤਮਾ ਹੋ ਸਕਦਾ ਹੈ। ਇਸ ਲਈ ਉਹਨਾ ਵੱਲੋਂ ਅੱਜ ਲਿਖਤੀ ਰੂਪ ਚ ਡਿਪਟੀ ਕਮਿਸ਼ਨਰ ਰੂਪਨਗਰ ਨੂੰ ਮੰਗ ਪੱਤਰ ਸੌਂਪ ਕੇ ਸਾਰੀ ਸਮੱਸਿਆ ਬਾਰੇ ਜਾਣੂ ਕਰਵਾਇਆ ਗਿਆ । ਇਸਦੇ ਨਾਲ ਹੀ ਉਹਨਾਂ ਕਿਹਾ ਕਿ ਜੇਕਰ ਇਸਦੇ ਖਿਲਾਫ ਕੋਈ ਕਾਰਵਾਈ ਨਹੀਂ ਹੁੰਦੀ ਤਾਂ ਉਹਨਾਂ ਵੱਲੋਂ ਇਲਾਕੇ ਤੇ ਪਿੰਡਾਂ ਦੇ ਸਹਿਯੋਗ ਨਾਲ ਇਸਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ ਜਿਸਦੇ ਲਈ ਜਿਲਾ ਪ੍ਰਸ਼ਾਸ਼ਨ ਪੂਰੀ ਤਰ੍ਹਾ ਜਿਮੇਵਾਰ ਹੋਵੇਗਾ। ਇਸ ਮੌਕੇ ਹਰਜੀਤ ਸਿੰਘ ਚਤਾਮਲਾ, ਰਣਜੀਤ ਸਿੰਘ ਸੰਤੋਖਗੜ, ਜੋਗਿੰਦਰ ਸਿੰਘ, ਬਲਵਿੰਦਰ ਸਿੰਘ, ਮੇਜਰ ਸਿੰਘ, ਗੁਰਿੰਦਰ ਸਿੰਘ ਯੂਥ ਪ੍ਰਧਾਨ ਜਿਲਾ ਮੋਹਾਲੀ, ਤੇਜ ਕੋਰ, ਹਰਬੰਸ ਸਿੰਘ ਸਰਹਾਣਾ ਆਦਿ ਹਾਜ਼ਰ ਸਨ।

# ਪੀੜਤ ਵਿਅਕਤੀ ਨੇ ਮੈਂਬਰ ਐਸ ਸੀ ਕਮਿਸ਼ਨ ਪੰਜਾਬ ਇੱਟਾਂਵਾਲੀ ਨੂੰ ਮੰਗ ਪੱਤਰ ਦਿੱਤਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com



ਜ਼ੀਰਾ 24 ਅਪ੍ਰੈਲ ( ਅੰਗਰੇਜ਼ ਬਰਾੜ ) - ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਐਸ ਸੀ ਕਮਿਸ਼ਨ ਮੈਂਬਰ ਸਰਦਾਰ ਗੁਰਪ੍ਰੀਤ ਸਿੰਘ ਇੱਟਾਂਵਾਲੀ ਨੇ ਦੱਸਿਆ ਕਿ ਅੱਜ ਉਹਨਾਂ ਕੋਲ ਪਿੰਡ ਰਜੀਵਾਲਾ ਜਿਲਾ ਫਿਰੋਜਪੁਰ ਦਾ ਇੱਕ ਪੀੜਿਤ ਪਰਿਵਾਰ ਪੁੱਜਾ ਅਤੇ ਉਹਨਾਂ ਨੂੰ ਆਪਣੀ ਸਮੱਸਿਆ ਸਬੰਧੀ ਇੱਕ ਮੰਗ ਪੱਤਰ ਦਿੱਤਾ ਗਿਆ, ਜਿਸ ਵਿਚ ਇਹ ਬਿਆਨ ਕੀਤਾ ਗਿਆ ਕਿ ਨਾਕੇ ਦੌਰਾਨ ਗੁਰਮੀਤ ਸਿੰਘ ਏ ਐਸ ਆਈ ਫਿਰੋਜ਼ਪੁਰ ਟਰੈਫਿਕ ਪੁਲਿਸ ਨੇ ਮੇਰੇ ਨਾਲ ਬਹੁਤ ਬੁਰਾ ਵਿਵਹਾਰ ਕੀਤਾ, ਮੇਰੇ ਵੱਲੋਂ ਆਪਣੀ ਮਸ਼ੀਨਰੀ ਦੇ ਜਰੂਰੀ ਦਸਤਾਵੇਜ ਦਿਖਾਏ ਜਾਣ ਤੋਂ ਬਾਅਦ ਵੀ ਮੇਰੇ ਨਾਲ ਗਾਲੀ ਗਲੋਚ ਕੀਤਾ ਗਿਆ ਤੇ 10 ਹਜਾਰ ਰੁਪਏ ਰਿਸ਼ਵਤ ਲੈਣ ਦੀ ਮੰਗ ਕੀਤੀ ਗਈ। ਮੰਗੇ ਹੋਏ ਰਿਸ਼ਵਤ ਦੇ ਪੈਸੇ ਦੇਣ ਤੋਂ ਮਨਾ ਕਰਨ ਤੋਂ ਬਾਅਦ ਉਕਤ ਏ ਐਸ ਆਈ ਵੱਲੋਂ ਮੈਨੂੰ ਥਾਣੇ ਵਿਖੇ ਲਿਜਾਇਆ ਗਿਆ ਅਤੇ ਮੇਰੇ ਨਾਲ ਕੁੱਟਮਾਰ ਕੀਤੀ ਗਈ ਤੇ ਮੇਰੇ ਤੇ ਨਜਾਇਜ਼ ਧਰਾਵਾਂ ਲਾ ਕੇ ਪਰਚਾ ਵੀ ਪਾਇਆ ਗਿਆ ਤੇ ਮੈਨੂੰ ਜੇਲ ਭੇਜਿਆ ਗਿਆ! ਮਾਨਯੋਗ ਅਦਾਲਤ ਵੱਲੋਂ ਮੇਰੀ ਜਮਾਨਤ ਮਨਜ਼ੂਰ ਕਰਕੇ ਮੈਨੂੰ ਬਾਹਰ ਕੱਢਿਆ ਗਿਆ! ਮੈਂ ਆਪ ਜੀ ਨੂੰ ਬੇਨਤੀ ਕਰਦਾ ਹਾਂ ਕਿ ਮੈਨੂੰ ਇਨਸਾਫ ਦਵਾਇਆ ਜਾਵੇ! ਇਸ ਮੌਕੇ ਤਰਨਜੀਤ ਸਿੰਘ ਧਾਲੀਵਾਲ ਅਤੇ ਬਾਬਾ ਹਰਜਿੰਦਰ ਸਿੰਘ ਫਿਰੋਜ਼ਸ਼ਾਹ ਅਤੇ ਪੂਰਨ ਭੱਟੀ ਸਾਬਕਾ ਸਰਪੰਚ ਰੱਜੀਵਾਲਾ ਹਾਜ਼ਰ ਸਨ

# ਸ਼ਰਲ ਜੀਵਨ ਅਤੇ ਇਮਾਨਦਾਰੀ ਦੀ ਮਿਸਾਲ- ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਅਪਰੈਲ INTERNATIONAL PAPER, 9463601616 hardipchumber57@gmail.com

**ਪ੍ਰੇਰਕ ਪ੍ਰਸੰਗ ਇੱਕ**

ਰੇਲਵੇ ਸਟੇਸ਼ਨ ਰਾਤ ਦਾ ਵਕਤ ਇੱਕ ਬਜ਼ੁਰਗ ਮਾਂ ਰੇਲਵੇ ਪਲੇਟਫਾਰਮ ਤੇ ਬੈਠੀ ਗੱਡੀ ਦਾ ਇੰਤਜਾਰ ਕਰ ਰਹੀ ਸੀ।ਆਖਰੀ ਰੇਲ ਗੱਡੀ ਚੱਲੀ ਜਾਣ ਤੋਂ ਬਾਅਦ ਹੁਣ ਅਗਲੇ ਦਿਨ ਸਵੇਰੇ 10 ਵਜੇ ਟਰੇਨ ਦਾ ਸਮਾਂ ਸੀ।ਬਜ਼ੁਰਗ ਮਾਂ ਨੂੰ ਉਸ ਸਮੇਂ ਤੱਕ ਸਟੇਸ਼ਨ ਤੇ ਹੀ ਰਾਤ ਕੱਟਣੀ ਪੈਣੀ ਸੀ।ਸਟੇਸ਼ਨ ਤੇ ਵਾਪਸ ਜਾ ਰਹੇ ਕੁਲੀ ਨੇ ਜਦੋਂ ਬਜ਼ੁਰਗ ਮਾਤਾ ਨੂੰ ਪੁਛਿਆ ਕਿ ਮਾਤਾ ਕਿਥੇ ਜਾਣਾ ਹੈ ਹੁਣ ਤਾਂ ਅਗਲੀ ਟਰੇਨ ਸਵੇਰੇ ਆਵੇਗੀ।ਮਾਂ ਨੇ ਕਿਹਾ ਕਿ ਉਹ ਆਪਣੇ ਪੁੱਤਰ ਕੋਲ ਜਾ ਰਹੀ ਹੈ।ਕੁਲੀ ਨੇ ਮਾਤਾ ਨੂੰ ਉਡੀਕ ਘਰ ਵਿੱਚ ਰਾਤ ਕੱਟਣ ਲਈ ਕਿਹਾ ਅਤੇ ਕਿਹਾ ਕਿ ਸਵੇਰੇ ਟਰੇਨ ਆਵੇਗੀ ਚਲੇ ਜਾਣਾ।

ਕੁਲੀ ਅਤੇ ਸਟੇਸ਼ਨ ਦੇ ਸਟਾਫ ਨੇ ਮਾਤਾ ਜੀ ਨੂੰ ਕਿਹਾ ਕਿ ਮਾਂ ਤੇਰਾ ਪੁੱਤ ਕੀ ਕਰਦਾ ਹੈ।ਮਾਤਾ ਨੇ ਕਿਹਾ ਕਿ ਮੇਰਾ ਪੁੱਤਰ ਰੇਲਵੇ ਵਿੱਚ ਕੰਮ ਕਰਦਾ।ਰੇਲਵੇ ਦਾ ਨਾਮ ਸੁਣ ਕੇ ਉਨ੍ਹਾਂ ਪੁਛਿਆ ਕਿ ਮਾਤਾ ਉਸ ਦਾ ਨਾਮ ਕੀ ਹੈ।ਮਾਂ ਨੇ ਕਿਹਾ ਕਿ ਮੈਂ ਉਸ ਨੂੰ ਲਾਲ ਕਹਿੰਦੀ ਹਾਂ ਉਹ ਮੇਰਾ ਲਾਲ ਹੈ ਪੂਰਾ ਨਾਮ ਲਾਲ ਬਹਾਦਰ ਸ਼ਾਸ਼ਤਰੀ।ਸਟੇਸ਼ਨ ਸਟਾਫ ਅਤੇ ਕੁਲੀ ਸੁਣ ਕੇ ਹੈਰਾਨ ਹੋ ਗਏ। ਉਸ ਸਮੇਂ ਲਾਲ ਬਹਾਦਰ ਸ਼ਾਸ਼ਤਰੀ ਜੀ ਭਾਰਤ ਸਰਕਾਰ ਦੇ ਰੇਲਵੇ ਮੰਤਰੀ ਸਨ।ਇਹਨਾਂ ਸੁਣਦੇ ਹੀ ਸਟੇਸ਼ਨ ਤੇ ਹਲਚਲ ਮਚ ਗਈ।ਥੋੜ੍ਹੀ ਦੇਰ ਵਿੱਚ ਹੀ ਇੱਕ ਸਲੂਨ ਕਾਰ ਆਈ।ਪਰ ਇਹ ਸਾਰਾ ਕੁਝ ਲਾਲ ਬਹਾਦਰ ਸ਼ਾਸ਼ਤਰੀ ਜੀ ਨੂੰ ਪਤਾ ਨਹੀ ਸੀ।ਇਹ ਸਾਰੀਆਂ ਤਿਆਰੀਆਂ ਰੇਲਵੇ ਅਧਿਕਾਰੀਆਂ ਵੱਲੋਂ ਕੀਤੀਆਂ ਗਈਆ।

ਮਾਂ ਜਦ ਘਰ ਆਪਣੇ ਪੁੱਤ ਕੋਲ ਆਈ ਤਾਂ ਉਸ ਨੇ ਆਪਣੇ ਪੁੱਤਰ ਲਾਲ ਬਹਾਦਰ ਸ਼ਾਸ਼ਤਰੀ ਨੂੰ ਪੁੱਛਿਆ ਕਿ ਬੇਟਾ ਤੁਸੀ ਰੇਲਵੇ ਵਿੱਚ ਕੀ ਕੰਮ ਕਰਦੇ ਹੋ-ਰੇਲਵੇ ਵਾਲਿਆਂ ਨੇ ਜਦੋਂ ਮੈਥੋਂ ਪੁੱਛਿਆ ਮੈ ਉਨਾਂ ਨੂੰ ਦੱਸ ਨਹੀ ਸਕੀ।ਪੁੱਤ ਨੇ ਕਿਹਾ ਛੋਟਾ ਜਿਹਾ ਕੰਮ ਮਾਂ।

ਇਹ ਹੈ ਚਰਿੱਤਰ ਉਸਾਰੀ ਦੀ ਇੱਕ ਮਿਸਾਲ ਨਾਂ ਤਾਂ ਉਸ ਸਮੇ ਹੀ ਕੋਈ ਇੰਝ ਸੋਚਦਾ ਸੀ ਨਾਂ ਹੀ ਹੁਣ ਲਾਲ ਬਹਾਦਰ ਸ਼ਾਸ਼ਤਰੀ ਵਰਗੇ ਵਿਰਲੇ ਹੀ ਹੁੰਦੇ ਹਨ

**ਪ੍ਰੇਰਕ ਪ੍ਰਸੰਗ -2**

ਲਾਲ ਬਹਾਦਰ ਸ਼ਾਸ਼ਤਰੀ ਜਦੋਂ ਦੇਸ਼ ਦੇ ਪ੍ਰਧਾਨ ਮੰਤਰੀ ਸਨ ਉਨਾਂ ਨੇ ਲਿਖ ਕੇ ਦਿੱਤਾ ਕਿ ਮੇਰੇ ਘਰ ਦਾ ਖਰਚਾ ਇੱਕ ਮਹੀਨੇ ਦਾ 50 ਰੁਪਏ ਹੈ ਇਸ ਲਈ ਉਹ ਕੇਵਲ 50 ਰੁਪਏ ਤਨਖਾਹ ਲੈਂਦੇ ਸਨ।ਮਹੀਨੇ ਦੀ ਪਹਿਲੀ ਤਰੀਕ ਨੂੰ ਜਦੋਂ ਉਹਨਾਂ ਨੂੰ ਤਨਖਾਹ ਦੇ 50 ਰੁਪਏ ਮਿਲਦੇ ਉਹ ਆਪਣੀ ਘਰਵਾਲੀ ਨੂੰ ਦੇ ਦਿੰਦੇ ਜਿਸ ਨਾਲ ਉਹ ਸਾਰਾ ਮਹੀਨਾ ਘਰ ਦਾ ਗੁਜਾਰਾ ਚਲਾਉਦੀ ਸੀ।ਪਰ ਉਹ ਬਹੁਤ ਸਿਆਣੀ ਸੀ ਉਹ ਹਰ ਮਹੀਨੇ ਥੋੜ੍ਹੀ ਥੋੜ੍ਹੀ ਬੱਚਤ ਕਰਕੇ 5 ਰੁਪਇਆ ਬਚਾ ਲੈਂਦੀ ਸੀ।ਜਿਸ ਨਾਲ ਉਸ ਕੋਲ 25-30 ਰੁਪਏ ਇਕੱਠੇ ਹੋ ਗਏ ਸਨ।ਅਚਾਨਕ ਜਦੋਂ ਦੇਸ਼ ਵਿੱਚ ਆਈ ਇੱਕ ਤ੍ਰਾਸਦੀ ਕਾਰਣ ਪ੍ਰਧਾਨ ਮੰਤਰੀ ਸ਼੍ਰੀ ਲਾਲ ਬਹਾਦਰ ਸ਼ਾਸ਼ਤਰੀ ਜੀ ਆਪਣੀ ਇੱਕ ਮਹੀਨੇ ਦੀ ਤਨਖਾਹ ਦਾ ਅੱਧਾ ਹਿੱਸਾ ਦੇਣਾ ਚਾਹੁੰਦੇ ਸੀ ਉਨਾਂ ਆਪਣੀ ਘਰਵਾਲੀ ਨੂੰ ਕਿਹਾ ਕਿ ਇੱਕ ਮਹੀਨਾ ਆਪਾਂ ਇੱਕ ਸਮਾਂ ਖਾਣਾ ਖਾਵਾਂਗੇ ਜਿਸ ਨਾਲ ਅੱਧੀ ਤਨਖਾਹ ਭਲਾਈ ਫੰਡ ਲਈ ਦੇ ਦਿੱਤੇ ਜਾਣ।ਪਰ ਉਹਨਾਂ ਦੀ ਘਰਵਾਲੀ ਨੇ ਕਿਹਾ ਕਿ ਨਹੀ ਆਪਾਂ ਨੂੰ ਇੱਕ ਸਮਾਂ ਖਾਣਾ ਨਹੀ ਖਾਣਾ ਪਵੇਗਾ।ਮੈ ਤਨਖਾਹ ਵਿੱਚ ਹਰ ਮਹੀਨੇ 5



ਰੁਪਏ ਬਚਾ ਲੈਂਦੀ ਸੀ ਜਿਸ ਲਈ ਮੇਰੇ ਕੋਲ 25 ਰੁਪਏ ਹਨ ਤੁਸੀ ਉਹ ਦੇ ਦੇਵੋ।

ਲਾਲ ਬਹਾਦਰ ਸ਼ਾਸ਼ਤਰੀ ਜੀ ਆਪਣੀ ਪਤਨੀ ਨੂੰ ਕਿਹਾ ਕਿ ਤੁਸੀ ਮੈਨੂੰ ਕਿਉ ਨਹੀ ਦੱਸਿਆ ਜਦੋਂ ਆਪਣਾ ਗੁਜਾਰਾ 45 ਰੁਪਏ ਵਿੱਚ ਹੋ ਰਿਹਾ ਸੀ ਮੈ ਸਰਕਾਰੀ ਖਜਾਨੇ ਵਿੱਚੋਂ 5 ਰੁਪਏ ਜਿਆਦਾਂ ਲੈਂਦਾਂ ਰਿਹਾ ਉਹ ਤਰੁੰਤ ਖਜਾਨੇ ਵਿੱਚ ਗਏ ਅਤੇ ਅਗਲੇ ਮਹੀਨੇ ਤੋਂ 45 ਰੁਪਏ ਤਨਖਾਹ ਲੈਣ ਲੱਗੇ।ਅਜਿਹੀ ਮਿਸਾਲ ਕਿੱਤੇ ਵੀ ਨਹੀ ਮਿਲਦੀ।ਇਸੇ ਲਈ ਅੱਜ ਵੀ ਜਦੋਂ ਕਿਸੇ ਦੀ ਇਮਾਨਦਾਰੀ ਬਾਰੇ ਦੱਸਣਾ ਹੋਵੇ ਤਾਂ ਲਾਲ ਬਹਾਦਰ ਸ਼ਾਸ਼ਤਰੀ ਜੀ ਬਾਰੇ ਗੱਲ ਕੀਤੀ ਜਾਂਦੀ ਹੈ।

ਸਾਡੇ ਨੌਜਵਾਨਾਂ ਨੂੰ ਅਜਿਹੇ ਪ੍ਰਸੰਗਾਂ ਤੋ ਪ੍ਰੇਰਨਾ ਲੈਣੀ ਚਾਹੀਦੀ ਹੈ।

ਸਗਿ੍ਹ ਡਾ ਸੰਦੀਪ ਘੰਡ
ਲਾਈਫ ਕੋਚ ਮਾਨਸਾ
9815139576

# ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਵਿਖੇ ਦੋ ਰੋਜ਼ਾ ਭਾਰਤ ਸਕਾਉਟ ਅਤੇ ਗਾਈਡ ਯੂਨਿਟ ਦਾ ਟੈਸਟਿੰਗ ਕੈਂਪ ਲਗਾਇਆ ਗਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਅਪਰੈਲ INTERNATIONAL PAPER, 9463601616 hardipchumber57@gmail.com

ਭੀਖੀ,25 ਅਪ੍ਰੈਲ (ਕਮਲ ਜਿੰਦਲ)

ਸ ਰ ਵ ਹਿੱ ਤ ਕਾ ਰੀ ਵਿੱਦਿਆ ਮੰਦਰ ਭੀਖੀ ਵਿਖੇ ਭਾਰਤ ਸਕਾਉਟ ਐਂਡ ਗਾਈਡ ਯੂਨਿਟ ਦਾ ਦੋ ਰੋਜ਼ਾ ਤਰਿੱਤਿਆ ਸੋਪਾਨ ਟੈਸਟਿੰਗ ਕੈਂਪ ਲਗਾਇਆ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਡਾਕਟਰ ਗਗਨਦੀਪ ਪਰਾਸ਼ਰ ਨੇ ਦੱਸਿਆ ਕਿ ਵਿੱਦਿਆ ਮੰਦਰ ਵਿੱਚ ਸਕਾਊਟਿੰਗ ਲਹਿਰ ਨੂੰ ਪ੍ਰਫੁੱਲਤ ਕਰਨ ਲਈ ਇਸ ਦੋ ਰੋਜ਼ਾ ਕੈਂਪ ਵਿੱਚ ਸੈਸ਼ਨ 2025 - 26 ਬੈਚ ਦੇ ਕੁੱਲ 90 ਬੱਚਿਆਂ ਨੇ ਭਾਗ ਲਿਆ। ਇਸ ਕੈਂਪ ਵਿੱਚ ਭਾਰਤ ਸਕਾਉਟ ਐਂਡ ਗਾਈਡ ਜ਼ਿਲ੍ਹਾ ਮਾਨਸਾ





ਦੇ ਪ੍ਰਬੰਧਕੀ ਕਮਿਸ਼ਨਰ ਸਕਾਉਟਸ ਸ੍ਰ. ਦਰਸ਼ਨ ਸਿੰਘ ਬਰੇਟਾ, ਸਹਿ-ਸਹਿਯੋਗੀ ਸ੍ਰ. ਦਰਸ਼ਨ ਸਿੰਘ ਬਰੇਟਾ ਨੇ ਉਚੇਚੇ ਤੌਰ ਤੇ ਸ਼ਮੂਲੀਅਤ ਕੀਤੀ ਅਤੇ ਬੱਚਿਆਂ ਦਾ ਮਾਰਗਦਰਸ਼ਨ ਕੀਤਾ । ਇਸ ਮੌਕੇ ਉਨ੍ਹਾਂ ਵੱਲੋਂ ਬੱਚਿਆਂ ਨੂੰ ਸਕਾਉਟ ਅਤੇ ਗਾਈਡ ਦੇ ਮੁੱਢਲੇ ਦੌਰ ਬਾਰੇ ਵਿਸਥਾਰ ਵਿੱਚ ਜਾਣਕਾਰੀ ਗਈ। ਇਸ ਦੌਰਾਨ ਉਨ੍ਹਾਂ ਵੱਲੋਂ ਸਕਾਉਟਸ ਗਾਈਡਜ਼ ਨਿਯਮ, ਬੇਸਿਕ ਗਤੀਵਿਧੀਆਂ, ਲੋਗੋ, ਪੈਟਰੋਲ, ਪ੍ਰਾਰਥਨਾ, ਤੰਬੂ ਲਗਾਉਣਾ, ਫਸਟ-ਏਡ ਬਾਰੇ ਚਾਨਣਾ ਪਾਇਆ।ਇਸ ਮੌਕੇ ਜ਼ਿਲ੍ਹਾ ਸਕਾਉਟਸ ਪ੍ਰਬੰਧਕੀ ਕਮਿਸ਼ਨਰ ਦਰਸ਼ਨ ਸਿੰਘ ਬਰੇਟਾ ਨੇ ਬੱਚਿਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਸਕਾਊਟਿੰਗ ਲਹਿਰ ਦੀ ਬੁਨਿਆਦ ਨੈਤਿਕਤਾ, ਇਮਾਨਦਾਰੀ, ਭਰਾਤਰੀ-ਭਾਵ ਤੇ ਆਪਸੀ ਵਿਸ਼ਵਾਸ ਤੇ ਆਧਾਰਿਤ ਹੈ। ਇਹਨਾਂ ਕੈਂਪ ਗਤੀਵਿਧੀਆਂ ਵਿੱਚ ਮੁਹਾਰਤ ਹਾਸਲ ਕਰਨ ਤੇ ਅਸੀਂ ਆਪਣੀ ਜ਼ਿੰਦਗੀ ਦੇ ਖੂਬਸੂਰਤ ਇਨਸਾਨ, ਵਲੰਟੀਅਰ ਦੇ ਫਰਜ਼, ਨੇਕੀ ਜਿਹੇ ਮਹੱਤਵਪੂਰਨ ਕਾਰਜਾਂ ਕਰਕੇ ਅਹਿਮ ਰੋਲ ਅਦਾ ਕਰਦੇ ਹਾਂ। ਇਸਦੇ ਇਲਾਵਾ ਰਾਜ ਪੁਰਸਕਾਰ ਅਤੇ ਰਾਸ਼ਟਰੀ ਪੁਰਸਕਾਰ ਵੀ ਪ੍ਰਾਪਤ ਕਰ ਸਕਦੇ ਹਾਂ। ਇਸ ਮੌਕੇ ਸੰਬੋਧਨ ਕਰਦਿਆਂ ਸਕੂਲ ਪ੍ਰਿੰਸੀਪਲ ਡਾਕਟਰ ਗਗਨਦੀਪ ਪਰਾਸ਼ਰ ਨੇ ਭਾਰਤ ਸਕਾਉਟ ਐਂਡ ਗਾਈਡ ਮਾਨਸਾ ਦੇ ਜ਼ਿਲ੍ਹਾ ਪ੍ਰਬੰਧਕੀ ਕਮਿਸ਼ਨਰ ਸ੍ਰ. ਦਰਸ਼ਨ ਸਿੰਘ ਬਰੇਟਾ ਦਾ ਵਿੱਦਿਆ ਮੰਦਰ ਵਿੱਚ ਪਹੁੰਚਣ ਤੇ ਹਾਰਦਿਕ ਸਵਾਗਤ ਕੀਤਾ ।ਇਸ ਦੌਰਾਨ ਉਨ੍ਹਾਂ ਬੱਚਿਆਂ ਨੂੰ ਦੱਸਿਆ ਕਿ ਸਕਾਊਟਿੰਗ ਗਤੀਵਿਧੀਆਂ ਨਵੀਂ ਪੀੜ੍ਹੀ ਨੂੰ ਬੌਧਿਕ, ਮਾਨਸਿਕ ਅਤੇ ਸਰੀਰਕ ਤੌਰ ਤੇ ਵਿਕਸਿਤ ਕਰਕੇ ਸਮਾਜਿਕ ਸਰੋਕਾਰਾਂ ਵਿੱਚ ਯੋਗਦਾਨ ਪਾਉਣ ਅਤੇ ਪੂਰਨ ਮਨੁੱਖ ਬਣਾਉਣ ਵਿੱਚ ਸਹਾਈ ਹੁੰਦੀਆਂ ਹਨ।ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਬੰਧਕ ਅੰਮ੍ਰਿਤ ਲਾਲ, ਵਾਈਸ ਪ੍ਰਧਾਨ ਪ੍ਰਸ਼ੋਤਮ ਮੱਤੀ ਹਾਜ਼ਰ ਸਨ।

# ਗੁਰਦੁਆਰਾ ਐਕਟ 1925 ਦੇ ਸੰਬੰਧੀ ਸਿੱਖ ਐਜੂਕੇਸ਼ਨ ਕੌਂਸਲ ਵੱਲੋਂ ਕਾਨਫਰੰਸ ਅੱਜ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਅਪਰੈਲ INTERNATIONAL PAPER, 9463601616 hardipchumber57@gmail.com

ਜ਼ੀਰਾ 25 ਅਪ੍ਰੈਲ (ਅੰਗਰੇਜ਼ ਬਰਾੜ) - ਅਕਾਲ ਕਾਲਜ ਕੌਂਸਲ ਗੁਰਸਾਗਰ ਮਸਤੂਆਣਾ ਸਾਹਿਬ ਦੇ ਮੀਡੀਆ ਮੈਨੇਜਰ ਮੈਡਮ ਪ੍ਰੀਤ ਹੀਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿੱਖ ਐਜੂਕੇਸ਼ਨ ਕੌਂਸਲ ( ਯੂ ਕੇ )ਵੱਲੋਂ ਸਿੱਖ ਗੁਰਦੁਵਾਰਾ ਐਕਟ 1925 ਦੇ 100 ਸਾਲਾ ਵਰ੍ਹੇਗੰਢ ਦੇ ਸੰਬੰਧ ਵਿੱਚ ਗੁਰਦਵਾਰਾ ਈਸ਼ਰ ਦਰਬਾਰ ਵੁਲਵਰਹੈਂਪਟਨ ਵਿਖੇ 26 ਅਪ੍ਰੈਲ ਦਿਨ ਸ਼ਨੀਵਾਰ ਨੂੰ ਕਾਨਫਰੰਸ ਕਰਵਾਈ ਜਾ ਰਹੀ ਹੈ। ਜਿਸ ਵਿੱਚ ਬੀਤੀ ਇੱਕ ਸਦੀ ਵਿੱਚ ਭਾਰਤੀ ਰਾਜਨੀਤਕ ਅਤੇ ਕਾਨੂੰਨੀ ਪ੍ਰਣਾਲੀ ਅਧੀਨ ਸਿੱਖਾਂ ਦੀ ਸਮਾਜਿਕ, ਧਾਰਮਿਕ ਤੇ ਰਾਜਨੀਤਕ ਸਥਿਤੀ ਬਾਰੇ ਵਿਚਾਰ ਚਰਚਾ ਕੀਤੀ ਜਾਵੇਗੀ ਕਿ ਬੀਤੇ ਸਮੇਂ ਦੌਰਾਨ ਸਮੇਂ ਸਮੇਂ 'ਤੇ ਆਈਆਂ ਤਬਦੀਲੀਆਂ, ਚਣੌਤੀਆਂ ਅਤੇ ਪ੍ਰਾਪਤੀਆਂ ਦਾ ਜ਼ਿਕਰ ਹੋਵੇਗਾ। ਵੱਖ ਵੱਖ ਵਿਦਵਾਨਾਂ ਵੱਲੋਂ ਖੋਜ ਭਰਪੂਰ ਪਰਚੇ ਪੜ੍ਹੇ ਜਾਣਗੇ। ਜਿਹਨਾਂ ਵਿੱਚ ਡਾ ਪਰਮਜੀਤ ਸਿੰਘ ਮਾਨਸਾ ਦਾ ਪਰਚਾ "ਉਦਾਸੀ ਅਤੇ ਨਿਰਮਲ ਸੰਪ੍ਰਦਾਇ ਦੀ ਸਿੱਖ ਇਤਿਹਾਸ ਨੂੰ ਦੇਣ" ਬਲਵਿੰਦਰ ਸਿੰਘ ਚਾਹਲ ਵੱਲੋਂ ਪੇਸ਼ ਕੀਤਾ ਜਾਵੇਗਾ। ਅਵਤਾਰ ਸਿੰਘ ਵੱਲੋਂ "ਸਿੱਖ ਗੁਰਦਵਾਰਾ ਐਕਟ 1925 ਸਿੱਖ ਕੌਮੀ ਪਛਾਣ ਤੇ ਪ੍ਰਭਾਵ", ਡਾ ਸੁਜਿੰਦਰ ਸਿੰਘ ਸੰਘਾ ਵੱਲੋਂ "ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ 100 ਸਾਲ -ਮੌਕੇ ਅਤੇ ਚਣੌਤੀਆਂ", ਡਾ ਜਸਦੇਵ ਸਿੰਘ ਰਾਏ ਵੱਲੋਂ "ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਿਯੁਕਤੀ", ਡਾ ਪਰਗਟ ਸਿੰਘ, ਹਰਮੀਤ ਸਿੰਘ ਤੇ ਗੁਰਸਿਮਰਨ ਸਿੰਘ ਬਾਜਵਾ ਵੱਲੋਂ ਸਾਂਝੇ ਤੌਰ 'ਤੇ "ਗੁਰਦਵਾਰਾ ਪ੍ਰਬੰਧ ਅੰਤਰਰਾਸ਼ਟਰੀ ਸੰਦਰਭ" ਅਤੇ ਡਾ ਪਰਗਟ ਸਿੰਘ ਅਤੇ ਕੁਲਵੰਤ ਸਿੰਘ ਢਿੱਡਰ



**ਮੈਡਮ ਪ੍ਰੀਤ ਹੀਰ**

ਵੱਲੋਂ "ਮਰਿਆਦਾ -ਸਿੱਖ ਪੰਥ ਅਤੇ ਖਾਲਸਾ ਪੰਥ" ਆਦਿ ਪਰਚੇ ਪੇਸ਼ ਕੀਤੇ ਜਾਣਗੇ। ਇਸ ਸਮੁੱਚੀ ਕਾਨਫਰੰਸ ਵਿੱਚ ਇੰਗਲੈਂਡ ਭਰ ਤੋਂ ਬੁੱਧੀਜੀਵੀ ਵਰਗ, ਗੁਰਦਵਾਰਾ ਪ੍ਰਬੰਧਕ ਕਮੇਟੀਆਂ ਅਤੇ ਹੋਰ ਲੋਕ ਭਾਗ ਲੈ ਰਹੇ ਹਨ।

# ਸਕੂਲ ਵਿਦਿਆਰਥੀਆਂ ਨੂੰ ਗੁੱਡ ਟੱਚ ਤੇ ਬੈਡ ਟੱਚ ਬਾਰੇ ਦਿੱਤੀ ਜਾਣਕਾਰੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਅਪਰੈਲ INTERNATIONAL PAPER, 9463601616 hardipchumber57@gmail.com

ਸ੍ਰੀ ਅਨੰਦਪੁਰ ਸਾਹਿਬ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ਦੇ ਸਟੇਟ ਐਵਾਰਡੀ ਅਧਿਆਪਕ ਮਾਸਟਰ ਸੰਜੀਵ ਧਰਮਾਣੀ ਨੇ ਸਵੇਰ ਦੀ ਸਭਾ ਦੇ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੂੰ ਗੁੱਡ ਟੱਚ ਅਤੇ ਬੈਡ ਟੱਚ ( ਚੰਗੇ ਅਤੇ ਬੁਰੇ ਸਪਰਸ਼/ਛੋਹ ) ਦੇ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਹਨਾਂ ਨੇ ਬੱਚਿਆਂ ਨੂੰ ਚੰਗੇ ਸਪਰਸ਼ ਦੇ ਨਾਲ ਹੀ



ਬੁਰੇ ਸਪਰਸ਼ ਬਾਰੇ ਸਮਝਾਉਂਦੇ ਹੋਇਆਂ ਦੱਸਿਆ ਕਿ ਜੇਕਰ ਕੋਈ ਵੀ ਵਿਅਕਤੀ ਤੁਹਾਡੇ ਬੁੱਲਾਂ , ਛਾਤੀ , ਪੇਟ ਤੋਂ ਹੇਠਾਂ , ਪਿੱਠ ਤੋਂ ਹੇਠਾਂ ਸਪਰਸ਼ ਕਰੇ / ਛੂਹੇ , ਤਾਂ ਇਸ ਨੂੰ ਬੁਰਾ ਸਪਰਸ਼ /ਬੈਡ ਟੱਚ ਸਮਝਿਆ ਜਾਵੇ ਅਤੇ ਇਸ ਦੀ ਜਾਣਕਾਰੀ ਤੁਰੰਤ ਆਪਣੇ ਅਧਿਆਪਕਾਂ , ਆਪਣੇ ਮਾਤਾ - ਪਿਤਾ ਅਤੇ ਪਿੰਡ ਵਾਸੀਆਂ ਨੂੰ ਦਿੱਤੀ ਜਾਵੇ ਅਤੇ ਅਜਿਹੇ ਇਨਸਾਨਾਂ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕੀਤੀ ਜਾਵੇ ; ਕਿਉਂਕਿ ਅਜਿਹਾ ਸਪਰਸ਼/ਟੱਚ ਕਰਨ ਵਾਲੇ ਵਿਅਕਤੀ ਤੁਹਾਨੂੰ ਵਿਦਿਆਰਥੀਆਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਅਜਿਹੇ ਇਨਸਾਨਾਂ ਤੋਂ ਸਾਨੂੰ ਦੂਰੀ ਬਣਾ ਕੇ ਰੱਖਣੀ ਚਾਹੀਦੀ ਹੈ ਅਤੇ ਉਹਨਾਂ ਨੂੰ ਬੁਲਾਉਣ ਅਤੇ ਮਿਲਣ ਤੋਂ ਗੁਰੇਜ ਕਰਨਾ ਚਾਹੀਦਾ ਹੈ। ਬੁਰੇ ਸਪਰਸ਼ ਕਰਨ ਵਾਲੇ ਇਨਸਾਨਾਂ ਤੋਂ ਕੁਝ ਵੀ ਲੈ ਕੇ ਖਾਣਾ ਵੀ ਨਹੀਂ ਚਾਹੀਦਾ।ਅਜਿਹੇ ਇਨਸਾਨ ਸਾਨੂੰ ਆਪਣੇ ਸਮਾਜ , ਭੀੜ - ਭੜੱਕੇ ਵਾਲੀਆਂ ਥਾਵਾਂ , ਮੇਲਿਆਂ , ਵਿਆਹਾਂ , ਰੇਲਵੇ ਸਟੇਸ਼ਨਾਂ , ਸਫ਼ਰ ਦੌਰਾਨ ਜਾਂ ਇਕਾਂਤ ਵਾਲੀਆਂ ਥਾਵਾਂ 'ਤੇ ਮਿਲ ਸਕਦੇ ਹਨ। ਉਹਨਾਂ ਨੇ ਵਿਦਿਆਰਥੀਆਂ ਨੂੰ ਉਹਨਾਂ ਦੀ ਹਿਫਾਜ਼ਤ ਦੇ ਲਈ ਵੱਖ-ਵੱਖ ਤਰ੍ਹਾਂ ਦੇ ਟਿਪਸ ਵੀ ਦੱਸੇ ਤਾਂ ਜੋ ਬੱਚੇ ਅਜੋਕੇ ਮਾਹੌਲ ਵਿੱਚ ਆਪਣੇ ਆਪ ਨੂੰ ਸੁਰੱਖਿਤ ਮਹਿਸੂਸ ਕਰ ਸਕਣ ਅਤੇ ਸੁਰੱਖਿਅਤ ਰਹਿ ਸਕਣ।

# ਐਨ.ਐਚ.ਐਮ ਕਰਮਚਾਰੀ ਤਨਖਾਹ ਤੋਂ ਬੇਹਾਲ – ਮਾਰਚ ਮਹੀਨੇ ਦੀ ਤਨਖਾਹ ਹਜੇ ਤੱਕ ਨਹੀਂ ਮਿਲੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਅਪਰੈਲ INTERNATIONAL PAPER, 9463601616 hardipchumber57@gmail.com

ਭਰਤਗੜ੍ਹ,25 ਅਪ੍ਰੈਲ 2025 – ਰਾਸ਼ਟਰੀ ਸਿਹਤ ਮਿਸ਼ਨ (ਐਨ.ਐਚ.ਐਮ) ਦੇ ਹੇਠਾਂ ਕੰਮ ਕਰ ਰਹੇ ਸਿਹਤ ਕਰਮਚਾਰੀ ਆਰਥਿਕ ਤੰਗੀ ਵਿਚ ਫਸੇ ਹੋਏ ਹਨ ਕਿਉਂਕਿ ਉਨ੍ਹਾਂ ਨੂੰ ਮਾਰਚ 2025 ਮਹੀਨੇ ਦੀ ਤਨਖਾਹ ਹਜੇ ਤੱਕ ਨਹੀਂ ਮਿਲੀ। ਅੱਜ ਮਿਤੀ 25 ਅਪ੍ਰੈਲ 2025 ਹੋ ਚੁੱਕੀ ਹੈ, ਜਿਸ ਕਾਰਨ ਕਰਮਚਾਰੀਆਂ ਵਿਚ ਨਿਰਾਸ਼ਾ ਅਤੇ ਨਾਰਾਜ਼ਗੀ ਦਾ ਮਾਹੌਲ ਹੈ।

ਕਰਮਚਾਰੀਆਂ ਦਾ



ਕਹਿਣਾ ਹੈ ਕਿ ਹਰ ਮਹੀਨੇ 20 ਤਰੀਕ ਤੋਂ ਬਾਅਦ ਹੀ ਤਨਖਾਹ ਆਉਂਦੀ ਹੈ, ਪਰ ਇਸ ਵਾਰੀ ਮਾਰਚ ਦੀ ਤਨਖਾਹ 25 ਅਪ੍ਰੈਲ ਤੱਕ ਵੀ ਜਾਰੀ ਨਹੀਂ ਹੋਈ। ਉਨ੍ਹਾਂ ਨੇ ਮੰਗ ਕੀਤੀ ਕਿ ਜਲਦੀ ਤੋਂ ਜਲਦੀ ਰੁਕੀ ਹੋਈ ਤਨਖਾਹ ਜਾਰੀ ਕੀਤੀ ਜਾਵੇ।

ਇਸ ਸੰਬੰਧੀ ਅੱਜ ਕਰਮਚਾਰੀਆਂ ਵੱਲੋਂ ਸੀ.ਐਚ.ਸੀ ਭਰਤਗੜ੍ਹ ਵਿਖੇ ਲਿਖਤੀ ਰੂਪ ਵਿੱਚ ਪੱਤਰ ਦਿੱਤਾ ਗਿਆ। ਉਨ੍ਹਾਂ ਨੇ ਕਿਹਾ ਕਿ ਕੋਵਿਡ ਸਮੇਂ ਤੋਂ ਲੈ ਕੇ ਅੱਜ ਤੱਕ ਉਹ ਆਪਣੀ ਡਿਊਟੀ ਨਿਭਾ ਰਹੇ ਹਨ, ਪਰ ਤਨਖਾਹ ਲਈ ਉਨ੍ਹਾਂ ਨੂੰ ਹਰ ਮਹੀਨੇ ਚਿੰਤਾ ਕਰਨੀ ਪੈਂਦੀ ਹੈ। ਇਹ ਸਿਰਫ਼ ਆਰਥਿਕ ਨਹੀਂ, ਸਗੋਂ ਮਾਨਸਿਕ ਤਣਾਅ ਦਾ ਵੀ ਕਾਰਨ ਬਣ ਰਿਹਾ ਹੈ।

ਕਰਮਚਾਰੀਆਂ ਨੇ ਕਿਹਾ ਕਿ ਅਸੀਂ ਰੋਜ਼ ਸਵੇਰੇ ਤੋਂ ਸ਼ਾਮ ਤਕ ਫੀਲਡ ਵਿੱਚ ਮਿਹਨਤ ਕਰਦੇ ਹਾਂ, ਪਰ ਤਨਖਾਹ ਲਈ ਹਰ ਮਹੀਨੇ ਇੰਤਜ਼ਾਰ ਕਰਨਾ ਪੈਂਦਾ ਹੈ। ਮਾਰਚ ਮਹੀਨੇ ਦੀ ਤਨਖਾਹ 25 ਅਪ੍ਰੈਲ ਤੱਕ ਵੀ ਨਹੀਂ ਆਈ, ਇਹ ਸਾਡੇ ਨਾਲ ਨਿਆਂ ਨਹੀਂ ਹੈ। ਘਰ ਦੇ ਖਰਚੇ, ਬੱਚਿਆਂ ਦੀ ਫੀਸ ਅਤੇ ਰੋਜ਼ਾਨਾ ਦੀਆਂ ਲੋੜਾਂ ਪੂਰੀਆਂ ਕਰਨਾ ਮੁਸ਼ਕਲ ਹੋ ਗਿਆ ਹੈ।

# ਵਿਸ਼ਵ ਮਲੇਰੀਆ ਦਿਵਸ ਮੌਕੇ ਕੱਢੀ ਜਾਗਰੂਕਤਾ ਰੈਲੀ

## ਸਾਵਧਾਨੀਆਂ ਅਤੇ ਜਾਗਰੂਕਤਾ ਮਲੇਰੀਏ ਦਾ ਸਭ ਤੋਂ ਪ੍ਰਭਾਵਸ਼ਾਲੀ ਇਲਾਜ਼ -ਡਾ. ਸੰਜੇ ਕਾਮਰਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com



ਸੰਗਰੂਰ, 25 ਅਪ੍ਰੈਲ (ਜਗਸੀਰ ਲੌਂਗੋਵਾਲ)- ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਅਤੇ ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਵਲ ਸਰਜਨ ਡਾ. ਸੰਜੇ ਕਾਮਰਾ ਦੀ ਅਗਵਾਈ ਹੇਠ ਜ਼ਿਲ੍ਹਾ ਨਰਸਿੰਗ ਸਕੂਲ ਦੀਆਂ ਵਿਦਿਆਰਥਣਾ ਵੱਲੋਂ ਵਿਸ਼ਵ ਮਲੇਰੀਆ ਦਿਵਸ ਮੌਕੇ ਜਾਗਰੂਕਤਾ ਰੈਲੀ ਕੱਢੀ ਗਈ।ਰੈਲੀ ਨੂੰ ਰਵਾਨਾ ਕਰਨ ਮੌਕੇ ਡਾ. ਸੰਜੇ ਕਾਮਰਾ ਨੇ ਕਿਹਾ ਕਿ ਮਲੇਰੀਆ ਬੁਖਾਰ ਐਨਾਫਲੀਜ਼ ਨਾਮੀ ਮਾਦਾ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਖੜ੍ਹੇ ਗੰਦੇ ਪਾਣੀ ਵਿੱਚ ਪੈਦਾ ਹੁੰਦਾ ਹੈ,ਇਸ ਲਈ ਪਾਣੀ ਕਿਸੇ ਵੀ ਥਾਂ ਤੇ ਇੱਕਠਾ ਨਾ ਹੋਣ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਸਾਵਧਾਨੀਆਂ ਅਤੇ ਜਾਗਰੂਕਤਾ ਮਲੇਰੀਏ ਦਾ ਸਭ ਤੋਂ ਪ੍ਰਭਾਵਸ਼ਾਲੀ ਇਲਾਜ਼ ਹੈ।

ਡਿਪਟੀ ਮੈਡੀਕਲ ਕਮਿਸ਼ਨਰ ਡਾ. ਵਿਕਾਸ ਧੀਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਠੰਡ ਅਤੇ ਕਾਂਬੇ ਨਾਲ ਤੇਜ ਬੁਖਾਰ, ਉਲਟੀਆਂ ਆਉਣਾ,ਤੇਜ ਸਿਰ ਦਰਦ ਹੋਣਾ,ਬੁਖਾਰ ਉਤਰਨ ਤੋਂ ਬਾਅਦ ਥਕਾਵਟ,ਕਮਜੋਰੀ ਮਹਿਸੂਸ ਹੋਣਾ ਅਤੇ ਸ਼ਰੀਰ ਦਾ ਪਸੀਨੋ-ਪਸੀਨੀ ਹੋਣਾ ਆਦਿ ਮਲੇਰੀਏ ਦੇ ਲੱਛਣ ਹਨ। ਇਸ ਲਈ ਅਜਿਹੇ ਲੱਛਣ ਹੋਣ ਤੇ ਨੇੜੇ ਦੇ ਸਰਕਾਰੀ ਸਿਹਤ ਕੇਂਦਰ ਵਿੱਚ ਜਾ ਕੇ ਆਪਣੇ ਖੂਨ ਦੀ ਜਾਂਚ ਅਤੇ ਇਲਾਜ ਕਰਵਾਉਣਾ ਚਾਹੀਦਾ ਹੈ। ਸਰਕਾਰੀ ਸਿਹਤ ਸੰਸਥਾਵਾਂ ਵਿੱਚ ਮਲੇਰੀਆ ਦੀ ਜਾਂਚ ਤੇ ਇਲਾਜ ਮੁਫ਼ਤ ਹੈ।

ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਉਪਾਸਨਾ ਬਿੰਦਰਾ ਨੇ ਮਲੇਰੀਏ ਤੋਂ ਬਚਣ ਲਈ ਸਾਵਧਾਨੀਆਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਹਫ਼ਤੇ ਵਿੱਚ ਕੂਲਰਾਂ ਦਾ ਪਾਣੀ ਜਰੂਰ ਬਦਲੋ, ਛੱਤ ਤੇ ਲੱਗੀਆਂ ਪਾਣੀ ਦੀਆਂ ਟੈਂਕੀਆਂ ਢਕ ਕੇ ਰੱਖੋ, ਗਮਲਿਆਂ, ਡਰੱਮ, ਟੁੱਟੇ-ਭੱਜੇ ਭਾਂਡੇ ਖਰਾਬ ਟਾਇਰ, ਟੱਬ, ਖਾਲੀ ਬੋਤਲਾਂ, ਗਲੀਆਂ, ਛੱਪੜਾਂ, ਨੀਵੀਆਂ ਥਾਂਵਾਂ, ਟੋਭਿਆਂ ਅਤੇ ਟੋਇਆਂ ਵਿੱਚ ਖੜ੍ਹੇ ਪਾਣੀ ਨੂੰ ਕੱਢ ਦਿਓ, ਨਾਲੀਆਂ ਵਿੱਚ ਪਾਣੀ ਨਾ ਖੜ੍ਹਾ ਹੋਣ ਦਿਓ। ਮੱਛਰਾਂ ਦੇ ਕੱਟਣ ਤੋਂ ਬਚਾਉਣ ਲਈ ਸਰੀਰ ਨੂੰ ਪੂਰਾ ਢੱਕਣ ਵਾਲੇ ਕੱਪੜੇ ਪਹਿਨੇ ਜਾਣ। ਰਾਤ ਨੂੰ ਸੋਣ ਸਮੇਂ ਮੱਛਰਦਾਨੀ, ਮੱਛਰ ਭਜਾਉਣ ਵਾਲੀਆਂ ਕਰੀਮਾਂ ਅਤੇ ਖੁਸ਼ਬੂ ਵਾਲੇ ਤੇਲ ਆਦਿ ਦੀ ਵਰਤੋਂ ਕੀਤੀ ਜਾਵੇ। ਇਸ ਮੌਕੇ ਪ੍ਰਿੰਸੀਪਲ ਸੁਰਿੰਦਰ ਕੌਰ, ਸੁਰਿੰਦਰਪਾਲ ਕੌਰ, ਜ਼ਿਲ੍ਹਾ ਮਾਸ ਐਜੂਕੇਸ਼ਨ ਤੇ ਇਨਫਰਮੇਸ਼ਨ ਅਫ਼ਸਰ ਕਰਨੈਲ ਸਿੰਘ, ਬਲਾਕ ਐਜੂਕੇਟਰ ਹਰਦੀਪ ਜਿੰਦਲ, ਸਿਹਤ ਸੁਪਰਵਾਇਜ਼ਰ ਦੁਰਗਾ ਪ੍ਰਸ਼ਾਦ, ਰਾਮ ਲਾਲ ਸਿੰਘ,ਸੁਭਾਸ਼ ਕੁਮਾਰ,ਮ.ਪ.ਹ.ਵ (ਮੇ) ਯਾਦਵਿੰਦਰ ਸਿੰਘ, ਅਮਨਦੀਪ ਸਿੰਘ, ਸਮੂਹ ਸਟਾਫ਼ ਐਂਟੀ ਲਾਰਵਾ ਤੋਂ ਇਲਾਵਾ ਸਮੂਹ ਵਿਦਿਆਰਥਣਾ ਤੇ ਸਟਾਫ਼ ਹਾਜ਼ਰ ਸੀ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜਾਗਰੂਕਤਾ ਵਧਾਈ ਜਾਵੇ: ਡਾ. ਮਨਿਤਾ ਬਾਂਸਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com



ਲੌਂਗੋਵਾਲ 25 ਅਪ੍ਰੈਲ (ਜਗਸੀਰ ਲੌਂਗੋਵਾਲ ) - ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਅਤੇ ਸਿਵਲ ਸਰਜਨ ਡਾ. ਸੰਜੇ ਕਾਮਰਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਾਰਜਕਾਰੀ ਸੀਨੀਅਰ ਮੈਡੀਕਲ ਅਫਸਰ ਡਾ. ਮਨਿਤਾ ਬਾਂਸਲ ਦੀ ਅਗਵਾਈ ਵਿੱਚ ਸੀ.ਐੱਚ. ਸੀ. ਲੌਂਗੋਵਾਲ ਵਿਖੇ 'ਯੁੱਧ ਨਸ਼ਿਆਂ ਵਿਰੁਧ ਮੁਹਿੰਮ ਤਹਿਤ ਆਸ਼ਾ ਵਰਕਰਾਂ ਨਾਲ ਵਿਸ਼ੇਸ਼ ਮੀਟਿੰਗ ਹੋਈ। ਡਾ. ਮਨਿਤਾ ਬਾਂਸਲ ਅਤੇ ਯਾਦਵਿੰਦਰ ਬਲਾਕ ਐਜੂਕੇਟਰ ਨੇ ਹਾਜ਼ਰੀਨ ਨੂੰ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ ਮੁਹਿੰਮ' ਤਹਿਤ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ। ਨਸ਼ਿਆਂ ਤੋਂ ਪੀੜਤ ਮਰੀਜ਼ਾਂ ਨੂੰ ਪ੍ਰੇਰਿਤ ਕੀਤਾ ਜਾਵੇ ਕਿ ਉਹ ਆਪਣਾ ਇਲਾਜ ਸਰਕਾਰੀ ਸਿਹਤ ਕੇਂਦਰ ਤੋਂ ਕਰਵਾਉਣ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਓਟ ਕੇਂਦਰ ਅਤੇ ਨਸ਼ਾ ਛਡਾਊ ਤੇ ਪੁਨਰਵਾਸ ਕੇਂਦਰਾਂ ਰਾਹੀਂ ਪੀੜਤ ਮਰੀਜ਼ਾਂ ਦਾ ਇਲਾਜ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਵਿਭਾਗ ਕੋਲ ਮਾਹਿਰ ਡਾਕਟਰਾਂ ਤੋਂ ਇਲਾਵਾ ਮਾਹਿਰ ਕਾਉਂਸਲਰ ਵੀ ਮੌਜੂਦ ਹਨ, ਜੋ ਪੀੜਤ ਵਿਅਕਤੀ ਨੂੰ ਨਸ਼ਿਆਂ ਦੀ ਗ੍ਰਿਫ਼ਤ 'ਚੋਂ ਬਾਹਰ ਕੱਢਣ ਲਈ ਮਾਨਸਿਕ ਤੌਰ 'ਤੇ ਮਜ਼ਬੂਤ ਕਰਨ ਦਾ ਕੰਮ ਕਰਦੇ ਹਨ। ਉਨ੍ਹਾਂ ਹਦਾਇਤ ਕੀਤੀ ਕਿ ਸਮੂਹ ਆਸ਼ਾ ਵਰਕਰਾਂ ਅਤੇ ਹੋਰ ਸਟਾਫ਼ ਆਪੋ ਆਪਣੇ ਖੇਤਰ 'ਚ ਲੋਕਾਂ ਤੱਕ ਇਹ ਸੁਨੇਹਾ ਵੱਧ ਤੋਂ ਵੱਧ ਪਹੁੰਚਾਉਣ ਯਕੀਨੀ ਬਣਾਵੇ।ਉਹਨਾਂ ਕਿਹਾ ਕਿ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਸਰਕਾਰ ਵੱਲੋਂ ਨਸ਼ਿਆਂ ਵਿਰੁਧ ਵਿੱਢੀ ਗਈ ਮੁਹਿੰਮ ਨੂੰ ਸਾਰਿਆਂ ਦੇ ਸਹਿਯੋਗ ਨਾਲ ਹੀ ਨੇਪਰੇ ਚਾੜ੍ਹਿਆ ਜਾ ਸਕਦਾ ਹੈ।ਉਹਨਾਂ ਦੱਸਿਆ ਕਿ ਜਿਲ੍ਹਾ ਪੱਧਰ 'ਤੇ ਨਸ਼ਾ ਛਡਾਊ ਕੇਂਦਰ ਅਤੇ ਮੁੜ ਵਸੇਬਾ ਕੇਂਦਰ ਵਿਚ ਸਰਕਾਰ ਵੱਲੋਂ ਨਸ਼ਾ ਛਡਾਉਣ ਲਈ ਮੁਫ਼ਤ ਸੇਵਾਵਾਂ ਉਪਲਬਧ ਹਨ ਤੇ ਓਟ ਕਲੀਨਿਕ ਵਿੱਚੋਂ ਨਸ਼ਾ ਪੀੜਤ ਵਿਅਕਤੀ ਆਪਣੇ ਘਰ ਦੇ ਨੇੜੇ ਹੀ ਆਪਣਾ ਇਲਾਜ ਕਰਵਾ ਸਕਦੇ ਹਨ।ਉਨ੍ਹਾਂ ਕਿਹਾ ਕਿ ਲੋੜਵੰਦ ਵਿਅਕਤੀਆਂ ਨੂੰ ਇਹਨਾਂ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਅਤੇ ਨਸ਼ਾ ਛੱਡ ਕੇ ਇੱਕ ਚੰਗਾ ਸਿਹਤਮੰਦ ਜੀਵਨ ਜਿਉਣਾ ਚਾਹੀਦਾ ਹੈ।

# ਅੱਪਰਾ ਵਿਖੇ ਵਿਸ਼ਵ ਮਲੇਰੀਆ ਦਿਵਸ ਮਨਾਇਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com



ਫਿ ਲੌ ਰ / ਅੱ ਪ ਰਾ ( ਦੀ ਪਾ ) - ਸਿ ਵ ਲ ਸਰਜਨ ਜਲੰਧਰ ਅਤੇ ਐਪੀਡੀਮੋਲੋਜਿਸਟ ਡਾਕਟਰ ਅਦਿੱਤਿਆ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ, ਐਸ ਐਮ ਓ ਡਾਕਟਰ ਕਿਰਨ ਕੌਸ਼ਲ ਸੀ ਐਚ ਸੀ ਅੱਪਰਾ ਦੇ ਦੀ ਅਗਵਾਈ ਵਿੱਚ ਵਿਸ਼ਵ ਮਲੇਰੀਆ ਦਿਵਸ ਮਨਾਇਆ ਗਿਆ | ਜਿਸ ਦੌਰਾਨ ਗੁਰਨੇਕ ਲਾਲ ਹੈਲਥ ਸੁਪਰਵਾਈਜਰ ਨੇ ਸਰਕਾਰੀ ਹਾਈ ਸਕੂਲ ਅੱਪਰਾ ਦੇ ਵਿਦਿਆਰਥੀਆਂ ਨੂੰ ਮਲੇਰੀਆ ਬੁਖਾਰ ਦੇ ਕਾਰਨ, ਲੱਛਣ ਅਤੇ ਬਚਾਅ ਸਬੰਧੀ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਭੱਠੇ ਤੇ ਪਥੇਰਾਂ ਵਿੱਚ ਫੀਲਡ ਸਟਾਫ ਸਮੇਤ ਲੇਬਰ ਦਾ ਮਲੇਰੀਆ ਬੁਖਾਰ ਟੈਸਟ ਵੀ ਕੀਤਾ ਗਿਆ ਤੇ ਨਾਲ ਨਾਲ ਬਚਾਓ ਲਈ ਜਾਣਕਾਰੀ ਵੀ ਦਿੱਤੀ। ਇਸ ਮੌਕੇ ਪਰਮਿੰਦਰ ਕੌਰ, ਸੁਖਵਿੰਦਰ ਕੌਰ, ਸੁਮਨ ਐਰੀ, ਰੀਟਾ ਰਾਣੀ ਆਸ਼ਾ ਵਰਕਰਾਂ ਨੇ ਬਲੱਡ ਸਲਾਈਡਾਂ ਵੀ ਬਣਾਈਆਂ ਅਤੇ ਜਾਣਕਾਰੀ ਵਾਲੇ ਪੈਂਫਲਿਟ ਵੀ ਵੰਡੇ।

# ਕਾ.ਮਨਜੀਤ ਕੌਰ ਗਾਮੀਵਾਲਾ ਕ਼ਤਲ ਕੇਸ ਨੂੰ ਕਮਜ਼ੋਰ ਕਰਨ ਤੇ ਦੋ ਦੋਸ਼ੀਆਂ ਨੂੰ ਛੱਡੇ ਜਾਣ ਖ਼ਿਲਾਫ਼ ਥਾਣਾ ਬੋਹਾ ਦਾ ਘਿਰਾਓ 2 ਮਈ ਨੂੰ ,,, ਅਰਸ਼ੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com

ਮਾਨਸਾ 25 ਅਪ੍ਰੈਲ (ਆਤਮਾ ਸਿੰਘ ਪਮਾਰ ) ਕੌਮਾਂਤਰੀ ਇਸਤਰੀ ਦਿਵਸ ਦੇ ਸ਼ੁਭ ਦਿਹਾੜੇ 'ਤੇ 8ਮਾਰਚ ਨੂੰ ਦਿਨ ਦਿਹਾੜੇ,ਭਰੇ ਬਜ਼ਾਰ ਕਸਬਾ ਬੋਹਾ 'ਚ ਸੀ ਪੀ ਆਈ ਦੇ ਸੂਬਾ ਕੌਂਸਲ ਮੈਂਬਰ ਅਤੇ ਜ਼ਿਲ੍ਹਾ ਪ੍ਰਧਾਨ ਪੰਜਾਬ ਇਸਤਰੀ ਸਭਾ ਮਨਜੀਤ ਕੌਰ ਗਾਮੀਵਾਲਾ ਦਾ ਡੂੰਘੀ ਸਾਜ਼ਿਸ਼ ਤਹਿਤ ਕ਼ਤਲ ਕਰ ਦਿੱਤਾ ਗਿਆ ਸੀ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਨੈਸ਼ਨਲ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਕਾ. ਹਰਦੇਵ ਸਿੰਘ ਅਰਸ਼ੀ, ਜ਼ਿਲ੍ਹਾ ਸਕੱਤਰ ਕਾ. ਕ੍ਰਿਸ਼ਨ ਸਿੰਘ ਚੋਹਾਨ ਤੇ ਜ਼ਿਲ੍ਹਾ ਸਹਾਇਕ ਸਕੱਤਰ ਸਾਥੀ ਸੀਤਾਰਾਮ ਗੋਬਿੰਦਪੁਰਾ ਨੇ ਇੱਕ ਸਾਂਝਾ ਪ੍ਰੈਸ ਬਿਆਨ ਜਾਰੀ ਕਰਦਿਆਂ ਕੀਤਾ।

ਉਹਨਾਂ ਕਿਹਾ ਕਿ ਸੀ ਪੀ ਆਈ ਸ਼ੁਰੂ ਤੋਂ ਇਹ ਗੱਲ ਕਹਿੰਦੀ ਆ ਰਹੀ ਹੈ ਕਿ ਇਹ ਕਤਲ ਕੋਈ ਸਾਧਾਰਨ ਘਟਨਾ ਨਹੀਂ, ਬਲਕਿ ਇੱਕ ਡੂੰਘੀ ਸਾਜ਼ਿਸ਼ ਅਤੇ ਸਿਆਸੀ ਮਨਸ਼ਾ ਦਾ ਸਿੱਟਾ ਹੈ। ਕਿਉਂਕਿ ਮਨਜੀਤ ਕੌਰ ਜਿੱਥੇ ਇੱਕ ਧੜੱਲੇਦਾਰ ਆਗੂ ਸੀ ਅਤੇ ਪੀੜਤਾਂ ਤੇ ਕਿਰਤੀਆਂ ਦੀ ਆਵਾਜ਼ ਅਤੇ ਧਿਰ ਬਣਕੇ ਹਰ ਸਮੇਂ ਖੜਦੀ ਸੀ, ਉੱਥੇ ਹੀ ਉਸ ਨੂੰ ਬੋਹਾ ਦੀ ਇੱਕ ਵਿਧਵਾ ਔਰਤ ਨੂੰ ਇਨਸਾਫ਼ ਦਿਵਾਉਣਾ ਮਹਿੰਗਾ ਪਿਆ ਅਤੇ ਆਪਾ ਖਤਮ ਕਰਵਾਉਣ ਤੱਕ ਦੀ ਕੀਮਤ ਚੁਕਾਉਣੀ ਪਈ ।

ਇਸ ਕਤਲ ਕੇਸ ਵਿੱਚ ਮੁੱਖ ਸਾਜ਼ਿਸ਼ ਕਰਤਾ ਐਚ .ਐਚ. ਓ ਬੋਹਾ ਦੀ ਸੁਵੱਲੀ ਨਜ਼ਰ ਕਰਕੇ ਹੀ ਮੁੱਖ ਦੋਸ਼ੀ ਸ਼ਰੇਆਮ ਬਾਹਰ ਘੁੰਮ ਫਿਰ ਰਿਹਾ ਹੈ।ਐਸ ਐਚ ਓ ਦੀ ਭੂਮਿਕਾ ਲਗਾਤਾਰ ਨਾ ਪੱਖੀ ਹੀ ਰਹੀ ਹੈ,ਉਹ ਸ਼ੁਰੂ ਤੋਂ ਹੀ ਕੇਸ਼ ਨੂੰ ਕਮਜ਼ੋਰ ਕਰਨ ਦਾ ਯਤਨ ਕਰਦਾ ਆ ਰਿਹਾ ਹੈ,ਉਸੇ ਕਾਰਨ ਹੀ ਦੋ ਦੋਸ਼ੀਆਂ ਨੂੰ ਕੇਸ਼ ਚੋਂ ਬਾਹਰ ਕੱਢਿਆ ਗਿਆ ਹੈ, ਇਸ ਤਰ੍ਹਾਂ ਜਾਪਦਾ ਹੈ ਰਹਿੰਦੇ ਦੋਸ਼ੀਆਂ ਨੂੰ ਵੀ ਕੇਸ ਵਿੱਚੋ ਬਾਹਰ ਕਰਕੇ ਕੇਸ਼ ਬਿੱਲਕੁੱਲ ਖਤਮ ਕਰਨ ਦੀ ਇੱਛਾ ਮਨ ਹੀ ਮਨ ਪਾਲ ਰੱਖੀ ਹੋਵੇ। ਲੱਗਭੱਗ ਦੋ ਮਹੀਨੇ ਬੀਤਣ ਉਪਰੰਤ ਵੀ ਰਹਿੰਦੇ ਇੱਕ ਦੋਸ਼ੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਭਾਵੇਂ ਐਸ ਐਚ ਓ ਬੋਹਾ ਨੂੰ ਤਬਦੀਲ ਕਰਕੇ ਬੁਢਲਾਡਾ ਸਦਰ ਲਾਇਆ ਗਿਆ ਹੈ, ਪ੍ਰੰਤੂ ਉਸਨੂੰ ਮੁਅੱਤਲ ਕਰਨ ਸਮੇਤ ਵੱਖ ਵੱਖ ਮੰਗਾਂ ਨੂੰ ਲੈ ਕੇ ਸੀ ਪੀ ਆਈ ਨੂੰ ਮਜਬੂਰਨ ਮਨਜੀਤ ਗਾਮੀਵਾਲਾ ਨੂੰ ਇਨਸਾਫ਼ ਦਿਵਾਉਣ ਲਈ 2 ਮਈ ਨੂੰ ਸਵੇਰੇ 10 ਵਜੇ ਥਾਣਾ ਬੋਹਾ ਦਾ ਘਿਰਾਓ ਕਰਨਾ ਪੈ ਰਿਹਾ ਹੈ।

ਆਗੂਆਂ ਵੱਲੋਂ ਮੰਗ ਕੀਤੀ ਜਾਵੇਗੀ ਦੋਸ਼ੀ ਮੁੱਖ ਸਾਜ਼ਿਸ਼ ਕਰਤਾ ਨੂੰ ਬਚਾਉਣ ਵਾਲੇ ਐਸ ਐਚ ਓ ਨੂੰ ਤੁਰੰਤ ਮੁਅੱਤਲ ਕੀਤਾ ਜਾਵੇ ਕੇਸ ਚੋਂ ਬਾਹਰ ਕੀਤੇ ਗਏ ਦੋਵੇਂ ਦੋਸ਼ੀ ਗ੍ਰਿਫ਼ਤਾਰ ਕਰਕੇ ਅਦਾਲਤ 'ਚ ਪੇਸ਼ ਕੀਤੇ ਜਾਣ, ਕਤਲ ਕੇਸ ਦੇ ਮੁੱਖ ਸਾਜ਼ਿਸ਼ ਕਰਤਾ ਦੀ ਡੂੰਘਾਈ ਨਾਲ ਜਾਂਚ ਕਰਕੇ ਉਸ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇ। ਰਹਿੰਦੇ ਦੋਸ਼ੀਆਂ ਨੂੰ ਵੀ ਬਿਨਾਂ ਦੇਰੀ ਪੁਲਿਸ ਹਿਰਾਸਤ 'ਚ ਲਿਆ ਜਾਵੇ। ਕਮਿਊਨਿਸਟ ਆਗੂਆਂ



ਨੇ ਜ਼ਿਲ੍ਹਾ ਮਾਨਸਾ ਦੀਆਂ ਸਾਰੀਆਂ ਸਿਆਸੀ ਧਿਰਾਂ ਤੇ ਕਿਸਾਨ ਜਥੇਬੰਦੀਆਂ ਨੂੰ ਉਕਤ ਘਿਰਾਓ 'ਚ ਸ਼ਾਮੂਲੀਅਤ ਦੀ ਪੁਰਜ਼ੋਰ ਅਪੀਲ ਵੀ ਕੀਤੀ।

ਸਬ ਡਵੀਜ਼ਨ ਬੁਢਲਾਡਾ ਦੇ ਸਕੱਤਰ ਸਾਥੀ ਵੇਦ ਪ੍ਰਕਾਸ਼ ਬੁਢਲਾਡਾ, ਮੀਤ ਸਕੱਤਰ ਮਲਕੀਤ ਮੰਦਰਾਂ ਤੇ ਟਰੇਡ ਯੂਨੀਅਨ ਆਗੂ ਕਾ.ਜਗਸੀਰ ਰਾਏ ਕੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 2 ਮਈ ਨੂੰ ਥਾਣਾ ਬੋਹਾ ਦੇ ਘਿਰਾਓ ਦੀਆਂ ਤਿਆਰੀਆਂ ਆਰੰਭ ਦਿੱਤੀਆਂ ਗਈਆਂ ਤੇ ਵੱਡੀ ਗਿਣਤੀ ਵਿੱਚ ਵੱਖ ਵੱਖ ਪਿੰਡਾਂ ਵਿੱਚੋਂ ਪਾਰਟੀ ਵਰਕਰਾਂ, ਕਿਸਾਨ, ਮਜ਼ਦੂਰ ਅਤੇ ਨੌਜਵਾਨਾਂ ਸਮੇਤ ਔਰਤਾਂ ਵੱਲੋਂ ਵੀ ਸ਼ਮੂਲੀਅਤ ਕੀਤੀ ਜਾਵੇਗੀ।

# ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਵੱਲੋਂ ਪਹਿਲਗਾਮ ਆਤੰਕੀ ਹਮਲੇ ਦੀ ਸਖ਼ਤ ਆਲੋਚਨਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ, 24 ਅਪ੍ਰੈਲ (ਤਰਸੇਮ ਦੀਵਾਨਾ ) ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਵਲੋਂ ਪਹਿਲਗਾਮ ਆਤੰਕੀ ਹਮਲੇ ਦੀ ਸਖ਼ਤ ਆਲੋਚਨਾ ਕਰਦਿਆਂ ਹਮਲੇ ਦੇ ਮ੍ਰਿਤਕਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਜਾਹਿਰ ਕਰਦਿਆਂ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਸਾਰਾ ਦੇਸ਼ ਦੁਖੀ ਪਰਿਵਾਰਾਂ ਦੇ ਨਾਲ ਖੜਾ ਹੈ।

ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਚੇਅਰਮੈਨ ਸੰਤ ਸਰਵਣ ਦਾਸ ਜੀ ਬੋਹਣ, ਪ੍ਰਧਾਨ ਸੰਤ ਨਿਰਮਲ ਦਾਸ ਬਾਬੇਜੋੜੇ,ਅਤੇ ਸੁਸਾਇਟੀ ਦੇ ਸਮੂਹ ਮਹਾਂਪੁਰਸ਼ਾਂ ਨੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬੁੱਧ ਬਖਸ਼ਿਸ਼ ਕਰਨ। ਸੁਸਾਇਟੀ ਦੇ ਸੰਤਾਂ ਮਹਾਂਪੁਰਸ਼ਾਂ ਨੇ ਕਿਹਾ ਕਿ ਅੱਤਵਾਦ, ਹਿੰਸਾ, ਯੁੱਧ ਕਿਸੇ ਵੀ ਮਸਲੇ ਦਾ ਹੱਲ ਨਹੀਂ ਹਨ ਬਲਕਿ ਇਸ ਨਾਲ ਦੁਨੀਆਂ ਅੰਦਰ ਡਰ ਭੈਅ ,ਨਫਰਤ ਅਤੇ ਈਰਖਾ ਦਾ ਮਹੌਲ ਪੈਦਾ ਹੋਵੇਗਾ ਅਤੇ ਦੇਸ਼ਾਂ ਅੰਦਰ ਅਮਨ ,ਸ਼ਾਂਤੀ ਤੇ ਆਪਸੀ ਭਾਈਚਾਰੇ ਲਈ ਖਤਰਾ ਵਧੇਗਾ। ਉਨਾਂ ਕਿਹਾ ਪਰਮੇਸ਼ਰ ਦੇ ਬਣਾਏ ਹਰ ਇੰਨਸਾਨ ਨੂੰ ਇਕ ਦੂਜੇ ਨਾਲ ਪਿਆਰ ਕਰਨਾ ਚਾਹੀਦਾ ਅਤੇ ਗੁਰੂ ਰਵਿਦਾਸ ਮਹਾਰਾਜ ਜੀ ਦੇ "ਸਤਿਸੰਗਤ ਮਿਲਿ ਰਹੀਐ ਮਾਧੋ ਜੈਸੇ ਮਧੁਪ ਮਖੀਰਾ" ਦੇ ਉਪਦੇਸ਼ਾਂ ਤੋਂ ਪ੍ਰੇਰਨਾ ਲੈ ਕੇ ਅਮਨ ਸ਼ਾਂਤੀ ਨਾਲ ਰਹਿਣਾ ਚਾਹੀਦਾ।

ਇਸ ਮੌਕੇ ਸੰਤ ਸਰਵਣ ਦਾਸ ਸੀਨੀ.ਮੀਤ ਪ੍ਰਧਾਨ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਸੰਤ ਬਲਵੰਤ ਸਿੰਘ ਡਿੰਗਰੀਆਂ, ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ , ਸੰਤ ਧਰਮਪਾਲ ਸ਼ੇਰਗੜ, ਸੰਤ ਰਮੇਸ਼ ਦਾਸ ਡੇਰਾ ਕਲਰਾਂ ਸ਼ੇਰਪੁਰ,, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਬੀਬੀ ਕੁਲਦੀਪ ਕੌਰ ਮਹਿਨਾ, ਸੰਤ ਮਨਜੀਤ ਦਾਸ ਵਿਛੋਹੀ,ਬਾਬਾ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਗੁਰਮੀਤ ਦਾਸ,ਸੰਤ ਰਜੇਸ਼ ਦਾਸ ਬਜਵਾੜਾ, ਹਾਜਰ ਸਨ।

# ਸਿਹਤ ਵਿਭਾਗ ਦੀ ਟੀਮ ਨੇ ਵਿਦਿਆਰਥੀਆਂ ਤੇ ਲੋਕਾਂ ਨੂੰ ਮਲੇਰੀਆ ਤੋਂ ਬਚਾਓ ਸਬੰਧੀ ਕੀਤਾ ਜਾਗਰੂਕ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com

ਲੌਂਗੋਵਾਲ, 25 ਅਪ੍ਰੈਲ (ਜਗਸੀਰ ਸਿੰਘ)- ਅੱਜ ਵਿਸ਼ਵ ਮਲੇਰੀਆ ਦਿਵਸ ਹੈ। ਮਲੇਰੀਆ ਇੱਕ ਅਜਿਹੀ ਬਿਮਾਰੀ ਹੈ ਜੋ ਸਾਲਾਂ ਤੋਂ ਲੋਕਾਂ ਨੂੰ ਆਪਣਾ ਸ਼ਿਕਾਰ ਬਣਾ ਰਹੀ ਹੈ। ਹਰ ਸਾਲ 25 ਅਪ੍ਰੈਲ ਨੂੰ ‘ਵਿਸ਼ਵ ਮਲੇਰੀਆ ਦਿਵਸ’ ਲੋਕਾਂ ਵਿੱਚ ਮਲੇਰੀਆ ਵਿਰੁੱਧ ਜਾਗਰੂਕਤਾ ਫੈਲਾਉਣ ਲਈ ਮਨਾਇਆ ਜਾਂਦਾ ਹੈ। ਧਿਆਨਯੋਗ ਹੈ ਕਿ ਭਾਰਤ ਸਮੇਤ ਪੂਰੀ ਦੁਨੀਆ ਵਿੱਚ ਹਰ ਸਾਲ ਲੱਖਾਂ ਲੋਕ ਮਲੇਰੀਆ ਤੋਂ ਪੀੜਤ ਹੁੰਦੇ ਹਨ। ਦੱਸ ਦੇਈਏ ਕਿ ਇਹ ਇੱਕ ਜਾਨਲੇਵਾ ਬਿਮਾਰੀ ਹੈ। ਸੋ ਅੱਜ 25 ਅਪ੍ਰੈਲ ਨੂੰ ਮਾਣਯੋਗ ਸਿਵਲ ਸਰਜਨ ਸੰਗਰੂਰ ਡਾ. ਸੰਜੇ ਕਾਮਰਾ ਜੀ ਦੇ ਹੁਕਮਾਂ ਅਤੇ ਕਾਰਜ਼ਕਾਰੀ ਸੀਨੀਅਰ ਮੈਡੀਕਲ ਅਫਸਰ ਡਾਕਟਰ ਮਨੀਤਾ ਬਾਂਸਲ ਬਲਾਕ ਲੌਂਗੋਵਾਲ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾਕਟਰ ਉਪਾਸਨਾ ਬਿੰਦਰਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਦੇ ਦਿਸ. ਨਿਰਦੇਸ ਅਨੁਸਾਰ ਅਤੇ ਐਸ. ਆਈ.ਰਾਜਿੰਦਰ ਕੁਮਾਰ ਬਾਂਸਲ ਅਤੇ ਐਸ.ਆਈ. ਸਤੀਸ਼ ਕੁਮਾਰ ਦੀ ਅਗਵਾਈ ਵਿੱਚ ਸਿਹਤ ਕਰਮੀ ਖ਼ੁਸ਼ਵੰਤ ਸਿੰਘ ਨਮੋਲ, ਸਿਹਤ ਕਰਮੀ ਮਲਕੀਤ ਕੌਰ ਨਮੋਲ,ਸਿਹਤ ਕਰਮੀ ਬਾਲ ਕ੍ਰਿਸ਼ਨ, ਸਿਹਤ ਕਰਮੀ ਪ੍ਰਦੀਪ ਸਿੰਘ ਦੁਆਰਾ





ਸਬ ਸੈਂਟਰ ਤੇ, ਸਰਕਾਰੀ ਸਕੂਲਾਂ ਵਿੱਚ, ਚੌਂਤਰਿਆਂ, ਸੱਥਾ ਆਦਿ ਥਾਵਾਂ ਵਿਖੇ ਵਿਸ਼ਵ ਮਲੇਰੀਆ ਦਿਵਸ ਮਨਾਕੇ ਬੱਚਿਆਂ ਨੂੰ ਮਲੇਰੀਆ ਤੋਂ ਬਚਾਓ ਪ੍ਰਤੀ ਜਾਗਰੂਕ ਕੀਤਾ ਗਿਆ।

ਮਨੁੱਖਾਂ ਵਿੱਚ ਕਿਵੇਂ ਫੈਲਿਆ ਮਲੇਰੀਆ ? ਮਲੇਰੀਆ ਦੀ ਬਿਮਾਰੀ ਮੱਛਰ ਦੇ ਕੱਟਣ ਨਾਲ ਫੈਲਦੀ ਹੈ। ਇਹ ਮਾਦਾ ਐਨੋਫਿਲੀਜ਼ ਮੱਛਰ ਰਾਹੀਂ ਮਨੁੱਖਾਂ ਵਿੱਚ ਫੈਲਦਾ ਹੈ। ਦੱਸ ਦੇਈਏ ਕਿ ਮਲੇਰੀਆ ਪਲਾਜ਼ਮੋਡੀਅਮ ਵਾਈਵਸ ਨਾਮ ਦੇ ਵਾਇਰਸ ਕਾਰਨ ਹੁੰਦਾ ਹੈ। ਜਦੋਂ ਮਾਦਾ ਐਨੋਫਿਲੀਜ਼ ਮੱਛਰ ਕਿਸੇ ਸੰਕਰਮਿਤ ਵਿਅਕਤੀ ਨੂੰ ਕੱਟਦਾ ਹੈ, ਤਾਂ ਇਸ ਵਾਇਰਸ ਦਾ ਕੁਝ ਹਿੱਸਾ ਮੱਛਰ ਦੇ ਸਰੀਰ ਵਿੱਚ ਤਬਦੀਲ ਹੋ ਜਾਂਦਾ ਹੈ। ਇਸ ਤੋਂ ਬਾਅਦ ਜਦੋਂ ਇਹ ਮੱਛਰ ਕਿਸੇ ਸਿਹਤਮੰਦ ਵਿਅਕਤੀ ਨੂੰ ਕੱਟਦਾ ਹੈ, ਤਾਂ ਇਹ ਵਾਇਰਸ ਉਸ ਵਿਅਕਤੀ ਦੇ ਸਰੀਰ ਵਿੱਚ ਪਹੁੰਚ ਜਾਂਦਾ ਹੈ। ਇਸ ਤੋਂ ਬਾਅਦ ਉਹ ਵੀ ਮਲੇਰੀਆ ਦਾ ਸ਼ਿਕਾਰ ਹੋ ਜਾਂਦਾ ਹੈ। ਗੰਦਗੀ ਮਲੇਰੀਆ ਦਾ ਸਭ ਤੋਂ ਵੱਡਾ ਕਾਰਨ ਹੈ। ਆਲੇ-ਦੁਆਲੇ ਦੀ ਗੰਦਗੀ ਕਾਰਨ ਮੱਛਰ ਉਥੇ ਪੈਦਾ ਹੁੰਦੇ ਹਨ, ਜਿਸ ਤੋਂ ਬਾਅਦ ਉਹ ਮਨੁੱਖਾਂ ਨੂੰ ਕੱਟਦੇ ਹਨ ਤੇ ਉਨ੍ਹਾਂ ਨੂੰ ਮਲੇਰੀਆ ਦੀ ਲਾਗ ਲਗਾਉਂਦੇ ਹਨ।ਮਲੇਰੀਆ ਨਾਲ ਸੰਕਰਮਿਤ ਵਿਅਕਤੀ ਨੂੰ ਮੱਛਰ ਦੇ ਕੱਟਣ ਤੋਂ 6 ਤੋਂ 8 ਦਿਨਾਂ ਬਾਅਦ ਲੱਛਣ ਦਿਖਾਈ ਦਿੰਦੇ ਹਨ। ਲੱਛਣਾਂ ਵਿੱਚ ਤੇਜ਼ ਬੁਖ਼ਾਰ, ਥਕਾਵਟ, ਸਿਰ ਦਰਦ, ਪੇਟ ਵਿੱਚ ਦਰਦ, ਚੱਕਰ ਆਉਣੇ, ਬੇਹੋਸ਼ੀ, ਅਨੀਮੀਆ, ਮਾਸਪੇਸ਼ੀ ਵਿੱਚ ਦਰਦ, ਉਲਟੀਆਂ ਅਤੇ ਚਮੜੀ ਦਾ ਪੀਲਾ ਹੋਣਾ ਸ਼ਾਮਲ ਹਨ। ਇਸ ਬਿਮਾਰੀ ਤੋਂ ਬਚਣ ਲਈ ਆਪਣੇ ਘਰ ਦੇ ਆਲੇ-ਦੁਆਲੇ ਪਾਣੀ ਇਕੱਠਾ ਨਾ ਹੋਣ ਦਿਓ ਤੇ ਸਾਫ਼-ਸਫ਼ਾਈ ਦਾ ਪੂਰਾ ਧਿਆਨ ਰੱਖੋ। ਆਪਣੇ ਆਪ ਨੂੰ ਮੱਛਰਾਂ ਤੋਂ ਸੁਰੱਖਿਅਤ ਰੱਖਣ ਲਈ ਮੱਛਰਦਾਨੀ ਅਤੇ ਮੱਛਰ ਭਜਾਉਣ ਵਾਲੀ ਦਵਾਈ ਦੀ ਵਰਤੋਂ ਕਰੋ।

ਵਿਸ਼ਵ ਮਲੇਰੀਆ ਦਿਵਸ ਮਨਾਉਣ ਦਾ ਇਤਿਹਾਸ ਅਫ਼ਰੀਕਾ ਵਿੱਚ ਮਲੇਰੀਆ ਕਾਰਨ ਹਰ ਸਾਲ ਵੱਡੀ ਗਿਣਤੀ ਵਿੱਚ ਲੋਕ ਮਰਦੇ ਹਨ। ਅਜਿਹੇ ‘ਚ ਮਲੇਰੀਆ ਦੀ ਰੋਕਥਾਮ ਲਈ ਹਰ ਸਾਲ ਅਫਰੀਕਾ ਮਲੇਰੀਆ ਦਿਵਸ ਮਨਾਇਆ ਜਾਂਦਾ ਸੀ। ਇਸ ਦੇ ਮੱਦੇਨਜ਼ਰ ਸਾਲ 2007 ਵਿੱਚ ਵਿਸ਼ਵ ਸਿਹਤ ਸੰਗਠਨ ਨੇ ਵਿਸ਼ਵ ਸਿਹਤ ਅਸੈਂਬਲੀ ਦੇ 60ਵੇਂ ਸੈਸ਼ਨ ਵਿੱਚ ਇਸ ਨੂੰ ਵਿਸ਼ਵ ਮਲੇਰੀਆ ਦਿਵਸ ਵਜੋਂ ਮਨਾਉਣ ਦਾ ਪ੍ਰਸਤਾਵ ਰੱਖਿਆ ਸੀ। ਉਦੋਂ ਤੋਂ, ਸਾਲ 2008 ਤੋਂ, ਇਹ ਹਰ ਸਾਲ 25 ਅਪ੍ਰੈਲ ਨੂੰ ਮਨਾਇਆ ਜਾਣ ਲੱਗਾ।ਵਿਸ਼ਵ ਮਲੇਰੀਆ ਦਿਵਸ 2024 ਦੀ ਥੀਮ ਦੱਸ ਦੇਈਏ ਕਿ ਵਿਸ਼ਵ ਸਿਹਤ ਸੰਗਠਨ ਹਰ ਸਾਲ ਵਿਸ਼ਵ ਮਲੇਰੀਆ ਦਿਵਸ ਦੇ ਮੌਕੇ ‘ਤੇ ਵਿਸ਼ੇਸ਼ ਥੀਮ ਰੱਖਦਾ ਹੈ। ਸਾਲ 2024 ਦਾ ਥੀਮ ‘ ਜਾਗਰੂਕਤਾ ਫੈਲਾਓ ਮਲੇਰੀਆਂ ਭਜਾਓ ‘ ਹੈ। ਥੀਮ ਲੋਕਾਂ ਨੂੰ ਮਲੇਰੀਆ ਤੋਂ ਸੁਰੱਖਿਅਤ ਰਹਿਣ ਦੇ ਨਵੇਂ ਤਰੀਕਿਆਂ ਬਾਰੇ ਸੋਚਣ ਲਈ ਪ੍ਰੇਰਿਤ ਕਰਨਾ ਹੈ।

ਇਸ ਪ੍ਰੋਗਰਾਮ ਨੂੰ ਸਫਲ ਬਨਾਉਣ ਵਿੱਚ ਸਮੂਹ ਅਧਿਆਪਕ ਸਹਿਬਾਨ, ਆਸ਼ਾ ਵਰਕਰ ਤੇ ਪਿੰਡ ਵਾਸੀਆਂ ਨੇ ਪੂਰਨ ਸਹਿਯੋਗ ਦਿੱਤਾ।

# ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਛੋਕਰਾਂ ਦੇ ਵਿਦਿਆਰਥੀਆਂ ਨੂੰ ਕਾਪੀਆਂ-ਪੈੱਨ ਤੇ ਸਟੇਸ਼ਨਰੀ ਵੰਡੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com

ਫਿ ਲੌ ਰ / ਅੱ ਪ ਰਾ (ਦੀਪਾ)-ਕਰੀਬੀ ਪਿੰਡ ਛੋਕਰਾਂ ਵਿਖੇ ਸਥਿਤ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਛੋਕਰਾਂ ਦੇ ਸਮੂਹ ਵਿਦਿਆਰਥੀਆਂ ਨੂੰ ਅਮਨਜੋਤੀ (ਯੂ.ਕੇ), ਲਖਵਿੰਦਰ ਲੋਹਟ ਤੇ ਵਿਜੈ ਦਾਦਰਾ (ਯੂ.ਕੇ) (ਸਵ. ਢੇਰੂ ਰਾਮ ਦੇ ਪਰਿਵਾਰ )



ਵਲੋਂ ਕਾਪੀਆਂ-ਪੈੱਨ ਤੇ ਹੋਰ ਸਟੇਸ਼ਨਰੀ ਵੰਡੀ ਗਈ | ਇਸ ਮੌਕੇ ਬੋਲਦਿਆਂ ਲਖਵਿੰਦਰ ਲੋਹਟ ਤੇ ਵਿਜੈ ਦਾਦਰਾ (ਯੂ. ਕੇ) ਨੇ ਕਿਹਾ ਕਿ ਵਰਤਮਾਨ ਸਮੇਂ ‘ਚ ਸਰਕਾਰੀ ਸਕੂਲਾਂ ‘ਚ ਪੜਦੇ ਵਿਦਿਆਰਥੀਆਂ ਵੀ ਵਿੱਦਿਅਕ ਖੇਤਰ ‘ਚ ਪ੍ਰਾਈਵੇਟ ਸਕੂਲਾਂ’ਚ ਪੜਦੇ ਵਿਦਿਆਰਥੀਆਂ ਦੇ ਬਰਾਬਰ ਅੰਕ ਪ੍ਰਾਪਤ ਕਰ ਰਹੇ ਹਨ | ਇਸ ਲਈ ਸਾਨੂੰ ਵੀ ਚਾਹੀਦਾ ਹੈ ਕਿ ਅਸੀਂ ਆਪਣੀ ਕਿਰਤ ਕਮਾਈ ‘ਚ ਦਸਬੰਧ ਕੱਢਦੇ ਹੋਏ ਉਨਾਂ ਦੀ ਮੱਦਦ ਕਰੀਏ ਤਾਂ ਕਿ ਉਹ ਵੀ ਪੜ ਲਿਖ ਕੇ ਦੇਸ਼ ਤੇ ਸਮਾਜ ਦੀ ਸੇਵਾ ਕਰਨ | ਇਸ ਮੌਕੇ ਮਾਸਟਰ ਕੁਲਵੀਰ ਰਾਮ ਇੰਚਾਰਜ ਮਿਡਲ ਵਿੰਗ ਨੇ ਸਮੂਹ ਦਾਨੀ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ | ਇਸ ਮੌਕੇ ਜਸਵਿੰਦਰ ਕੌਰ, ਲਖਵਿੰਦਰ ਲੋਹਟ, ਮੋਨਿਕਾ ਲੋਹਟ, ਮਾਸਟਰ ਗੁਰਜੰਟ ਸਿੰਘ ਤੇ ਸਮੂਹ ਵਿਦਿਆਰਥੀ ਹਾਜ਼ਰ ਸਨ

# ਪਹਿਲਗਾਮ ਹਮਲੇ ਦੇ ਦੋਸ਼ੀਆਂ ਨੂੰ ਦਿੱਤੀ ਜਾਵੇ ਮਿਸਾਲੀ ਸਜ਼ਾ - ਦਲਜੀਤ ਗੋਰਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com

ਸੰਗਰੂਰ, 24 ਅਪ੍ਰੈਲ (ਜਗਸੀਰ ਲੌਂਗੋਵਾਲ ) - ਜੰਮੂ-ਕਸ਼ਮੀਰ ਦੇ ਪਹਿਲਗਾਮ ਨਜ਼ਦੀਕ ਪਰਿਵਾਰਾਂ ਸਮੇਤ ਪੁੱਜੇ ਸੈਲਾਨੀਆਂ ਉੱਪਰ ਦਹਿਸ਼ਤਗਰਦ ਅੱਤਵਾਦੀਆਂ ਵਲੋਂ ਗੋਲੀਆਂ ਚਲਾ ਕੇ ਮਾਰੇ ਗਏ 26 ਵਿਅਕਤੀਆਂ, ਨੌਜਵਾਨਾਂ ਦੀ ਘਟਨਾ ਨੂੰ ਕਾਇਰਤਾ ਭਰੀ ਕਾਰਵਾਈ ਤੇ ਇਕ ਦਿਲ ਕੰਬਾਊ ਘਟਨਾ ਕਰਾਰ ਦਿੰਦਿਆਂ ਸੀਟੂ ਦੇ ਸੂਬਾ ਸਕੱਤਰ ਅਤੇ ਭਾਰਤੀ ਮਿਸਤਰੀ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਦਲਜੀਤ ਕੁਮਾਰ ਗੋਰਾ ਨੇ ਇਸ ਉਪਰ ਗਹਿਰਾ ਦੁੱਖ ਪ੍ਰਗਟ ਕੀਤਾ ਹੈ । ਸੂਬਾ ਪ੍ਰਧਾਨ ਦਲਜੀਤ ਕੁਮਾਰ ਗੋਰਾ ਨੇ ਕਿਹਾ ਕਿ ਕਸ਼ਮੀਰ ਵਾਦੀ ਅੰਦਰ ਵਾਪਰੀ ਇਸ ਘਟਨਾ ਕਾਰਨ ਜਿਥੇ ਸਮੁੱਚੇ ਦੇਸ਼ ਵਾਸੀਆਂ ਦੇ ਹਿਰਦੇ ਵਲੂੰਧਰੇ ਗਏ ਹਨ। ਉਥੇ ਸਾਜਿਸ਼ਕਰਤਾ ਦੇਸ਼ ਜਾਂ ਅੱਤਵਾਦੀਆਂ ਵਿਰੁੱਧ ਲੋਕਾਂ ਅੰਦਰ ਰੋਸ ਪੈਦਾ ਹੋਣਾ ਸੁਭਾਵਿਕ ਹੈ। ਸਾਥੀ ਗੋਰਾ ਨੇ ਕੇਂਦਰ ਸਰਕਾਰ ਪਾਸੋਂ ਜ਼ੋਰਦਾਰ ਸ਼ਬਦਾਂ ਅੰਦਰ ਮੰਗ ਕੀਤੀ ਕਿ ਪਹਿਲਗਾਮ ਹਮਲੇ ਦੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਮਿਲੇ ਅਤੇ ਮਾਰੇ ਗਏ



ਸੈਲਾਨੀਆਂ ਦੇ ਪਰਿਵਾਰਾ ਨੂੰ ਹਰ ਤਰਾਂ ਦੀ ਤਸੱਲੀ ਬਖਸ਼ ਇਮਦਾਦ ਸੁਨਿਸ਼ਚਿਤ ਕੀਤੀ ਜਾਵੇ ਤਾਂ ਹੀ ਦੇਸ਼ ਵਾਸੀਆਂ ਦੇ ਹਿਰਦੇ ਸ਼ਾਂਤ ਹੋ ਸਕਦੇ ਹਨ।

# ਸਿਹਤ ਵਿਭਾਗ ਦੁਆਰਾ ਸ਼ੇਰੋਂ ਦੇ ਅਧਿਆਪਕ ਸਾਹਿਬਾਨ ਨੂੰ ਡੇਂਗੂ ਅਵੇਅਰਨੈਸ ਤਹਿਤ ਟ੍ਰੇਨਿੰਗ ਦਿੱਤੀ ਗਈ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com

ਲੌਂਗੋਵਾਲ,25 ਅਪ੍ਰੈਲ (ਜਗਸੀਰ ਲੌਂਗੋਵਾਲ)-

ਸਿਵਲ ਸਰਜਨ ਸੰਗਰੂਰ ਡਾ. ਸੰਜੇ ਕਾਮਰਾ ਜੀ ਦੇ ਹੁਕਮਾਂ ਅਤੇ ਕਾਰਜ਼ਕਾਰੀ ਸੀਨੀਅਰ ਮੈਡੀਕਲ ਅਫਸਰ ਡਾਕਟਰ ਮਨੀਤਾ ਬਾਂਸਲ ਬਲਾਕ ਲੌਂਗੋਵਾਲ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾਕਟਰ ਉਪਾਸਨਾ ਬਿੰਦਰਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਦੇ ਦਿਸ. ਨਿਰਦੇਸ ਅਨੁਸਾਰ ਅਤੇ ਐਸ. ਆਈ.ਰਾਜਿੰਦਰ ਕੁਮਾਰ ਬਾਂਸਲ ਅਤੇ ਐਸ.ਆਈ. ਸਤੀਸ਼ ਕੁਮਾਰ ਦੀ ਅਗਵਾਈ ਵਿੱਚ ਸ਼ੇਰੋਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਟੀਚਰ ਸਾਹਿਬਾਨ ਨੂੰ ਡੇਂਗੂ ਅਵੇਅਰਨੈਸ ਤਹਿਤ ਟ੍ਰੇਨਿੰਗ ਦਿੱਤੀ ਗਈ। ਇਸ ਟ੍ਰੇਨਿੰਗ ਵਿੱਚ ਸਿਹਤ ਵਿਭਾਗ ਦੇ ਕਰਮਚਾਰੀ ਖ਼ੁਸ਼ਵੰਤ ਸਿੰਘ ਨਮੋਲ, ਬਾਲ ਕ੍ਰਿਸ਼ਨ ਸ਼ੇਰੋਂ,



ਨੇ ਅਧਿਆਪਕ ਸਹਿਬਾਨ ਨੂੰ ਦੱਸਿਆ ਗਿਆ ਕਿ ਡੇਂਗੂ ਬੁਖਾਰ ਮਾਦਾ ਏਡੀਜ਼ ਅਜਿੱਪਟੀ ਨਾਮੀਂ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਆਮ ਤੌਰ ‘ਤੇ ਬਰਸਾਤ ਦੇ ਮੌਸਮ ਦੌਰਾਨ ਅਤੇ ਘਰਾਂ ਵਿੱਚ ਪਾਣੀ ਦੇ ਜਮਾਂ ਹੋਣ ਕਾਰਨ ਮੱਛਰ ਪੈਦਾ ਹੋ ਜਾਂਦੇ ਹਨ, ਜੋ ਸਵੇਰੇ ਅਤੇ ਸ਼ਾਮ ਵੇਲੇ ਕੱਟਦੇ ਹਨ। ਇਨ੍ਹਾਂ ਕਾਰਨ ਹੋਇਆ ਬੁਖਾਰ ਸਰੀਰ ਵਿੱਚ ਪਲੇਟਲੈੱਟ ਸੈਲਾਂ ਨੂੰ ਘਟਾ ਦਿੰਦਾ ਹੈ ਅਤੇ ਇਸ ਵਿੱਚ ਤੇਜ ਬੁਖ਼ਾਰ, ਮਾਸਪੇਸ਼ੀਆਂ ਵਿਚ ਦਰਦ , ਚਮੜੀ ਤੇ ਲਾਲ ਦਾਣੇ ਅਤੇ ਗੰਭੀਰ ਸਥਿਤੀ ਵਿੱਚ ਮਸੂੜਿਆਂ ਵਿਚੋਂ ਖੂਨ ਆਉਣਾ ਇਸ ਦੇ ਲਛੱਣ ਹਨ। ਅਜਿਹੇ ਲੱਛਣ ਦਿਖਣ ਤੇ ਨਜ਼ਦੀਕੀ ਸਰਕਾਰੀ ਸਿਹਤ ਸੰਸਥਾ ਜਾਂ ਹਸਪਤਾਲ ਨਾਲ ਸਪੰਰਕ ਕੀਤਾ ਜਾਵੇ।

ਡੇਂਗੂ ਤੋਂ ਬਚਾਅ ਲਈ:- ਕੂਲਰਾਂ, ਗਮਲੇ ਅਤੇ ਫ਼ਰਿਜ ਟਰਿਆਂ ਵਿਚ ਖੜੇ ਪਾਣੀ ਨੂੰ ਹਫ਼ਤੇ ਵਿਚ ਇੱਕ ਵਾਰ ਜਰੂਰ ਸਾਫ਼ ਕਰੋ। ਕੱਪੜੇ ਅਜਿਹੇ ਪਹਿਨੋ ਜਿਸ ਨਾਲ ਸਰੀਰ ਢਕਿਆ ਰਹੇ ਤਾਂ ਕਿ ਤਹਾਨੂੰ ਮੱਛਰ ਨਾ ਕੱਟ ਸਕੇ। ਸੌਣ ਵੇਲੇ ਮੱਛਰਦਾਨੀ, ਮੱਛਰ ਭਜਾਉਣ ਵਾਲੀਆਂ ਕਰੀਮਾਂ ਆਦਿ ਵਰਤੋਂ। ਬੁਖਾਰ ਹੋਣ ਤੇ ਸਿਰਫ ਪੈਰਾਸੀਟਾਮੋਲ ਹੀ ਲਵੋ। ਬੁਖਾਰ ਹੋਣ ਤੇ ਅਸਪ੍ਰੀਨ ਤੇ ਬਰੂਫਿਨ ਗੋਲੀ ਨਾ ਲਵੋ। ਛੱਤ ਤੇ ਰੱਖੀਆਂ ਟੈਂਕੀਆਂ ਦੇ ਢੱਕਣ ਚੰਗੀ ਤਰਾਂ ਬੰਦ ਕਰ ਕੇ ਰੱਖੋ। ਟੁਟੇ ਬਰਤਨ, ਡਰਮ, ਟਾਇਰ ਆਦਿ ਨੂੰ ਖੁਲੇ ਵਿਚ ਨਾ ਰੱਖੋ ਤਾਂ ਜੋ ਬਰਸਾਤੀ ਪਾਣੀ ਜਮਾ ਨਾ ਹੋ ਜਾਵੇ। ਪਾਣੀ ਤੇ ਤਰਲ ਚੀਜ਼ਾਂ ਜ਼ਿਆਦਾ ਪੀਓ ਅਤੇ ਅਰਾਮ ਕਰੋ ਤਾਂ ਜੋ ਡੇਂਗੂ ਬੁਖਾਰ ਤੋਂ ਬਚਿਆ ਜਾ ਸਕੇ।ਡੇਂਗੂ ਆਵੇਰਨੈੱਸ ਦੇ ਪੋਸਟਰ ਵੀ ਵੰਡੇ ਗਏ। ਅਧਿਆਪਕ ਸਹਿਬਾਨ ਨੂੰ ਇਹ ਜਾਣਕਾਰੀ ਆਪਣੇ ਸਕੂਲੀ ਬੱਚਿਆਂ ਨੂੰ ਦੇਣ ਲਈ ਕਿਹਾ ਗਿਆ।

ਇਸ ਟ੍ਰੇਨਿੰਗ ਵਿੱਚ ਸਕੂਲ ਦੇ ਪ੍ਰਿੰਸੀਪਲ ਅਤੇ ਸਮੂਹ ਸਟਾਫ ਨੇ ਪੂਰਨ ਸਹਿਯੋਗ ਕੀਤਾ ਅਤੇ ਅਧਿਆਪਕ ਸਹਿਬਾਨ ਦੁਆਰਾ ਬੱਚਿਆਂ ਨੂੰ ਡੇਂਗੂ ਆਵੇਰਨੈੱਸ ਲਈ ਲੈਕਚਰ ਵੀ ਦਿੱਤਾ।

# ਪੁਲਿਸ ਵਲੋਂ ਪਿੰਡ ਸੋਤਲ ਬਾਬਾ ਦੇ ਇੱਕ ਘਰ ਵਿੱਚੋਂ 138 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com

ਮੋਰਿੰਡਾ 24 ਅਪ੍ਰੈਲ ( ਪਤਰ ਪ੍ਰੇਰਕ) ਨਜਦੀਕੀ ਪਿੰਡ ਸੋਤਲ ਬਾਬਾ ਦੇ ਇੱਕ ਘਰ ਵਿੱਚੋਂ ਪੁਲਸ ਨੇ ਵੱਡੀ ਮਾਤਰਾ ਵਿੱਚ ਚੰਡੀਗੜ੍ਹ ਵਿਖੇ ਵਿਕਣ ਵਾਲੀ ਸ਼ਰਾਬ ਬਰਾਮਦ ਕਰਕੇ ਮਾਂ ਤੇ ਪੁੱਤਰ ਵਿਰੁੱਧ ਮੁਕੱਦਮਾ ਦਰਜ ਕਰਕੇ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇੰਸਪੈਕਟਰ ਸੁਨੀਲ ਕੁਮਾਰ ਐਸ ਐਚ ੳ ਥਾਣਾ ਸਿੰਘ ਭਗਵੰਤਪੁਰਾ ਨੇ ਦੱਸਿਆ ਕਿ ਏ ਐਸ ਆਈ ਗੁਰਜੀਤ ਸਿੰਘ, ਪੁਲਿਸ ਪਾਰਟੀ ਅਤੇ ਐਕਸਾਈਜ਼ ਇੰਸਪੈਕਟਰ ਸੌਰਵ ਗੁਪਤਾ ਇੰਚਾਰਜ ਸਰਕਲ



ਮੋਰਿੰਡਾ ਦੇ ਨਾਲ ਪਿੰਡ ਬੰਨ ਮਾਜਰਾ ਦੇ ਟੀ ਪੁਆਇੰਟ ਤੇ ਨਸ਼ਾ ਤਸਕਰਾਂ ਅਤੇ ਸ਼ੱਕੀ ਵਿਅਕਤੀਆਂ ਦੀ ਤਲਾਸ਼ ਸਬੰਧੀ ਨਾਕਾਬੰਦੀ ਤੇ ਹਾਜ਼ਰ ਸੀ ਤਾਂ ਮੁੱਖਬਰ ਖਾਸ ਵੱਲੋਂ ਸੂਚਨਾ ਦਿੱਤੀ ਗਈ ਕਿ ਸਾਹਿਲ ਕੁਮਾਰ ਪੁੱਤਰ ਵੇਦਪਾਲ ਅਤੇ ਸ਼ੀਮਲਾ ਦੇਵੀ ਪਤਨੀ ਵੇਦਪਾਲ ਨਿਵਾਸੀ ਪਿੰਡ ਸੋਤਲ ਬਾਬਾ,ਕਾਫੀ ਸਮੇਂ ਤੋਂ ਨਜਾਇਜ਼ ਸ਼ਰਾਬ ਵੇਚਣ ਦਾ ਧੰਦਾ ਕਰਦੇ ਆ ਰਹੇ ਹਨ ਅਤੇ ਉਹ 22 ਅਪ੍ਰੈਲ ਨੂੰ ਵੀ ਭਾਰੀ ਮਾਤਰਾ ਵਿੱਚ ਚੰਡੀਗੜ੍ਹ ਦੀ ਬਣੀ ਹੋਈ ਸ਼ਰਾਬ ਵੇਚਣ ਲਈ ਘਰ ਲੈ ਕੇ ਆਏ ਹੋਏ ਹਨ ਜਿਹੜੀ ਉਹਨਾਂ ਨੇ ਆਪਣੇ ਘਰ ਦੇ ਨਾਲ ਪਏ ਬੰਦ ਕਮਰਿਆਂ ਵਿੱਚ ਰੱਖੀ ਹੋਈ ਹੈ ਅਤੇ ਜੇਕਰ ਉਹਨਾਂ ਦੇ ਘਰ ਤੇ ਹੁਣ ਹੀ ਰੇਡ ਕੀਤੀ ਜਾਵੇ ਤਾਂ ਭਾਰੀ ਮਾਤਰਾ ਵਿੱਚ ਸ਼ਰਾਬ ਬਰਾਮਦ ਕੀਤੀ ਜਾ ਸਕਦੀ ਹੈ । ਇੰਸਪੈਕਟਰ ਸੁਨੀਲ ਕੁਮਾਰ ਨੇ ਦੱਸਿਆ ਕਿ ਏ ਐਸ ਆਈ ਗੁਰਜੀਤ ਸਿੰਘ ਨੇ ਸਮੇਤ ਐਕਸਾਈਜ ਇੰਸਪੈਕਟਰ ਸੌਰਵ ਗੁਪਤਾ ਤੇ ਪੁਲਿਸ ਪਾਰਟੀ ਦੇ ਜਦੋਂ ਸਾਹਿਲ ਕੁਮਾਰ ਅਤੇ ਸ਼ੀਮਲਾ ਦੇਵੀ ਦੇ ਘਰ ਰੇਡ ਕੀਤੀ ਤਾਂ ਘਰ ਵਿੱਚੋਂ 124 ਬੋਤਲਾਂ ,ਸ਼ਰਾਬ ਵਿਸਕੀ ਮਾਰਕਾ ਕਾਊਂਟਰ ਗੋਲਡ ਅਤੇ 14 ਬੋਤਲਾਂ ਮਾਰਕਾ ਕਾਊਂਟਰ XXX ਰੰਮ ਦੀਆਂ ਬਰਾਮਦ ਕਰਕੇ ਦੋਸ਼ੀ ਸਾਹਿਲ ਪੁੱਤਰ ਵੇਦ ਪਾਲ ਅਤੇ ਸ਼ਿਮਲਾ ਦੇਵੀ ਪਤਨੀ ਵੇਦਪਾਲ ਵਾਸੀ ਪਿੰਡ ਸੋਤਲ ਬਾਬਾ ਵਿਰੁੱਧ ਐਕਸਾਈਜ ਐਕਟ ਦੀ ਧਾਰਾ 61/1/ 1 4 ਅਧੀਨ ਮੁਕੱਦਮਾ ਦਰਜ ਕਰਕੇ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ ।

# ਪਹਿਲਗਾਮ ਅੱਤਵਾਦੀ ਹਮਲੇ ਦੇ ਵਿਰੋਧ ਵਿੱਚ ਜਾਮਾ ਮਸਜਿਦ ਹੁਸ਼ਿਆਰਪੁਰ ਦੇ ਬਾਹਰ ਅੱਤਵਾਦ ਦਾ ਪੁਤਲਾ ਫੂਕਿਆ ਗਿਆ

## ਪਾਕਿਸਤਾਨੀ ਅੱਤਵਾਦੀਆਂ ਵਲੋਂ ਮੁਸਲਮਾਨ ਅਤੇ ਹਿੰਦੂਆਂ ਵਿੱਚ ਨਫਰਤ ਫੈਲਾਉਣ ਦੀ ਇਹ ਕੋਝੀ ਸਾਜਿਸ਼ ਕੀਤੀ ਗਈ ਹੈ : ਡਾ.ਮੁਹੰਮਦ ਜਮੀਲ ਬਾਲੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ 25 ਅਪ੍ਰੈਲ ( ਤਰਸੇਮ ਦੀਵਾਨਾ ) ਇੰਤਜਾਮੀਆ ਜਾਮਾ ਮਸਜਿਦ ਈਦਗਾਹ ਕਮੇਟੀ ਦੇ ਪ੍ਰਧਾਨ ਖੁਰਸ਼ੀਦ ਅਹਿਮਦ ਦੀ ਪ੍ਰਧਾਨਗੀ ਵਿੱਚ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਖੇ ਹੋਏ ਅੱਤਵਾਦੀ ਹਮਲੇ ਦੇ ਵਿਰੋਧ ਵਿੱਚ ਜਾਮਾ ਮਸਜਿਦ ਦੇ ਬਾਹਰ ਅੱਤਵਾਦ ਦਾ ਪੁਤਲਾ ਫੂਕ ਕੇ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਤੇ ਕਮੇਟੀ ਦੇ ਉਪ-ਸਕੱਤਰ ਡਾ.ਮੁਹੰਮਦ ਜਮੀਲ ਬਾਲੀ ਨੇ ਆਤੰਕਵਾਦੀ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਇਸ ਹਮਲੇ ਵਿੱਚ ਮਾਰੇ ਗਏ ਲੋਕਾਂ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ। ਉਨ੍ਹਾਂ ਨੇ ਕਿਹਾ ਕਿ ਧਰਮ ਪੁੱਛ ਕੇ ਬੇਕਸੂਰ ਲੋਕਾਂ ਨੂੰ ਮਾਰਨਾ ਬੁਜਦਿਲੀ ਦਾ ਕਾਰਜ ਹੈ। ਇਸਲਾਮ ਵਿੱਚ ਕਿਸੀ ਵੀ ਬੇਕਸੂਰ ਇਨਸਾਨ ਦਾ ਕਤਲ ਪੂਰੀ ਇਨਸਾਨੀਅਤ ਦਾ ਕਤਲ ਹੈ। ਇਸ ਦੇਸ਼ ਵਿੱਚ ਮੁਸਲਮਾਨਾਂ ਅਤੇ ਹਿੰਦੂਆਂ ਵਿੱਚ ਨਫਰਤ ਫੈਲਾਉਣ ਦੀ ਨਾ ਸਿਰਫ ਸਾਜਿਸ਼ ਕੀਤੀ ਗਈ ਬਲਕਿ ਨਿਹੱਥੇ ਸੈਲਾਨੀਆਂ ਤੇ ਨਾਲ ਕੀਤਾ ਗਿਆ ਘਿਨੌਣਾ ਕਾਰਜ ਹੈ ਜਿਸ ਦੀ ਸਜ਼ਾ ਉਨ੍ਹਾਂ ਨੂੰ ਮਿਲ ਕੇ ਹੀ ਰਹੇਗੀ ਕਿਉਂਕਿ ਆਤੰਕਵਾਦ ਦਾ ਮਕਸਦ ਏਕਤਾ ਅਤੇ ਅਖੰਡਤਾ ਨੂੰ ਤੋੜਨਾ ਹੈ। ਪਾਕਿਸਤਾਨ ਹਮੇਸ਼ਾ ਚੰਗਾ ਗਵਾਂਢੀ ਦੇਸ਼ ਨਹੀਂ ਬਣ ਸਕਿਆ। ਉਨ੍ਹਾਂ ਨੇ ਕਿਹਾ ਕਿ ਭਾਰਤ ਸਰਕਾਰ ਨੂੰ ਇਸ ਦਾ ਮੂੰਹਤੋੜ ਜਵਾਬ ਦੇਣਾ ਚਾਹੀਦਾ ਹੈ।

ਇਸ ਮੌਕੇ ਤੇ ਇਮਾਮ ਸ਼ਮੀਮ ਅਹਿਮਦ ਕਾਸਮੀ, ਰਿਆਜ਼ ਅੰਸਾਰੀ, ਚਾਂਦ ਮੁਹੰਮਦ, ਸਾਬਿਰ ਆਲਮ, ਮੁਰੀਦ ਹੁਸੈਨ, ਮੁਹੰਮਦ ਸਲੀਮ, ਇਸਕਾਰ ਅੰਸਾਰੀ, ਸਾਦਿਕ ਮੁਹੰਮਦ, ਹਸਨ ਮੁਹੰਮਦ, ਪ੍ਰਿੰਸ ਆਦਿ ਹਾਜ਼ਰ ਸਨ।

# ਨਗਰ ਕੌਂਸਲ ਮੋਰਿੰਡਾ ਵਲੋਂ ਨਸ਼ਿਆਂ ਵਿਰੁੱਧ ਚੇਤਨ ਕਰਦੇ ਪੇਂਟਿੰਗ ਮੁਕਾਬਲੇ ਕਰਵਾਏ ਗਏ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com



ਮੋਰਿੰਡਾ 25 ਅਪ੍ਰੈਲ (ਪਤਰ ਪ੍ਰੇਰਕ) ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ “ ਯੁੱਧ ਨਸ਼ਿਆ ਵਿਰੁੱਧ ” ਦੇ ਤਹਿਤ ਅਤੇ ਜਿਲ੍ਹਾ ਪ੍ਰਸ਼ਾਸਨ ਰੂਪਨਗਰ ਵੱਲੋਂ ਜਾਰੀ ਹੁਕਮਾਂ ਅਨੁਸਾਰ ਅੱਜ ਨਗਰ ਕੌਂਸਲ ਮੋਰਿੰਡਾ ਵੱਲੋ ਭਾਈ ਨੰਦ ਲਾਲ ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਕੂਲੀ ਬੱਚਿਆ ਦੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਇਸ ਦੌਰਾਨ ਪਹਿਲਾ,ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਬੱਚਿਆ ਨੂੰ ਇਨਾਮ ਵੰਡੇ ਗਏ। ਕਾਰਜ ਸਾਧਕ ਅਫਸਰ ਸ਼੍ਰੀ ਪਰਵਿੰਦਰ ਸਿੰਘ ਜੀ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ ਯੁੱਧ ਨਸ਼ਿਆ ਵਿਰੁੱਧ ਵਿੱਚ ਵੱਧ ਚੜ ਕੇ ਹਿੱਸਾ ਲਿਆ ਜਾਵੇ ਅਤੇ ਪੰਜਾਬ ਦੇ ਆਉਣ ਵਾਲੇ ਭਵਿੱਖ ਬੱਚਿਆ ਨੂੰ ਨਸ਼ਿਆ ਤੇ ਦੂਰ ਰਹਿਣ ਸਬੰਧੀ ਜਾਗਰੂਕ ਕੀਤਾ ਗਿਆ। ਨਗਰ ਕੌਂਸਲ ਮੋਰਿੰਡਾ ਵੱਲੋਂ ਪੋਸਟਰ ਮੇਕਿੰਗ ਮੁਕਾਬਲੇ ਦੌਰਾਨ ਭਾਗ ਲੈਣ ਵਾਲੇ ਬੱਚਿਆ ਲਈ ਰਿਫਰੈਸ਼ਮੈਂਟ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਭਾਈ ਨੰਦ ਲਾਲ ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਯੋਗਿਤਾ ਰਾਵਲ ਉਹਨਾ ਦਾ ਸਮੂਹ ਸਟਾਫ ਅਤੇ ਨਗਰ ਕੌਂਸਲ ਮੋਰਿੰਡਾ ਦੇ ਸੈਨਟਰੀ ਇੰਸਪੈਕਟਰ ਸ਼੍ਰੀ ਵਰਿੰਦਰ ਸਿੰਘ ,ਕਲਰਕ ਅਮੀਰ ਹਸਨ, ਮੋਟੀਵੇਟਰ ਗੁਰਲਾਲ ਸਿੰਘ ਲਾਲੀ,ਜਸਪ੍ਰੀਤ ਸਿੰਘ ਹਾਜਰ ਸਨ।

# ਝੋਨੇ ਦੀ ਪਰਾਲੀ ਅਤੇ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਣ ਤੋਂ ਰੋਕਣ ਲਈ ਕਰਾਪ ਰੈਜੀਡਿਊ ਮੈਨੇਜਮੈਂਟ ਸਕੀਮ ਲਾਗੂ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com

ਬਠਿੰਡਾ, 25 ਅਪ੍ਰੈਲ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ)- ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਝੋਨੇ ਦੀ ਪਰਾਲੀ ਦੇ ਸੁਚੱਜੇ ਪ੍ਰਬੰਧਨ ਅਤੇ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਣ ਤੋਂ ਰੋਕਣ ਲਈ ਕਰਾਪ ਰੈਜੀਡਿਊ ਮੈਨੇਜਮੈਂਟ ਸਕੀਮ ਸਾਲ 2025-26 ਨੂੰ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਥਾਨਕ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਲਾਗੂ ਕੀਤੀ ਗਈ ਹੈ।ਇਹ ਜਾਣਕਾਰੀ ਮੁੱਖ ਖੇਤੀਬਾੜੀ ਅਫ਼ਸਰ ਡਾ.ਜਗਦੀਸ ਸਿੰਘ ਨੇ ਸਾਂਝੀ ਕੀਤੀ।ਮੁੱਖ ਖੇਤੀਬਾੜੀ ਅਫ਼ਸਰ ਡਾ.ਜਗਦੀਸ ਸਿੰਘ ਨੇ ਦੱਸਿਆ ਕਿ ਲਈ ਇਸ ਸਕੀਮ ਤਹਿਤ ਕਿਸਾਨਾਂ, ਰਜਿਸਟਰਡ ਕਿਸਾਨ ਗਰੁੱਪਾਂ, ਕਿਸਾਨ ਨਿਰਮਾਤਾ ਸੰਗਠਨ, ਗਰਾਮ ਪੰਚਾਇਤ ਅਤੇ ਸਹਿਕਾਰੀ ਸਭਾਵਾਂ ਪਾਸੋਂ ਆਨ ਲਾਇਨ ਦਰਖਾਸਤਾਂ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਕਿਸਾਨ ਵੀਰ ਇਸ ਸਕੀਮ ਤਹਿਤ ਸਬਸਿਡੀ ‘ਤੇ ਖੇਤੀ ਮਸ਼ੀਨਰੀ ਖਰੀਦਣ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀ ਵੈੱਬਸਾਈਟ ‘www.apri-machinerypb.com ਉਪਰ ਮਿਤੀ 22 ਅਪ੍ਰੈਲ 2025 ਤੋਂ ਲੈ ਕੇ 12 ਮਈ 2025 ਸ਼ਾਮ 5:00 ਵਜੇ ਤੱਕ ਆਪਣੀਆ ਦਰਖਾਸਤਾਂ ਜਮ੍ਹਾਂ ਕਰਵਾ ਸਕਦੇ ਹਨ। ਇਸ ਸਕੀਮ ਅਧੀਨ ਵੱਖ ਵੱਖ ਮਸ਼ੀਨਰੀ ਜਿਵੇਂ ਕਿ ਸੁਪਰ ਐੱਸ.ਐੱਮ.ਐੱਸ, ਬੇਲਰ, ਸਟਰਾਅ ਰੇਕ, ਹੈਪੀ ਸੀਡਰ, ਸੁਪਰ ਸੀਡਰ, ਸਮਾਰਟ ਸੀਡਰ,ਸਰਫੇਸ ਸੀਡਰ, ਜ਼ੀਰੋ ਟਿੱਲ ਡ੍ਰਿੱਲ,ਪੈਡੀ ਸਟਰਾਅ ਚੌਪਰ, ਮਲਚਰ,ਉਲਟਾਂਵੇ ਹਲ,ਰੋਟਰੀ ਸਲੈਸ਼ਰ/ਸ਼ਰਬ ਮਾਸਟਰ, ਰੀਪਰ ਬਾਈਡਰ ਆਦਿ ਸਬਸਿਡੀ ਤੇ ਉਪਲੱਬਧ ਹਨ।ਇਸ ਸਕੀਮ ਅਧੀਨ ਨਿੱਜੀ ਕਿਸਾਨਾਂ ਨੂੰ ਪਰਾਲੀ ਦੀ ਸੁਚੱਜੀ ਸੰਭਾਲ ਕਰਨ ਲਈ ਖੇਤੀ ਮਸ਼ੀਨਰੀ ‘ਤੇ 50 ਫ਼ੀਸਦੀ ਤੱਕ ਸਬਸਿਡੀ ਮੁਹੱਈਆ ਕਰਵਾਈ ਜਾਂਦੀ ਹੈ। ਇਸ ਤੋਂ ਇਲਾਵਾ ਕਸਟਮ ਹਾਈਰਿੰਗ ਸੈਂਟਰ (ਸੀ.ਐੱਚ.ਸੀ) ਸਥਾਪਿਤ ਕਰਨ ਲਈ ਨਿੱਜੀ ਕਿਸਾਨਾਂ, ਰਜਿਸਟਰਡ ਕਿਸਾਨ ਗਰੁੱਪਾਂ, ਕਿਸਾਨ ਨਿਰਮਾਤਾ ਸੰਗਠਨ, ਗਰਾਮ ਪੰਚਾਇਤ ਅਤੇ ਸਹਿਕਾਰੀ ਸਭਾਵਾਂ ਨੂੰ ਪਰਾਲੀ ਦੀ ਸੁਚੱਜੀ ਸੰਭਾਲ ਕਰਨ ਲਈ ਖੇਤੀ ਮਸ਼ੀਨਰੀ ‘ਤੇ 80 ਫ਼ੀਸਦੀ ਤੱਕ ਸਬਸਿਡੀ ਮੁਹੱਈਆ ਕਰਵਾਈ ਜਾਂਦੀ ਹੈ। ਡਾ.ਜਗਦੀਸ਼ ਸਿੰਘ ਨੇ ਦੱਸਿਆ ਕਿ ਇਹ ਸਕੀਮ ਤਹਿਤ ਪਰਾਲੀ ਨੂੰ ਸਾੜਣ ਤੋਂ ਰੋਕਣ ਲਈ ਕਿਸਾਨਾਂ ਨੂੰ ਲੋੜੀਂਦੀ ਖੇਤੀ ਮਸ਼ੀਨਰੀ ਵਾਜਿਬ ਦਰਾਂ ‘ਤੇ ਮੁਹੱਈਆਂ ਕਰਵਾਈਆਂ ਜਾਂਦੀਆਂ ਹਨ ਅਤੇ ਪਰਾਲੀ ਨੂੰ ਖੇਤ ਵਿੱਚ ਮਿਲਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਜਿਸ ਨਾਲ ਨਾ ਸਿਰਫ਼ ਵਾਤਾਵਰਨ ਸਾਫ ਰਹਿੰਦਾ ਹੈ ਸਗੋਂ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਹੋਣ ਕਾਰਨ ਫ਼ਸਲਾਂ ਦੀ ਪੈਦਾਵਾਰ ਵਿੱਚ ਵੀ ਵਾਧਾ ਹੁੰਦਾ ਹੈ । ਉਨ੍ਹਾਂ ਨੇ ਕਿਹਾ ਕਿ ਇਸ ਵਾਰ ਜ਼ਿਲ੍ਹਾ ਬਠਿੰਡਾ ਨੂੰ “ਪਰਾਲੀ ਨੂੰ ਸਾੜਣ ਤੋਂ ਰਹਿਤ” ਬਣਾਉਣਾ ਹੀ ਸਾਡਾ ਟੀਚਾ ਹੈ ਅਤੇ ਇਸ ਲਹਿਰ ਵਿੱਚ ਹਰੇਕ ਕਿਸਾਨ ਦਾ ਸਹਿਯੋਗ ਅਤਿ-ਜ਼ਰੂਰੀ ਹੈ।

ਉਨ੍ਹਾਂ ਨੇ ਦੱਸਿਆ ਕਿ ਇਸ ਸਕੀਮ ਅਧੀਨ ਕੇਵਲ ਆਨਲਾਈਨ ਅਰਜ਼ੀਆਂ ਹੀ ਸਵੀਕਾਰ ਕੀਤੀਆਂ ਜਾਣਗੀਆਂ ਅਤੇ ਇਸ ਸਕੀਮ ਤਹਿਤ ਆਪਣੀ ਦਰਖਾਸਤ ਦੇਣ ਸਮੇਂ ਕਿਸਾਨ ਕੁੱਝ ਸਾਵਧਾਨੀਆਂ ਜ਼ਰੂਰ ਵਰਤਣ ਜਿਵੇਂ ਕਿ ਆਪਣਾ ਨਾਂ, ਪਿਤਾ/ ਪਤੀ ਦਾ ਨਾਂ,ਆਧਾਰ ਨੰਬਰ, ਖਾਤਾ ਨੰਬਰ ਅਤੇ ਚੁਣੀ ਹੋਈ ਮਸ਼ੀਨ ਦੀ ਕਿਸਮ ਅਤੇ ਵੇਰੀਐਂਟ ਸਹੀ ਤਰੀਕੇ ਨਾਲ ਦਰਜ ਕਰੋ ਅਤੇ ਫਾਰਮ ਭੇਜਣ ਤੋਂ ਪਹਿਲਾਂ ਸਾਰੀ ਜਾਣਕਾਰੀ ਨੂੰ ਧਿਆਨ ਨਾਲ ਦੁਬਾਰਾ ਤੋਂ ਚੈੱਕ ਕਰੋ, ਤਾਂ ਜੋ ਗਲਤੀਆਂ ਕਾਰਨ ਕਿਸੇ ਦੀ ਵੀ ਅਰਜ਼ੀ ਰੱਦ ਨਾ ਹੋਵੇ। ਸਕੀਮ ਨਾਲ ਜੁੜੀਆਂ ਹੋਰ ਜਾਣਕਾਰੀਆਂ ਲਈ ਕਿਸਾਨ ਆਪਣੇ ਪਿੰਡ ਦੇ ਖੇਤੀਬਾੜੀ ਵਿਕਾਸ/ਵਿਸਥਾਰ ਅਫ਼ਸਰ, ਸਬੰਧਤ ਬਲਾਕ ਖੇਤੀਬਾੜੀ ਦਫ਼ਤਰ ਅਤੇ ਦਫ਼ਤਰ ਮੁੱਖ ਖੇਤੀਬਾੜੀ ਅਫ਼ਸਰ, ਬਠਿੰਡਾ ਵਿਖੇ ਸੰਪਰਕ ਕਰ ਸਕਦੇ ਹਨ। ਡਾ.ਜਗਦੀਸ਼ ਸਿੰਘ ਨੇ ਅੰਤ ਵਿੱਚ ਕਿਸਾਨ ਭਰਾਵਾਂ ਨੂੰ ਅਪੀਲ ਕੀਤੀ ਕਿ ਝੋਨੇ ਦੀ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਖੇਤੀ ਮਸ਼ੀਨਰੀ ਦੀ ਖਰੀਦ ਕਰਨ ਲਈ ਆਪਣੀ ਦਰਖਾਸਤ ਸਮੇਂ-ਸਿਰ ਆਨ ਲਾਇਨ ਪੋਰਟਲ ਉਪਰ ਜਮ੍ਹਾਂ ਕਰਨ ਅਤੇ ਇਸ ਸਕੀਮ ਤਹਿਤ ਸਰਕਾਰੀ ਸਹਾਇਤਾ ਦਾ ਲਾਭ ਪ੍ਰਾਪਤ ਕਰਨ।

# ਕਿਰਤੀ ਕਿਸਾਨ ਯੂਨੀਅਨ ਦੇ ਜਿਲ੍ਹਾ ਆਗੂ ਅਤੇ ਅਧਿਆਪਕ ਨਿਰਭੈ ਸਿੰਘ ਖਾਈ ‘ਤੇ ਜਾਨਲੇਵਾ ਹਮਲੇ ਦੇ ਮਾਮਲੇ ‘ਤੇ ਡੀਸੀ ਸੰਗਰਰ ਵੱਲੋਂ ਬਣਦੀ ਕਾਰਵਾਈ ਦਾ ਭਰੋਸਾ

## ਕਿਰਤੀ ਕਿਸਾਨ ਯੂਨੀਅਨ, ਡੀਟੀਐੱਫ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਵੱਲੋਂ ਗੁੰਡਾ ਅਨਸਰਾਂ ਨੂੰ ਗ੍ਰਿਫਤਾਰ ਕਰਨ ਦੀ ਮੰਗ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com



ਦਲਜੀਤ ਕੌਰ

ਸੰਗਰੂਰ, 25 ਅਪ੍ਰੈਲ, 2025: ਕਿਰਤੀ ਕਿਸਾਨ ਯੂਨੀਅਨ, ਡੀਟੀਐੱਫ ਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸਾਂਝੇ ਵਫ਼ਦ ਵੱਲੋਂ ਅੱਜ ਸੰਗਰੂਰ ਵਿਖੇ ਲਹਿਰਾਗਾਗਾ ਨੇੜਲੇ ਪਿੰਡ ਖਾਈ ਦੇ ਕਿਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਦੇ ਜ਼ਿਲ੍ਹਾ ਕਨਵੀਨਰ ਨਿਰਭੈ ਸਿੰਘ ਖਾਈ ਦੀ ਕੁੱਟਮਾਰ ਖਿਲਾਫ਼ ਡਿਪਟੀ ਕਮਿਸ਼ਨਰ ਸੰਗਰੂਰ ਸ੍ਰੀ ਸੰਦੀਪ ਰਿਸ਼ੀ ਨੂੰ ਮਿਲ ਕੇ ਦੋਸ਼ੀਆਂ ਖਿਲਾਫ਼ ਪਰਚਾ ਦਰਜ਼ ਕਰਕੇ ਫੌਰੀ ਗ੍ਰਿਫਤਾਰੀ ਦੀ ਮੰਗ ਕੀਤੀ ਗਈ। ਵੱਡੀ ਗਿਣਤੀ ਵਿੱਚ ਡੀਸੀ ਕੰਪਲੈਕਸ ਦੇ ਅੰਦਰ ਪੁੱਜੇ ਆਗੂਆਂ ਦੇ ਰੋਹ ਨੂੰ ਭਾਂਪਦਿਆਂ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਦੋਸ਼ੀਆਂ ਖਿਲਾਫ਼ ਬੀਐੱਨਐੱਸ-109, 126 (2), 117 (2), 115 (2), 324 (4), 351 (2), 191 (3) ਅਤੇ 190 ਦੇ ਤਹਿਤ ਪਰਚਾ ਦਰਜ ਕੀਤਾ ਗਿਆ ਅਤੇ ਮੌਕੇ ‘ਤੇ ਇਸ ਦੀ ਕਾਪੀ ਜੱਥੇਬੰਦੀਆਂ ਦੇ ਆਗੂਆਂ ਨੂੰ ਸੌਂਪੀ ਗਈ ਅਤੇ ਡਿਪਟੀ ਕਮਿਸ਼ਨਰ ਸੰਗਰੂਰ ਸ੍ਰੀ ਸੰਦੀਪ ਰਿਸ਼ੀ ਵੱਲੋਂ ਜਲਦ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦਾ ਭਰੋਸਾ ਦਿੱਤਾ ਗਿਆ।

ਇਸ ਮੌਕੇ ਗੱਲਬਾਤ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ ਅਤੇ ਸਕੱਤਰ ਦਰਸ਼ਨ ਸਿੰਘ ਕੁੰਨਰਾ, ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਿਲ੍ਹਾ ਪ੍ਰਧਾਨ ਸੁਖਵਿੰਦਰ ਗਿਰ, ਸੂਬਾ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੂਬਾ ਵਿੱਤ ਸਕੱਤਰ ਬਿੱਕਰ ਹਥੋਆ ਅਤੇ ਡੀਐੱਮਐੱਫ ਦੇ ਸੂਬਾ ਜਨਰਲ ਸਕੱਤਰ ਹਰਦੀਪ ਟੋਡਰਪੁਰ ਨੇ ਮਾਮਲੇ ਬਾਰੇ ਗੱਲਬਾਤ ਕਰਦਿਆਂ ਨਿਰਭੈ ਸਿੰਘ (ਵਾਸੀ ਪਿੰਡ ਖਾਈ) ਕਿਰਤੀ ਕਿਸਾਨ ਯੂਨੀਅਨ ਯੂਥ ਵਿੰਗ ਦੇ ਸੰਗਰੂਰ ਜਿਲ੍ਹੇ ਦੇ ਪ੍ਰਧਾਨ ਹਨ ਅਤੇ ਡੈਮੋਕ੍ਰੈਟਿਕ ਟੀਚਰਜ਼ ਫਰੰਟ (ਜਿਲ੍ਹਾ ਸੰਗਰੂਰ) ਦੇ ਸਾਬਕਾ ਜਿਲ੍ਹਾ ਪ੍ਰਧਾਨ ਵੀ ਹਨ। ਅੱਜ ਸਵੇਰ ਜਦੋਂ ਨਿਰਭੈ ਸਿੰਘ ਖਾਈ ਸਰਕਾਰੀ ਹਾਈ ਸਕੂਲ ਰਾਮਪੁਰਾ ਜਵਾਹਰ ਵਾਲਾ (ਜਿਲ੍ਹਾ ਸੰਗਰੂਰ) ਵਿਖੇ ਆਪਣੀ ਅਧਿਆਪਨ ਦੀ ਡਿਊਟੀ ਲਈ ਜਾ ਰਹੇ ਸੀ ਤਾਂ ਪਿੰਡ ਜਵਾਹਰਕੇ ਦੇ ਨੇੜੇ ਉਨ੍ਹਾਂ ਨੂੰ 12 ਦੇ ਕਰੀਬ ਗੁੰਡਾ ਅਨਸਰਾਂ ਵੱਲੋਂ ਰਾਹ ਵਿੱਚ ਘੇਰ ਕੇ ਜਾਨਲੇਵਾ ਹਮਲਾ ਕੀਤਾ ਗਿਆ ਹੈ। ਇਸ ਹਮਲੇ ਵਿੱਚ ਉਨ੍ਹਾਂ ਦੀਆਂ ਦੋਵੇਂ ਲੱਤਾਂ ਅਤੇ ਇੱਕ ਬਾਹ ਬੁਰੀ ਤਰ੍ਹਾਂ ਤੋੜ ਕੇ ਉਨ੍ਹਾਂ ਨੂੰ ਗੰਭੀਰ ਜਖਮੀ ਕੀਤਾ ਹੈ। ਇਸ ਹਮਲੇ ਦਰਮਿਆਨ ਨਿਰਭੈ ਸਿੰਘ ਦੀ ਕਾਰ ਦੀ ਭੰਨਤੋੜ ਕੀਤੀ ਗਈ ਹੈ। ਇਨ੍ਹਾਂ ਗੁੰਡਾ ਅਨਸਰਾਂ ਦੀ ਅਗਵਾਈ ਗੁਰਜੀਤ ਫੌਜੀ (ਸਰਪੰਚ) ਲੇਹਲ ਕਲਾਂ, ਲਾਡੀ ਸੇਖੂਵਾਸ, ਬਿੱਲਾ ਸਰਪੰਚ ਅਤੇ ਪੱਪਨ ਲਦਾਲ ਆਦਿ ਕਰ ਰਹੇ ਸਨ। ਇੱਥੇ ਇਹ ਵੀ ਦੱਸਣਯੋਗ ਹੈ ਕਿ ਇਹ ਗੁੰਡਾ ਅਨਸਰ ਇਲਾਕੇ ਵਿੱਚ ਭੂ ਮਾਫੀਏ ਵਜੋਂ ਬਦਨਾਮ ਹਨ, ਜਿਹਨਾਂ ਦੀ ਸਰਪ੍ਰਸਤੀ ਇਲਾਕੇ ਨਾਲ ਸੰਬੰਧਿਤ ਕੈਬਨਿਟ ਮੰਤਰੀ ਵੱਲੋਂ ਕੀਤੀ ਜਾਂਦੀ ਹੈ। ਨਿਰਭੈ ਸਿੰਘ ‘ਤੇ ਇਹ ਹਮਲਾ ਵੀ ਉਨ੍ਹਾਂ ਦੇ ਪਿੰਡ ਖਾਈ ਨਾਲ ਸੰਬੰਧਿਤ ਇੱਕ ਜਮੀਨ ‘ਤੇ ਇਹਨਾਂ ਗੁੰਡਾ ਅਨਸਰਾਂ ਵੱਲੋਂ ਨਜਾਇਜ ਕਬਜਾ ਕਰਨ ਦੀਆਂ ਕੋਸ਼ਿਸ਼ਾਂ ਦਾ ਸਿੱਟਾ ਹੈ, ਜਿਸ ਦਾ ਵਿਰੋਧ ਸਮੁੱਚੇ ਪਿੰਡ ਨਿਵਾਸਿਆਂ ਵੱਲੋਂ ਇੱਕਜੁੱਟਤਾ ਨਾਲ ਕੀਤਾ ਜਾ ਰਿਹਾ ਹੈ। ਇਸ ਵਿਰੋਧ ਤੋਂ ਤਿਲਮਲਾਏ ਇਸ ਭੂ ਮਾਫੀਏ ਦੇ ਸਰਗਨਾ ਗੁੰਡਾ ਅਨਸਰਾਂ ਵੱਲੋਂ ਨਿਰਭੈ ਸਿੰਘ ਖਾਈ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਇਸ ਮੌਕੇ ਕਿਰਤੀ ਕਿਸਾਨ ਯੂਨੀਅਨ, ਡੈਮੋਕ੍ਰੈਟਿਕ ਟੀਚਰਜ਼ ਫਰੰਟ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਇੱਕ ਸੁਹਿਰਦ ਅਧਿਆਪਕ ਅਤੇ ਕਿਸਾਨ ਆਗੂ ਨਿਰਭੈ ਸਿੰਘ ਖਾਈ ‘ਤੇ ਹੋਏ ਇਸ ਹਮਲੇ ਦੇ ਸਾਰੇ ਦੋਸ਼ੀਆਂ ਨੂੰ ਜਲਦ ਗ੍ਰਿਫਤਾਰ ਨਾ ਕਰਨ ਦੀ ਸੂਰਤ ਵਿੱਚ ਜਥੇਬੰਦੀਆਂ ਵੱਲੋਂ ਗੁੰਡਾ-ਸਿਆਸੀ ਗੱਠਜੋੜ ਖਿਲਾਫ਼ ਤਿੱਖਾ ਸੰਘਰਸ਼ ਕਰਨਗੀਆਂ।

ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਤੋਂ ਦਰਸ਼ਨ ਕੁੰਨਰਾ , ਸੁਖਦੇਵ ਸਿੰਘ ਉਭਾਵਾਲ ਬਲਾਕ ਪ੍ਰਧਾਨ, ਗੁਰਜੀਤ ਸਿੰਘ, ਬਲਵੀਰ ਸਿੰਘ ਕੁੰਨਰਾਂ, ਦਰਸ਼ਨ ਸਿੰਘ ਜਵੰਧਾ, ਡੀਟੀਐੱਫ ਤੋਂ ਜ਼ਿਲ੍ਹਾ ਸਕੱਤਰ ਅਮਨ ਵਿਸ਼ਿਸ਼ਟ ਅਤੇ ਸੂਬਾ ਕਮੇਟੀ ਮੈਂਬਰ ਦਲਜੀਤ ਸਫੀਪੁਰ ਤੋਂ ਇਲਾਵਾ ਰਵਿੰਦਰ ਸਿੰਘ ਦਿੜ੍ਹਬਾ, ਜਸਵੀਰ ਸਫੀਪੁਰ ਕੁਲਵੰਤ ਖਨੌਰੀ, ਕਰਮਜੀਤ ਨਦਾਮਪੁਰ, ਲਾਲ ਸਿੰਘ, ਹਰਮੀਤ ਸਿੰਘ, ਵੀਰਪਾਲ ਸਿੰਘ, ਏਕਮ ਸਿੰਘ, ਕੰਵਰਜੀਤ ਸਿੰਘ, ਸੁਖਦੇਵ ਸਿੰਘ, ਅਮ੍ਰਿਤ ਸਿੰਘ, ਸਾਦਿਕ ਖਾਂ, ਪਵਨ ਕੁਮਾਰ, ਸੁਖਜਿੰਦਰ ਸਿੰਘ, ਬਲਵਿੰਦਰ ਸਿੰਘ ਚੀਮਾ, ਗੁਰਦੀਪ ਸਿੰਘ ਚੀਮਾ, ਕੰਵਲਜੀਤ ਸਿੰਘ, ਦੀਨਾ ਨਾਥ, ਸੁਖਬੀਰ ਸਿੰਘ, ਸਤਿਗੁਰ ਸਿੰਘ, ਰਮਨ ਕੁਮਾਰ, ਰਾਜ ਸਿੰਘ, ਮਨਜੀਤ ਸਿੰਘ, ਅਸ਼ਵਨੀ ਕੁਮਾਰ, ਭੁਪਿੰਦਰ ਸਿੰਘ,, ਬੀਰਬਲ ਸਿੰਘ, ਪਰਵੀਨ ਕੁਮਾਰ, ਲਲਿਤ ਕੁਮਾਰ, ਤਰੁਣ ਸ਼ਰਮਾ, ਪਰਗਟ ਸਿੰਘ, ਗੁਰਦੀਪ ਸਿੰਘ, ਜਸਵੀਰ ਸਿੰਘ, ਪ੍ਰਭਦੀਪ ਸਿੰਘ, ਮਨਜੀਤ ਸਿੰਘ ਅਤੇ ਕਲਰਕ ਸੁਰਿੰਦਰ ਸਿੰਘ ਆਦਿ ਮੌਜੂਦ ਰਹੇ ।

# ਬਰਨਾਲਾ ਦੀਆਂ ਸਮੂਹ ਜਨਤਕ ਜਮਹੂਰੀ ਜਥੇਬੰਦੀਆਂ ਨੇ ਪਹਿਲਗਾਮ ਘਟਨਾ ਦੀ ਸਖ਼ਤ ਨਿਖੇਧੀ ਕੀਤੀ

## ਭਾਈਚਾਰਕ ਏਕਤਾ ਦਾ ਸੁਨੇਹਾ ਦੇਣ ਲਈ ਕੱਲ੍ਹ 26 ਅਪ੍ਰੈਲ ਨੂੰ ਰੈਲੀ ਤੇ ਮਾਰਚ ਕਰਨ ਦਾ ਫੈਸਲਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com



ਦਲਜੀਤ ਕੌਰ

ਬਰਨਾਲਾ, 25 ਅਪਰੈਲ, 2025: ਜਮਹੂਰੀ ਅਧਿਕਾਰ ਸਭਾ ਬਰਨਾਲਾ ਦੇ ਸੱਦੇ 'ਤੇ ਅੱਜ ਤਰਕਸ਼ੀਲ ਭਵਨ ਬਰਨਾਲਾ ਵਿਖੇ ਪਹਿਲਗਾਮ ਦੀ ਦੁਖਦਾਈ ਘਟਨਾ ਦੇ ਸੰਬੰਧ ਵਿੱਚ ਜਿਲ੍ਹੇ ਦੀਆਂ ਜਨਤਕ ਜਥੇਬੰਦੀਆਂ ਦੀ ਮੀਟਿੰਗ ਹੋਈ ਜਿਸ ਵਿੱਚ ਇਸ ਦੁਖਦਾਈ ਘਟਨਾ ਵਿੱਚ ਮਾਰੇ ਗਏ ਬੇਦੋਸ਼ੇ ਲੋਕਾਂ ਨੂੰ ਸ਼ਰਧਾਂਜਲੀ ਅਰਪਣ ਕੀਤੀ ਗਈ। ਮੀਟਿੰਗ ਦੀ ਕਾਰਵਾਈ ਬਾਰੇ ਪ੍ਰੈਸ ਨੋਟ ਜਾਰੀ ਕਰਦਿਆਂ ਸਭਾ ਦੀ ਬਰਨਾਲਾ ਇਕਾਈ ਦੇ ਪ੍ਰਧਾਨ ਸੋਹਣ ਸਿੰਘ ਮਾਝੀ, ਸਕੱਤਰ ਬਿੱਕਰ ਸਿੰਘ ਔਲਖ ਤੇ ਪ੍ਰੈੱਸ ਸਕੱਤਰ ਹਰਚਰਨ ਸਿੰਘ ਚਹਿਲ ਨੇ ਦੱਸਿਆ ਕਿ ਸਾਰੇ ਹੀ ਬੁਲਾਰਿਆਂ ਨੇ ਇਸ ਅਣਮਨੁੱਖੀ ਕਾਰੇ ਦੀ ਸ਼ਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ। ਆਗੂਆਂ ਨੇ ਕਿਹਾ ਕਿ ਬੇਦੋਸ਼ੇ ਲੋਕਾਂ ਦੇ ਕਤਲਾਂ ਨੂੰ ਕਦੇ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ ਭਾਵੇਂ ਇਸ ਘਟਨਾ ਦੇ ਜ਼ਿੰਮੇਵਾਰ ਲੋਕ ਆਪਣੇ ਏਜੰਡੇ ਕਿੰਨਾ ਵੀ ਮਹੱਤਵਪੂਰਨ ਤੇ ਜ਼ਰੂਰੀ ਕਿਉਂ ਨਾ ਸਮਝਦੇ ਹੋਣ। ਆਗੂਆਂ ਨੇ ਇਸ ਘਟਨਾ ਤੋਂ ਬਾਅਦ ਦੇਸ਼ ਵਿਚ ਉਤਪੰਨ ਹੋਏ ਉਤੇਜਿਕ ਮਾਹੌਲ ਵਿਰੁੱਧ ਵੀ ਖਬਰਦਾਰ ਕੀਤਾ ਅਤੇ ਕਾਤਲਾਂ ਨੂੰ ਸਜ਼ਾ ਦੀ ਮੰਗ ਕਰਦੇ ਹੋਏ ਭਾਈਚਾਰਕ ਏਕਤਾ ਬਣਾਈ ਰੱਖਣ 'ਤੇ ਜ਼ੋਰ ਦਿੱਤਾ।

ਮੀਟੰਗ ਵਿੱਚ ਸਰਬਸੰਮਤੀ ਨਾਲ ਇਹ ਫੈਸਲਾ ਕੀਤਾ ਗਿਆ ਕਿ ਸ਼ਨੀਵਾਰ 26 ਅਪਰੈਲ ਨੂੰ ਸ਼ਾਮ 5 ਵਜੇ ਸਿਵਲ ਹਸਪਤਾਲ ਬਰਨਾਲਾ ਦੇ ਪਾਰਕ ਨਜ਼ਦੀਕ ਰੈਲੀ ਕੀਤੀ ਜਾਵੇਗੀ ਅਤੇ ਇਸ ਦੁਖਦਾਈ ਘਟਨਾ ਵਿਰੁੱਧ ਰੋਸ ਪ੍ਰਗਟਾਉਣ, ਭਾਈਚਾਰਕ ਏਕਤਾ ਬਣਾ ਕੇ ਰੱਖਣ ਦਾ ਸੁਨੇਹਾ ਦੇਣ ਅਤੇ ਬੇਦੋਸ਼ਿਆਂ ਦੇ ਕਾਤਲਾਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਦੀ ਮੰਗ ਕਰਨ ਲਈ ਸ਼ਹਿਰ ਵਿੱਚੋਂ ਦੀ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਆਗੂਆਂ ਨੇ ਸਾਰੇ ਅਮਨ ਤੇ ਇਨਸਾਫ਼ ਪਸੰਦ ਸ਼ਹਿਰੀਆਂ ਨੂੰ ਇਸ ਪ੍ਰੋਗਰਾਮ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ ਅਤੇ ਸਮੇਂ ਸਿਰ ਪੁੱਜਣ ਦੀ ਅਪੀਲ ਕੀਤੀ।

# 'ਪੰਜਾਬ ਸਿੱਖਿਆ ਕ੍ਰਾਂਤੀ'ਕਪੂਰਥਲਾ ਦੇ 12 ਸਰਕਾਰੀ ਸਕੂਲਾਂ 'ਚ 81.50 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਕੰਮਾਂ ਦੇ ਉਦਘਾਟਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com







ਫਗਵਾੜਾ 25 ਅਪ੍ਰੈਲ (ਸ਼ਿਵ ਕੌੜਾ) ਪੰਜਾਬ ਸਰਕਾਰ ਵਲੋਂ ਸਰਕਾਰੀ ਸਕੂਲਾਂ ਵਿਚ ਬੁਨਿਆਦੀ ਢਾਂਚੇ ਦੇ ਸੁਧਾਰ ਲਈ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਅੱਜ ਕਪੂਰਥਲ਼ਾ ਦੇ 12 ਸਰਕਾਰੀ ਸਕੂਲਾਂ ਵਿਚ 81.50 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਕੰਮਾਂ ਦੇ ਉਦਘਾਟਨ ਕੀਤੇ ਗਏ ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਡਾ.ਰਾਜ ਕੁਮਾਰ ਚੱਬੇਵਾਲ ਵਲੋਂ ਸਰਕਾਰੀ ਪ੍ਰਾਇਮਰੀ ਸਕੂਲ ਬ੍ਰਮ੍ਹਪੁਰ ਅਤੇ ਸਰਕਾਰੀ ਹਾਈ ਸਕੂਲ ਪੰਡੋਰੀ ਵਿਖੇ 6 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਕੰਮਾਂ ਦੇ ਉਦਘਾਟਨ ਕੀਤੇ ਗਏ ਇਸ ਤੋਂ ਇਲਾਵਾ ਭੁਲੱਥ ਹਲਕੇ ਵਿਚ ਸਰਕਾਰੀ ਪ੍ਰਾਇਮਰੀ ਸਕੂਲ ਭਦਾਸ ਅਤੇ ਸਰਕਾਰੀ ਪ੍ਰਾਇਮਰੀ ਤੇ ਸੀਨੀਅਰ ਸੈਕੰਡਰੀ ਸਕੂਲ ਬੇਗੋਵਾਲ ਵਿਖੇ ਹਰਸਿਮਰਨ ਸਿੰਘ ਘੁੰਮਣ ਡਾਇਰੈਕਟਰ ਜਲ ਸਰੋਤ ਵਿਭਾਗ ਪੰਜਾਬ ਅਤੇ ਮੈਂਬਰ ਪੰਜਾਬ ਕ੍ਰਿਕਟ ਐਸੋਸੀਏਸ਼ਨ ਵਲੋਂ 13.50 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਕੰਮ ਲੋਕਅਰਪਿਤ ਕੀਤੇ ਗਏ ਕਪੂਰਥਲਾ ਬਲਾਕ ਵਿਚ ਚੇਅਰਮੈਨ ਪੰਜਾਬ ਬੀ.ਸੀ.ਲੈਂਡ ਡਿਵੈਲਪਮੈਂਟ ਐਂਡ ਫਾਇਨਾਂਸ ਕਾਰਪੋਰੇਸ਼ਨ ਸੰਦੀਪ ਸੈਣੀ ਵਲੋਂ ਸਰਕਾਰੀ ਮਿਡਲ ਸਕੂਲ ਕਾਹਲਵਾਂ ਸਰਕਾਰੀ ਗੋਸਲ ਪੱਖੋਵਾਲ ਅਤੇ ਭੈਰੀਪੁਰ ਵਿਖੇ 18.50 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਕੰਮਾਂ ਦਾ ਉਦਘਾਟਨ ਕੀਤਾ ਗਿਆ ਇਸੇ ਤਰ੍ਹਾਂ ਸੁਲਤਾਨਪੁਰ ਲੋਧੀ ਬਲਾਕ ਵਿਚ ਸਰਕਾਰੀ ਹਾਈ ਸਕੂਲ ਹੈਬਤਪੁਰ ਸਰਕਾਰੀ ਪ੍ਰਾਇਮਰੀ ਤੇ ਸੀਨੀਅਰ ਸੈਕੰਡਰੀ ਸਕੂਲ ਡਡਵਿੰਡੀ ਵਿਖੇ ਨਗਰ ਸੁਧਾਰ ਟਰੱਸਟ ਕਪੂਰਥਲਾ ਦੇ ਚੇਅਰਮੈਨ ਸੱਜਣ ਸਿੰਘ ਚੀਮਾ ਵਲੋਂ 26.16 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਕੰਮਾਂ ਦੇ ਉਦਘਾਟਨ ਕੀਤੇ ਗਏ ਸਕੂਲਾਂ ਵਿਚ ਮੁੱਖ ਤੌਰ 'ਤੇ ਅਡੀਸ਼ਨਲ ਕਲਾਸ ਰੂਮ ਚਾਰਦੀਵਾਰੀ ਸਪੋਰਟਸ ਟਰੈਕ, ਸਾਇੰਸ ਲੈਬਾਂ ਦੀ ਉਸਾਰੀ ਸ਼ਾਮਲ ਹੈ ਇਸ ਮੌਕੇ ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ,ਆਮ ਆਦਮੀ ਪਾਰਟੀ ਦੇ ਬੁਲਾਰੇ ਹਰਜੀ ਮਾਨ,ਸਾਇੰਸ ਤਕਨਾਲੋਜੀ ਦੇ ਮੈਂਬਰ ਕੰਵਰਇਕਬਾਲ ਸਿੰਘ ਤੋਂ ਇਲਾਵਾ ਹੋਰ ਹਾਜ਼ਰ ਸਨ

# ਇੱਕਸਾਰ ਹੋਵੇ ਯੂਨੀਵਰਸਿਟੀਆਂ ਦਾ ਪਾਠਕ੍ਰਮ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com

ਪੰਜਾਬ ਦੀਆਂ ਸਟੇਟ ਯੂਨੀਵਰਸਿਟੀਆਂ ਦਾ ਪਾਠਕ੍ਰਮ ਵੱਖੋ ਵੱਖ ਹੋਣ ਕਰਕੇ ਵਿਦਿਆਰਥੀ ਵਰਗ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ। ਜੇਕਰ ਕਿਸੇ ਵਿਦਿਆਰਥੀ ਨੂੰ ਮਜਬੂਰੀ ਵੱਸ ਆਪਣੀ ਰਿਹਾਇਸ਼ ਕਿਸੇ ਹੋਰ ਦੂਰ ਦੇ ਸ਼ਹਿਰ ਕਰਨੀ ਪੈ ਜਾਵੇ ਤਾਂ ਮਜਬੂਰੀ ਵੱਸ ਉਸਨੂੰ ਆਪਣੀ ਪੂਰੀ ਡਿਗਰੀ ਪਹਿਲਾਂ ਵਾਲੀ ਯੂਨੀਵਰਸਿਟੀ ਤੋਂ ਹੀ ਪੂਰੀ ਕਰਨੀ ਪੈਂਦੀ ਹੈ। ਕਿਓਕਿ ਨਾ ਤਾਂ ਯੂਨੀਵਰਸਿਟੀਆਂ ਦੇ ਪਾਠਕ੍ਰਮ ਦੀ ਸਮਾਨਤਾ ਹੈ ਅਤੇ ਨਾ ਹੀ ਅਜਿਹਾ ਨਿਜ਼ਮ ਹੈ ਕਿ ਕਿਸੇ ਵੀ ਡਿਗਰੀ ਦਾ ਇੱਕ ਸਾਲ ਇੱਕ ਯੂਨੀਵਰਸਟੀ ਤੋਂ ਪਾਸ ਕਰਨ ਉਪਰੰਤ ਦੂਜਾ ਸਾਲ ਕਿਸੇ ਵੀ ਹੋਰ ਯੂਨੀਵਰਸਟੀ ਤੋਂ ਪਾਸ ਕੀਤਾ ਜਾ ਸਕੇ। ਸਰਕਾਰ ਨੂੰ ਇਸ ਪਾਸੇ ਸਿੱਖਿਆ ਕ੍ਰਾਂਤੀ ਲਿਆਉਣ ਲਈ ਸਾਰੀਆਂ ਯੂਨੀਵਰਸਿਟੀਆਂ ਦਾ ਪਾਠਕ੍ਰਮ ਇੱਕੋ ਜਿਹਾ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਅਜਿਹਾ ਨਿਜ਼ਮ ਵੀ ਬਣਾਉਣਾ ਚਾਹੀਦਾ ਹੈ ਕਿ ਕੋਈ ਵੀ ਵਿਦਿਆਰਥੀ ਆਪਣੀ ਡਿਗਰੀ ਦਾ ਕੋਈ ਵੀ ਸਾਲ ਕਿਸੇ ਵੀ ਯੂਨੀਵਰਸਟੀ ਤੋਂ ਪੜ੍ਹ/ਪਾਸ ਕਰ ਸਕੇ। ਜੇਕਰ ਸੱਚਮੁੱਚ ਅਜਿਹਾ ਹੋ ਜਾਵੇ ਤਾਂ ਸਿੱਖਿਆ ਪ੍ਰਾਪਤ ਕਰਨ ਦੀ ਅਸਲ ਆਜਾਦੀ ਦਾ ਵਿਦਿਆਰਥੀ ਵਰਗ ਭਰਭੂਰ ਲਾਭ ਉਠਾ ਸਕੇਗਾ।

ਅੰਗਰੇਜ ਸਿੰਘ ਵਿੱਕੀ
ਕੋਟਗੁਰੂ
ਪਿੰਡ ਤੇ ਡਾਕ. ਕੋਟਗੁਰੂ
(ਬਠਿੰਡਾ)

# ਪਹਿਲਗਾਮ ਵਿੱਚ ਹੋਏ ਅਤਵਾਦੀ ਹਮਲੇ ਦੇ ਰੋਸ ਵਜੋਂ ਅੱਜ ਮੋਰਿੰਡਾ ਮੁਕੰਮਲ ਬੰਦ ਰਿਹਾ

## ਸ਼ਰਾਬ ਦੇ ਠੇਕੇ ਖੁੱਲ੍ਹੇ ਅਤੇ ਮੈਡੀਕਲ ਸਟੋਰ ਬੰਦ ਰਹੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com



ਮੋਰਿੰਡਾ 25 ਅਪ੍ਰੈਲ (ਪਤਰ ਪ੍ਰੇਰਕ) ਵਪਾਰ ਮੰਡਲ ਮੋਰਿੰਡਾ ਸਮੇਤ ਵੱਖ ਵੱਖ ਵਪਾਰਕ ਜਥੇਬੰਦੀਆਂ ਅਤੇ ਸ਼ਹਿਰ ਨਿਵਾਸੀਆਂ ਵੱਲੋਂ ਪਹਿਲਗਾਮ ਵਿਖੇ ਅੱਤਵਾਦੀਆਂ ਵਲੋਂ ਨਿਰਦੋਸ਼ ਲੋਕਾਂ ਦੀ ਕੀਤੀ ਹਤਿਆ ਦੇ ਰੋਸ ਵਜੋਂ ਮੋਰਿੰਡਾ ਮੁਕੰਮਲ ਬੰਦ ਰਖਿਆ ਗਿਆ। ਜਾਣਕਾਰੀ ਅਨੁਸਾਰ ਸ਼ਹਿਰ ਦੀਆਂ ਸਮੂਹ ਦੁਕਾਨਾਂ ਮੁਕੰਮਲ ਬੰਦ ਰਹੀਆਂ ਪ੍ਰੰਤੂ ਸਰਕਾਰੀ ਅਦਾਰੇ,ਨਗਰ ਕੌਂਸਲ ਮੋਰਿੰਡਾ, ਤਹਿਸੀਲ ਕੰਪਲੈਕਸ,ਬੀ ਡੀ ਓ ਦਫਤਰ, ਬਿਜਲੀ ਵਿਭਾਗ ਦੇ ਦਫ਼ਤਰ, ਖੁਰਾਕ ਸਪਲਾਈ ਵਿਭਾਗ, ਅਤੇ ਬੈਂਕ ਖੁੱਲੇ ਰਹੇ ਇਹਨਾਂ ਅਦਾਰਿਆਂ ਵਿਚ ਕੰਮ ਆਮ ਵਾਂਗ ਹੋਇਆ। ਵਿਸ਼ੇਸ਼ ਗਲ ਵੇਖਣ ਨੂੰ ਮਿਲੀ ਕਿ ਐਮਰਜੈਂਸੀ ਸੇਵਾਵਾਂ ਵਿਚ ਆਉਂਦੇ ਮੈਡੀਕਲ ਸਟੋਰ ਬੰਦ ਰਹੇ ਪਰ ਸ਼ਰਾਬ ਦੇ ਠੇਕੇ ਸ਼ਰੇਆਮ ਖੁੱਲੇ ਵੇਖੇ ਗਏ। ਦੁਕਾਨਦਾਰ ਭਰਾਵਾਂ ਨੇ ਸਥਾਨਕ ਸਨਾਤਨ ਧਰਮ ਮੰਦਰ ਵਿਚ ਇਕਠੇ ਹੋ ਕੇ ਸ਼ਹਿਰ ਅੰਦਰ ਰੋਸ ਮਾਰਚ ਕੀਤਾ। ਇਸ ਰੋਸ ਮਾਰਚ ਦੀ ਅਗਵਾਈ ਨਗਰ ਕੌਂਸਲ ਮੋਰਿੰਡਾ ਦੇ ਪ੍ਰਧਾਨ ਜਗਦੇਵ ਸਿੰਘ ਭਟੋਆ ਅਤੇ ਵਪਾਰ ਮੰਡਲ ਜ਼ਿਲ੍ਹਾ ਰੂਪਨਗਰ ਦੇ ਪ੍ਰਧਾਨ ਪਵਨ ਕੁਮਾਰ ਦਾਨੀਆਂ ਨੇ ਕੀਤੀ।ਇਸ ਮਾਰਚ ਨੂੰ ਸੰਬੋਧਨ ਕਰਦਿਆਂ ਸਮੂਹ ਬੁਲਾਰਿਆਂ ਨੇ ਕਰੜੇ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਦੱਸਿਆ ਕਿ ਗਵਾਂਢੀ ਰਾਜ ਜੰਮੂ ਕਸ਼ਮੀਰ ਦੇ ਸ਼ਹਿਰ ਪਹਿਲਗਾਮ ਵਿਖੇ ਦੇਸ਼ ਵਿਰੋਧੀ ਅਤੇ ਸਮਾਜ ਵਿਰੋਧੀ ਅਨਸਰਾਂ ਵਲੋਂ ਅੰਨ੍ਹੇ ਵਾਹ ਗੋਲੀਆਂ ਚਲਾ ਕੇ ਅਨੇਕਾਂ ਨਿਰਦੋਸ਼ ਲੋਕਾਂ ਦੀ ਹਤਿਆ ਕਰ ਦਿਤੀ ਗਈ ਹੈ। ਇਹ ਇਕ ਸੋਚੀ ਸਮਝੀ ਸਾਜ਼ਿਸ਼ ਦਾ ਹਿੱਸਾ ਹੈ। ਉਹਨਾਂ ਕੇਂਦਰ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਕਿ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ ਅਤੇ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕੀਤੀ ਜਾਵੇ। ਤਾਂ ਜ਼ੋ ਸਚਾਈ ਲੋਕਾਂ ਸਾਹਮਣੇ ਆ ਸਕੇ। ਬੁਲਾਰਿਆਂ ਨੇ ਮੰਗ ਕੀਤੀ ਕਿ ਇਸ ਅਤਵਾਦੀ ਹਮਲੇ ਵਿਚ ਮਾਰੇ ਗਏ ਪ੍ਰੀਵਾਰਾਂ ਦੇ ਵਾਰਸਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ ਅਤੇ ਹਰ ਇੱਕ ਪੀੜਤ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦਿਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਗਰ ਕੌਂਸਲ ਮੋਰਿੰਡਾ ਦੇ ਪ੍ਰਧਾਨ ਜਗਦੇਵ ਸਿੰਘ ਭਟੋਆ, ਸੰਦੀਪ ਕੁਮਾਰ ਸੋਨੂੰ, ਕੁਲਵਿੰਦਰ ਸਿੰਘ ਮਸ਼ਾਲ,ਵਪਾਰ ਮੰਡਲ ਦੇ ਆਗੂ ਜਤਿੰਦਰ ਗੁੰਬਰ,ਸੰਜੀਵ ਸੂਦ,ਡਾ ਸੀਤਾ ਰਾਮ ਰਾਣਾ, ਸੋਨੂੰ ਉਪਲ,ਰਾਮ ਚਾਵਲਾ, ਸ਼ਾਮਲ ਸੂਦ, ਕੈਮਿਸਟ ਐਸੋਸੀਏਸ਼ਨ ਮੋਰਿੰਡਾ ਦੇ ਆਗੂ ਹਰਸ਼ ਕੋਹਲੀ,ਕਰਿਆਨਾ ਯੂਨੀਅਨ ਦੇ ਆਗੂ ਪ੍ਰਦੀਪ ਕੁਮਾਰ, ਗਗਨ ਅਰੋੜਾ, ਸਰਾਫ਼ਾ ਯੂਨੀਅਨ ਦੇ ਆਗੂ ਗਗਨ ਵਰਮਾ, ਦੀਪਕ ਮੜ੍ਹਕਨ ਆਦਿ ਵਪਾਰ ਮੰਡਲ ਦੇ ਆਗੂ ਹਾਜਰ ਸਨ।

# ਐਮ.ਆਰ.ਐਸ.ਪੀ.ਟੀ.ਯੂ.ਦੇ ਵਿਦਿਆਰਥੀਆਂ ਵੱਲੋਂ ਪਾਲਮਪੁਰ ਯੂਨੀਵਰਸਿਟੀ ਦਾ ਵਿਦਿਅਕ ਦੌਰਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com




ਬਠਿੰਡਾ, 24 ਅਪ੍ਰੈਲ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ)- ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂ ਨੀ ਵ ਰ ਸਿ ਟੀ ( ਐ ਮ . ਆaਬਠਿੰਡਾ ਦੇ ਖੇਤੀਬਾੜੀ ਵਿਗਿਆਨ ਅਤੇ ਇੰਜੀਨੀਅਰਿੰਗ ਸਕੂਲ ਦੇ ਵਿਦਿਆਰਥੀਆਂ ਅਤੇ ਫੈਕਲਟੀ ਨੇ ਹਾਲ ਹੀ ਵਿੱਚ ਚੌਧਰੀ ਸਰਵਣ ਕੁਮਾਰ ਹਿਮਾਚਲ ਪ੍ਰਦੇਸ਼ ਕ੍ਰਿਸ਼ੀ ਵਿਸ਼ਵਵਿਦਿਆਲਾ (ਸੀਐਸਕੇ ਐਚ.ਪੀ.ਕੇ.ਵੀ.), ਪਾਲਮਪੁਰ ਦਾ ਗਿਆਨ ਵਰਧਕ ਵਿਦਿਅਕ ਦੌਰਾ ਕੀਤਾ ਜਿਸਦਾ ਉਦੇਸ਼ ਪਹਾੜੀ ਖੇਤੀਬਾੜੀ, ਨਵੀਨਤਾਕਾਰੀ ਤਕਨੀਕਾਂ ਅਤੇ ਖੋਜ ਤਰੱਕੀਆਂ ਬਾਰੇ ਉਨ੍ਹਾਂ ਦੀ ਸਮਝ ਨੂੰ ਵਧਾਉਣਾ ਸੀ।ਟੀਮ ਦੀ ਅਗਵਾਈ ਫੈਕਲਟੀ ਮੈਂਬਰ ਡਾ.ਵਿਨੀਤ ਚਾਵਲਾ,ਡਾ.ਹਰਪ੍ਰੀਤ, ਰਘੁਵੀਰ ਸਿੰਘ ਅਤੇ ਸਿਮਰਪ੍ਰੀਤ ਕੌਰ ਨੇ ਕੀਤੀ।ਇਸ ਦੌਰੇ ਨੇ ਸਿਧਾਂਤਕ ਸਿੱਖਿਆ ਨੂੰ ਹਿਮਾਚਲ ਪ੍ਰਦੇਸ਼ ਦੀ ਖੇਤੀਬਾੜੀ-ਜਲਵਾਯੂ ਵਿਭਿੰਨਤਾ ਦੇ ਵਿਹਾਰਕ ਸੰਪਰਕ ਨਾਲ ਜੋੜਿਆ। ਯਾਤਰਾ ਦੀ ਇੱਕ ਖਾਸ ਗੱਲ ਧੌਲਾਧਰ ਰੇਂਜ ਵਿੱਚ ਸਥਿਤ ਪਾਲਮਪੁਰ ਦੇ ਮਸ਼ਹੂਰ ਚਾਹ ਬਾਗਾਂ ਦਾ ਦੌਰਾ ਸੀ। ਚਾਹ ਬਾਗ ਦੇ ਇੰਚਾਰਜ ਡਾ.ਸੰਜੇ ਨੇ ਵਿਦਿਆਰਥੀਆਂ ਨੂੰ ਚਾਹ ਦੀ ਕਾਸ਼ਤ ਅਤੇ ਪ੍ਰੋਸੈਸਿੰਗ ਦੇ ਵੱਖ-ਵੱਖ ਪੜਾਵਾਂ ਬਾਰੇ ਮਾਰਗਦਰਸ਼ਨ ਕੀਤਾ। ਚਾਹ ਫੈਕਟਰੀ ਵਿੱਚ, ਵਿਦਿਆਰਥੀਆਂ ਨੇ ਚਾਹ ਦੇ ਆਰਥਿਕ ਅਤੇ ਸੱਭਿਆਚਾਰਕ ਮਹੱਤਵ ਬਾਰੇ ਸਮਝ ਪ੍ਰਾਪਤ ਕਰਦੇ ਹੋਏ ਪੂਰੀ ਨਿਰਮਾਣ ਪ੍ਰਕਿਰਿਆ - ਮੁਰਝਾਉਣ ਤੋਂ ਲੈ ਕੇ ਸੁੱਕਣ ਤੱਕ - ਦੇਖੀ।ਵਿਦਿਆਰਥੀਆਂ ਨੇ ਯੂਨੀਵਰਸਿਟੀ ਦੇ ਖੇਤੀਬਾੜੀ ਅਤੇ ਜੈਵ ਵਿਭਿੰਨਤਾ ਅਜਾਇਬ ਘਰ ਦੀ ਵੀ ਪੜਚੋਲ ਕੀਤੀ, ਜਿਸ ਵਿੱਚ ਰਵਾਇਤੀ ਸੰਦਾਂ, ਦੁਰਲੱਭ ਬੀਜਾਂ ਅਤੇ ਸਵਦੇਸ਼ੀ ਖੇਤੀ ਵਿਧੀਆਂ 'ਤੇ ਪ੍ਰਦਰਸ਼ਨੀਆਂ ਪ੍ਰਦਰਸ਼ਿਤ ਕੀਤੀਆਂ ਗਈਆਂ। ਅਜਾਇਬ ਘਰ ਨੇ ਟਿਕਾਊ ਖੇਤੀਬਾੜੀ ਵਿੱਚ ਰਵਾਇਤੀ ਗਿਆਨ ਦੀ ਚੱਲ ਰਹੀ ਸਾਰਥਕਤਾ 'ਤੇ ਜ਼ੋਰ ਦਿੱਤਾ। ਡਾ.ਦੇਸ ਰਾਜ, ਪ੍ਰੋਫੈਸਰ, ਸਬਜ਼ੀ ਵਿਗਿਆਨ ਅਤੇ ਫੁੱਲਾਂ ਦੀ ਖੇਤੀ ਵਿਭਾਗ, ਨੇ ਪ੍ਰਸਾਰ ਤਕਨੀਕਾਂ, ਗ੍ਰੀਨਹਾਊਸ ਅਤੇ ਪੌਲੀਹਾਊਸ ਕਾਸ਼ਤ, ਅਤੇ ਮਾਰਕੀਟਿੰਗ ਰਣਨੀਤੀਆਂ ਬਾਰੇ ਦੱਸਿਆ ਅਤੇ ਫੁੱਲਾਂ ਦੀ ਖੇਤੀ ਦੇ ਕਰੀਅਰ ਵਿੱਚ ਵਿਦਿਆਰਥੀਆਂ ਦੀ ਦਿਲਚਸਪੀ ਜਗਾਈ। ਫੁੱਲਾਂ ਦੀ ਖੇਤੀ ਦੇ ਬਾਗਾਂ ਵਿੱਚ ਸਜਾਵਟੀ ਪੌਦਿਆਂ ਜਿਵੇਂ ਕਿ ਜਰਬੇਰਾ, ਗਲੈਡੀਓਲਸ, ਗੁਲਦਾਊਦੀ ਅਤੇ ਗੁਲਾਬ ਪ੍ਰਦਰਸ਼ਿਤ ਕੀਤੇ ਗਏ।ਇੱਕ ਹੋਰ ਭਰਪੂਰ ਅਨੁਭਵ ਯੂਨੀਵਰਸਿਟੀ ਦੀਆਂ ਉੱਨਤ ਸੂਖਮ ਜੀਵ ਵਿਗਿਆਨ ਅਤੇ ਬਾਇਓਟੈਕਨਾਲੋਜੀ ਪ੍ਰਯੋਗਸ਼ਾਲਾਵਾਂ ਦਾ ਦੌਰਾ ਸੀ। ਡਾ. ਅਭਿਸ਼ੇਕ ਵਾਲੀਆ, ਸਹਾਇਕ ਪ੍ਰੋਫੈਸਰ, ਸੂਖਮ ਜੀਵ ਵਿਗਿਆਨ ਦੇ ਅਧੀਨ, ਵਿਦਿਆਰਥੀਆਂ ਨੇ ਬਾਇਓਫਰਟੀਲਾਈਜ਼ਰ, ਜਰਾਸੀਮ ਪਛਾਣ, ਸਲਾਈਡ ਤਿਆਰੀ, ਅਤੇ ਡੀਐਨਏ ਕੱਢਣ ਅਤੇ ਜੈੱਲ ਇਲੈਕਟ੍ਰੋਫੋਰੇਸਿਸ ਦੇ ਪ੍ਰਦਰਸ਼ਨਾਂ ਨਾਲ ਜੁੜੇ ਹੱਥੀਂ ਸੈਸ਼ਨਾਂ ਵਿੱਚ ਹਿੱਸਾ ਲਿਆ। ਇਹਨਾਂ ਸੈਸ਼ਨਾਂ ਨੇ ਉਹਨਾਂ ਨੂੰ ਆਧੁਨਿਕ ਪੌਦਿਆਂ ਦੇ ਪ੍ਰਜਨਨ ਵਿੱਚ ਅਣੂ ਸੰਦਾਂ ਨਾਲ ਜਾਣੂ ਕਰਵਾਇਆ, ਜਿਸ ਵਿੱਚ ਮਾਰਕਰ-ਸਹਾਇਤਾ ਪ੍ਰਾਪਤ ਚੋਣ ਸ਼ਾਮਲ ਹੈ।ਵਿਭਾਗ ਦੇ ਮੁਖੀ ਪ੍ਰੋ.ਜਸਵੀਰ ਸਿੰਘ ਟਿਵਾਣਾ ਨੇ ਮਾਨਯੋਗ ਰਜਿਸਟਰਾਰ ਡਾ.ਗੁਰਿੰਦਰਪਾਲ ਸਿੰਘ ਦਾ ਯਾਤਰਾ ਨੂੰ ਸੁਚਾਰੂ ਬਣਾਉਣ ਵਿੱਚ ਉਨ੍ਹਾਂ ਦੇ ਸਮਰਥਨ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਦੇ ਅਕਾਦਮਿਕ ਅਤੇ ਵਿਹਾਰਕ ਗਿਆਨ ਨੂੰ ਵਧਾਉਣ ਵਿੱਚ ਅਜਿਹੇ ਟੂਰਾਂ ਦੇ ਮਹੱਤਵ 'ਤੇ ਜ਼ੋਰ ਦਿੱਤਾ, ਅਤੇ ਹੋਰ ਅਨੁਭਵੀ ਸਿਖਲਾਈ ਮੁਲਾਕਾਤਾਂ ਦਾ ਆਯੋਜਨ ਕਰਨ ਲਈ ਵਿਭਾਗ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com

# ਸਾਫਟ ਡਰਿੰਕ ਬਨਾਮ ਬੱਚਿਆਂ ਦੀ ਸਿਹਤ

ਲਾਡੀ ਜਗਤਾਰ 9463603091



ਆਧੁਨਿਕ ਸਮਾਜ ਵਿੱਚ ਜਿਥੇ ਵਿਕਾਸ ਦੀ ਰਫ਼ਤਾਰ ਨੇ ਮਨੁੱਖੀ ਜੀਵਨ ਨੂੰ ਆਸਾਨ ਬਣਾਇਆ ਹੈ, ਉਥੇ ਹੀ ਇਸ ਵਿਕਾਸ ਨੇ ਕਈ ਐਸੀਆਂ ਆਦਤਾਂ ਨੂੰ ਵੀ ਜਨਮ ਦਿੱਤਾ ਹੈ ਜੋ ਅੱਜ ਸਾਡੀ ਆਉਣ ਵਾਲੀ ਪੀੜ੍ਹੀ ਲਈ ਚਿੰਤਾ ਦਾ ਵਿਸ਼ਾ ਬਣ ਰਹੀਆਂ ਹਨ। ਇਨ੍ਹਾਂ ਵਿੱਚੋਂ ਇੱਕ ਹੈ ਸਾਫਟ ਡਰਿੰਕਸ ਦੀ ਆਦਤ, ਖਾਸ ਕਰਕੇ ਬੱਚਿਆਂ ਵਿੱਚ। ਸਾਫਟ ਡਰਿੰਕਸ, ਜਿਹਨਾਂ ਨੂੰ ਅਸੀਂ ਆਮ ਬੋਲਚਾਲ ਵਿੱਚ ਕੋਲਾ, ਸੋਡਾ ਜਾਂ ਠੰਡਾ ਵੀ ਆਖਦੇ ਹਾਂ, ਇੱਕ ਐਸੀ ਚੀਜ਼ ਬਣ ਗਈ ਹੈ ਜੋ ਲਗਭਗ ਹਰ ਘਰ ਵਿੱਚ ਆਮ ਹੋ ਚੁੱਕੀ ਹੈ। ਇਹ ਸਿਰਫ਼ ਇਕ ਪੀਣ ਵਾਲੀ ਚੀਜ਼ ਨਹੀਂ ਰਹੀ, ਸਗੋਂ ਇਹ ਆਧੁਨਿਕਤਾ ਅਤੇ ਆਨੰਦ ਦਾ ਪ੍ਰਤੀਕ ਬਣ ਗਈ ਹੈ। ਪਰ ਇਹ ਆਨੰਦਦਾਇਕ ਪਦਾਰਥ ਕਿਸ ਤਰ੍ਹਾਂ ਬੱਚਿਆਂ ਦੀ ਸਿਹਤ ਤੇ ਮਨੋਵਿਗਿਆਨ ਉੱਤੇ ਨੁਕਸਾਨ ਪਹੁੰਚਾ ਰਹੀ ਹੈ, ਇਹ ਜਾਣਨਾ ਬਹੁਤ ਜ਼ਰੂਰੀ ਹੈ।

ਜੇਕਰ ਇਸ ਦੇ ਬਾਰੇ ਜਾਣਕਾਰੀ ਲਈਏ ਤਾਂ

ਸਾਫਟ ਡਰਿੰਕ ਇੱਕ ਅਜਿਹਾ ਪਦਾਰਥ ਹੈ ਜੋ ਆਮ ਤੌਰ 'ਤੇ ਕਾਰਬੋਨੇਟਡ ਪਾਣੀ, ਚੀਨੀ, ਰੰਗਦਾਰ ਅਤੇ ਸੁਗੰਧਤ ਰਸਾਇਣਾਂ, ਅਤੇ ਕਈ ਵਾਰੀ ਕੈਫੀਨ ਵਰਗੀਆਂ ਤੱਤਾਂ ਦੇ ਮਿਲਾਪ ਨਾਲ ਬਣਾਇਆ ਜਾਂਦਾ ਹੈ। ਇਹ ਪਦਾਰਥ ਕਿਸੇ ਵੀ ਤਰੀਕੇ ਨਾਲ ਪੌਸ਼ਟਿਕ ਨਹੀਂ ਹੁੰਦਾ। ਬਜ਼ੁਰਗਾਂ ਅਤੇ ਡਾਕਟਰਾਂ ਦੇ ਅਨੁਸਾਰ ਇਹ ਸਿਰਫ਼ ਇਕ ਕੈਲਰੀ ਦੇਣ ਵਾਲਾ ਪਦਾਰਥ ਹੈ ਜਿਸ ਵਿੱਚ ਊਰਜਾ ਤਾਂ ਹੁੰਦੀ ਹੈ ਪਰ ਕੋਈ ਪੋਸ਼ਣ ਨਹੀਂ।

ਸਾਫਟ ਡਰਿੰਕਸ: ਇੱਕ ਆਨੰਦ ਹੈ ਜਾਂ ਫਿਰ ਮਾੜੀ ਆਦਤ?ਵੱਡਾ ਸੁਆਲ ਹੈ

ਬੱਚਿਆਂ ਵਿੱਚ ਸਾਫਟ ਡਰਿੰਕ ਪੀਣੀ ਇੱਕ ਆਨੰਦ ਨਹੀਂ ਰਹੀ, ਇਹ ਇੱਕ ਲਤ ਬਣਦੀ ਜਾ ਰਹੀ ਹੈ। ਪਾਰਟੀਆਂ, ਜਨਮਦਿਨ, ਫੰਕਸ਼ਨਾਂ ਤੋਂ ਲੈ ਕੇ ਦੈਨਿਕ ਜੀਵਨ ਵਿੱਚ ਵੀ ਇਹ ਡਰਿੰਕਸ ਬੱਚਿਆਂ ਲਈ ਆਮ ਹੋ ਗਈਆਂ ਹਨ। ਇਸ ਆਦਤ ਦੀ ਸ਼ੁਰੂਆਤ ਅਕਸਰ ਛੋਟੀ ਉਮਰ ਵਿੱਚ ਹੀ ਹੋ ਜਾਂਦੀ ਹੈ ਜਦੋਂ ਮਾਪੇ ਖੁਦ ਬੱਚਿਆਂ ਨੂੰ ਇਹ ਪੀਣ ਲਈ ਦਿੰਦੇ ਹਨ ਜਾਂ ਇਸ਼ਤਿਹਾਰਾਂ ਦੁਆਰਾ ਉਨ੍ਹਾਂ ਦੇ ਮਨ ਵਿਚ ਇਹ ਗੱਲ ਬੈਠ ਜਾਂਦੀ ਹੈ ਕਿ ਇਹ ਪੀਣਾ ਨਾਲ ਕੂਲ ਹੋਣਾ ਸਮਝਿਆ ਜਾਂਦਾ ਹੈ।

ਬੱਚਿਆਂ ਦੀ ਸਿਹਤ 'ਤੇ ਪ੍ਰਭਾਵ ਜੇਕਰ ਇਸ ਦੇ ਮਾਰੂ ਪ੍ਰਭਾਵ ਦੇਖੀਏ ਤਾਂ ਇਸ ਲਈ ਬੱਚਿਆਂ ਨੂੰ ਸਰੀਰਕ ਤੋਰ ਤੇ ਸਮੱਸਿਆ ਜੋਂ ਸਾਹਮਣੇ ਆ ਰਹੀਆਂ ਹਨ।

1. ਮੋਟਾਪਾ (Obesity):

ਸਾਫਟ ਡਰਿੰਕਸ ਵਿੱਚ ਮੌਜੂਦ ਬੇਹੱਦ ਚੀਨੀ ਅਤੇ ਹਾਈ ਫਰਕਟੋਜ਼ ਕਾਰਨ ਬੱਚਿਆਂ ਵਿੱਚ ਮੋਟਾਪਾ ਤੇਜ਼ੀ ਨਾਲ ਵਧ ਰਿਹਾ ਹੈ। ਇੱਕ ਆਮ ਸਾਫਟ ਡਰਿੰਕ ਵਿੱਚ 30-40 ਗ੍ਰਾਮ ਤੱਕ ਚੀਨੀ ਹੁੰਦੀ ਹੈ, ਜੋ ਕਿ ਬੱਚੇ ਦੀ ਦਿਨ ਦੀ ਲੋੜ ਤੋਂ ਕਈ ਗੁਣਾ ਵੱਧ ਹੈ। ਇਹ ਐਡਡ ਸੁਗਰ ਸਰੀਰ ਵਿੱਚ ਚਰਬੀ ਦੇ ਰੂਪ ਵਿੱਚ ਇਕੱਠੀ ਹੋ ਜਾਂਦੀ ਹੈ ਜੋ ਬੱਚਿਆਂ ਵਿੱਚ ਵਧ ਰਹੇ ਮੋਟਾਪੇ ਦਾ ਮੁੱਖ ਕਾਰਨ ਹੈ।




2. ਮਧੁਮੇਹ (Type 2 Diabetes):

ਪਿਛਲੇ ਕੁਝ ਸਾਲਾਂ ਵਿੱਚ ਟਾਈਪ 2 ਮਧੁਮੇਹ ਜਿਸਨੂੰ ਪਹਿਲਾਂ "ਅਧਿਆਪਕਾਂ ਦੀ ਬੀਮਾਰੀ" ਕਿਹਾ ਜਾਂਦਾ ਸੀ, ਹੁਣ ਬੱਚਿਆਂ ਵਿੱਚ ਵੀ ਆਮ ਹੋਣ ਲੱਗੀ ਹੈ। ਇਸ ਰੋਗ ਦਾ ਮੁੱਖ ਕਾਰਨ ਵਧੀਕ ਚੀਨੀ ਦੀ ਖਪਤ ਅਤੇ ਸਰੀਰਕ ਕਸਰਤ ਦੀ ਘਾਟ ਹੈ। ਸਾਫਟ ਡਰਿੰਕਸ ਦੋਵਾਂ ਹੀ ਨੁਕਸਾਨਦਾਇਕ ਤੱਤਾਂ ਨੂੰ ਪੂਰਾ ਕਰਦੀਆਂ ਹਨ।

3. ਦੰਦਾਂ ਦੀਆਂ ਬੀਮਾਰੀਆਂ

ਇਨ੍ਹਾਂ ਡਰਿੰਕਸ ਵਿੱਚ ਮੌਜੂਦ ਫਾਸਫੋਰਿਕ ਅਤੇ ਸਿਟ੍ਰਿਕ ਐਸਿਡ ਦੰਦਾਂ ਦੇ ਇਨਾਮਲ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਸ ਨਾਲ ਦੰਦਾਂ ਵਿੱਚ ਜ਼ਲਦੀ ਸੜਨ, ਦਰਦ ਅਤੇ ਕੈਵੀਟੀ ਹੋ ਜਾਂਦੀ ਹੈ। ਬੱਚਿਆਂ ਨੂੰ ਜੇਕਰ ਇਹ ਆਦਤ ਛੋਟੀ ਉਮਰ ਵਿੱਚ ਪੈ ਜਾਂਦੀ ਹੈ ਤਾਂ ਉਹ ਵੱਡੇ ਹੋ ਕੇ ਵੀ ਇਸ ਨਾਲ ਪੀੜ੍ਹਤ ਰਹਿੰਦੇ ਹਨ।

4. ਹੱਡੀਆਂ ਦੀ ਕਮਜ਼ੋਰੀ:

ਕਈ ਸਾਫਟ ਡਰਿੰਕਸ ਵਿੱਚ ਫਾਸਫੋਰਿਕ ਐਸਿਡ ਹੁੰਦਾ ਹੈ ਜੋ ਕੈਲਸ਼ੀਅਮ ਦੇ ਕੰਮ ਕਰਨ ਨੂੰ ਘਟਾ ਦਿੰਦਾ ਹੈ। ਬਚਪਨ ਹੱਡੀਆਂ ਦੇ ਵਿਕਾਸ ਦਾ ਸਮਾਂ ਹੁੰਦਾ ਹੈ, ਜੇਕਰ ਇਸ ਸਮੇਂ ਕੈਲਸ਼ੀਅਮ ਦੀ ਘਾਟ ਰਹਿ ਜਾਂਦੀ ਹੈ ਤਾਂ ਹੱਡੀਆਂ ਕਮਜ਼ੋਰ ਰਹਿ ਜਾਂਦੀਆਂ ਹਨ।

5. ਮਾਨਸਿਕ ਪ੍ਰਭਾਵ

ਕੈਫੀਨ ਵਾਲੀਆਂ ਸਾਫਟ ਡਰਿੰਕਸ ਬੱਚਿਆਂ ਦੀ ਨੀਂਦ, ਧਿਆਨ, ਅਤੇ ਵਿਹਾਰ 'ਤੇ ਬੁਰਾ ਪ੍ਰਭਾਵ ਪਾਉਂਦੀਆਂ ਹਨ। ਕਈ ਖੋਜਾਂ ਅਨੁਸਾਰ ਜ਼ਿਆਦਾ ਸਾਫਟ ਡਰਿੰਕ ਪੀਣ ਵਾਲੇ ਬੱਚੇ ਹੋਰਾਂ ਨਾਲੋਂ ਵਧੇਰੇ ਚਿੜਚਿੜੇ, ਧਿਆਨ ਘਾਟ ਵਾਲੇ ਅਤੇ ਅਕਸਰ ਉਚਿਤ ਨੀਂਦ ਤੋਂ ਵੰਚਿਤ ਹੁੰਦੇ ਹਨ।

6 ਸਮਾਜਿਕ ਤੇ ਆਰਥਿਕ ਅਸਰ

ਸਾਫਟ ਡਰਿੰਕਸ ਦੀ ਆਦਤ ਨਾਂ ਸਿਰਫ਼ ਸਿਹਤ ਨੂੰ ਪ੍ਰਭਾਵਿਤ ਕਰਦੀ ਹੈ ਸਗੋਂ ਇਹ ਪਰਿਵਾਰ ਦੀ ਆਰਥਿਕਤਾ ਨੂੰ ਵੀ ਚੁਣੌਤੀ ਦਿੰਦੀ ਹੈ। ਇੱਕ ਗਰੀਬ ਜਾਂ ਮੱਧ ਵਰਗ ਪਰਿਵਾਰ ਜਿੱਥੇ ਫਲ ਜਾਂ ਦੁੱਧ ਖਰੀਦਣ ਦੀ ਥਾਂ ਸਾਫਟ ਡਰਿੰਕ ਖਰੀਦਦਾ ਹੈ, ਉੱਥੇ ਉਹ ਆਪਣੇ ਬੱਚਿਆਂ ਦੇ ਭਵਿੱਖ ਨੂੰ ਅਣਜਾਣੇ ਵਿੱਚ ਖਤਰੇ ਵਿਚ ਪਾ ਦਿੰਦਾ ਹੈ।

ਇਸ ਲਈ ਬਹੁਤ ਕਾਰਨ ਮੌਜੂਦ ਹਨ ।ਮੀਡੀਆ ਅਤੇ ਇਸ਼ਤਿਹਾਰਾਂ ਦੀ ਭੂਮਿਕਾ

ਟੈਲੀਵਿਜ਼ਨ, ਇੰਟਰਨੈੱਟ, ਅਤੇ ਸੋਸ਼ਲ ਮੀਡੀਆ ਰਾਹੀਂ ਸਾਫਟ ਡਰਿੰਕਸ ਦੇ ਇਸ਼ਤਿਹਾਰ ਅਕਸਰ ਖਿਡਾਰੀਆਂ, ਸਿਨੇਮਾਈ ਕਲਾਕਾਰਾਂ ਜਾਂ ਕਾਰਟੂਨ ਕਿਰਦਾਰਾਂ ਰਾਹੀਂ ਕੀਤੇ ਜਾਂਦੇ ਹਨ। ਇਹ ਇਸ਼ਤਿਹਾਰ ਬੱਚਿਆਂ ਉੱਤੇ ਗਹਿਰਾ ਅਸਰ ਛੱਡਦੇ ਹਨ। ਉਹ ਸੋਚਦੇ ਹਨ ਕਿ ਜੇਕਰ ਉਨ੍ਹਾਂ ਦੇ ਮਨਪਸੰਦ ਸਿਤਾਰੇ ਇਹ ਪੀ ਰਹੇ ਹਨ ਤਾਂ ਇਹ ਚੀਜ਼ ਉਨ੍ਹਾਂ ਲਈ ਵੀ ਚੰਗੀ ਹੋਵੇਗੀ।

ਮਾਪਿਆਂ ਅਤੇ ਅਧਿਆਪਕਾਂ ਦੀ ਜ਼ਿੰਮੇਵਾਰੀ

ਬੱਚਿਆਂ ਦੀ ਸਿਹਤ ਲਈ ਮਾਪਿਆਂ ਦੀ ਭੂਮਿਕਾ ਸਭ ਤੋਂ ਮੁੱਖ ਹੈ। ਮਾਪਿਆਂ ਨੂੰ ਆਪਣੀ ਜ਼ਿੰਮੇਵਾਰੀ ਨੂੰ ਸਮਝਦਿਆਂ ਬੱਚਿਆਂ ਨੂੰ ਸਾਫਟ ਡਰਿੰਕ ਤੋਂ ਦੂਰ ਰੱਖਣਾ ਚਾਹੀਦਾ ਹੈ। ਦਿਨ-ਚੜ੍ਹਦੀ ਦੁੱਧ, ਫਲ, ਘਰੇਲੂ ਰਸ ਜਾਂ ਨਿੰਬੂ ਪਾਣੀ ਵਰਗੇ ਵਿਕਲਪ ਦੇ ਕੇ ਬੱਚਿਆਂ ਨੂੰ ਸਿਹਤਮੰਦ ਵਿਕਲਪ ਦਿੱਤੇ ਜਾਣੇ ਚਾਹੀਦੇ ਹਨ।

ਸਕੂਲਾਂ ਵਿੱਚ ਵੀ ਅਧਿਆਪਕਾਂ ਨੂੰ ਪੋਸ਼ਣ ਤੇ ਸਿਹਤ ਬਾਰੇ ਜਾਗਰੂਕਤਾ ਮੁਹਿੰਮਾਂ ਚਲਾਉਣੀਆਂ ਚਾਹੀਦੀਆਂ ਹਨ। ਸਾਫਟ ਡਰਿੰਕ ਦੀ ਥਾਂ ਟਿਫਿਨ 'ਚ ਪੌਸ਼ਟਿਕ ਭੋਜਨ ਲਿਆਉਣ ਦੀ ਆਦਤ ਪਾਈ ਜਾਵੇ।

ਸੈਲੀਬ੍ਰਿਟੀ ਨੂੰ ਵੀ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਸਮਾਜ ਪ੍ਰਤੀ ਵੀ ਉਹਨਾਂ ਦੀ ਕੁਝ ਜ਼ਿੰਮੇਵਾਰੀ ਬਣਦੀ ਹੈ।ਕਿ ਉਹਨਾਂ ਨੇ ਕਿਹੜੀਆਂ ਚੀਜ਼ਾਂ ਨੂੰ ਪ੍ਰਮੋਟ ਕਰਨਾ ਹੈ।

ਸਰਕਾਰ ਅਤੇ ਨੀਤੀਆਂ

ਸਰਕਾਰ ਨੂੰ ਵੀ ਇਹ ਸਮਝਣ ਦੀ ਲੋੜ ਹੈ ਕਿ ਸਾਫਟ ਡਰਿੰਕਸ ਬੱਚਿਆਂ ਲਈ ਹਾਨਿਕਾਰਕ ਹਨ। ਇਸ ਲਈ ਜੋ ਖਤਰਨਾਕ ਹਨ ਉਹ ਬੰਦ ਕਰਨੇ ਚਾਹੀਦੇ ਹਨ।

ਸਕੂਲਾਂ ਵਿੱਚ ਇਨ੍ਹਾਂ ਦੀ ਵਿਕਰੀ ਉੱਤੇ ਪਾਬੰਦੀ ਲਾਈ ਜਾਵੇ।

ਇਸ਼ਤਿਹਾਰਾਂ ਵਿੱਚ ਖਾਸ ਕਰਕੇ ਬੱਚਿਆਂ ਨੂੰ ਲਕਸ਼ ਬਣਾਉਣ ਉੱਤੇ ਨਿਯੰਤਰਣ ਹੋਵੇ।

ਸਾਫਟ ਡਰਿੰਕਸ 'ਤੇ ਉੱਚਾ ਟੈਕਸ ਲਗਾ ਕੇ ਉਨ੍ਹਾਂ ਦੀ ਉਪਲਬਧਤਾ ਘਟਾਈ ਜਾਵੇ।

ਹੈਲਥੀ ਡਾਇਟ ਲਈ ਮੁਫ਼ਤ ਜਾਂ ਸਸਤੇ ਵਿਕਲਪ ਪ੍ਰਦਾਨ ਕੀਤੇ ਜਾਣ।

ਅੰਤ ਵਿੱਚ ਅਸੀਂ ਕਹਿ ਸਕਦੇ ਹਾ ਕਿ

ਸਾਫਟ ਡਰਿੰਕਸ ਦਾ ਵਧ ਰਿਹਾ ਪ੍ਰਚਲਨ ਬੱਚਿਆਂ ਦੀ ਸਿਹਤ, ਮਨੋਵਿਗਿਆਨ ਅਤੇ ਸਮਾਜਿਕ ਜੀਵਨ ਲਈ ਇਕ ਵੱਡਾ ਚੁਣੌਤੀ ਬਣ ਚੁੱਕਾ ਹੈ। ਇਹ ਲੋੜ ਹੈ ਕਿ ਮਾਪੇ, ਅਧਿਆਪਕ, ਸਰਕਾਰ ਅਤੇ ਸਮਾਜ ਮਿਲ ਕੇ ਇਸ ਬੁਰਾਈ ਨੂੰ ਸਮਝਣ ਅਤੇ ਦੂਰ ਕਰਨ ਦੀ ਕੋਸ਼ਿਸ਼ ਕਰਨ। ਸਿੱਧੀ ਗੱਲ ਇਹ ਹੈ ਕਿ ਬੱਚਿਆਂ ਨੂੰ ਮਿੱਠੀ ਪਰ ਖਤਰਨਾਕ ਲਤ ਤੋਂ ਬਚਾਉਣਾ ਸਾਡਾ ਸਾਂਝਾ ਫ਼ਰਜ਼ ਹੈ। ਜੇ ਅਸੀਂ ਅੱਜ ਨਹੀਂ ਜਾਗੇ, ਤਾਂ ਕੱਲ੍ਹ ਦੇ ਭਵਿੱਖ ਉੱਤੇ ਵੱਡਾ ਸਵਾਲ ਖੜ੍ਹਾ ਹੋ ਸਕਦਾ ਹੈ।

# ਪੰਜਾਬ ਦੀ ਜਵਾਨੀ, ਕਿਸਾਨੀ ਅਤੇ ਆਰਥਿਕਤਾ ਨੂੰ ਬਚਾਉਣ ਲਈ ਸਰਕਾਰ ਤਤਪਰ : ਵਿਧਾਇਕ ਜਗਰੂਪ ਸਿੰਘ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com



ਬਠਿੰਡਾ, 25 ਅਪ੍ਰੈਲ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੇਟਗੁਰੂ)- ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਪੰਜਾਬ ਦੀ ਜਵਾਨੀ, ਕਿਸਾਨੀ ਅਤੇ ਆਰਥਿਕਤਾ ਨੂੰ ਬਚਾਉਣ ਲਈ ਤਤਪਰ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਇਕ ਬਠਿੰਡਾ (ਸ਼ਹਿਰੀ) ਜਗਰੂਪ ਸਿੰਘ ਨੇ ਸਥਾਨਕ ਬਲਵੰਤ ਗਾਰਗੀ ਆਡੀਟੋਰੀਅਮ ਵਿਖੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਵਲੋਂ ਕਰਵਾਏ ਪ੍ਰੋਗਰਾਮ "ਯੁੱਧ ਨਸ਼ਿਆਂ ਵਿਰੁੱਧ" ਸਮਾਗਮ ਦੌਰਾਨ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਵਿਧਾਇਕ ਮੌੜ ਸ ਸੁਖਬੀਰ ਸਿੰਘ ਮਾਈਸਰਖਾਨਾ, ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ, ਡੀਆਈਜੀ ਬਠਿੰਡਾ ਰੇਂਜ ਹਰਜੀਤ ਸਿੰਘ ਕਮਿਸ਼ਨਰ ਨਗਰ ਨਿਗਮ ਸ਼੍ਰੀ ਅਜੇ ਅਰੋੜਾ, ਐਸਐਸਪੀ ਮੈਡਮ ਅਮਨੀਤ ਕੌਂਡਲ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਮੌਕੇ ਨਸ਼ਿਆਂ ਵਿਰੁੱਧ ਸਹੁੰ ਵੀ ਚੁਕਾਈ ਗਈ।ਇਸ ਦੌਰਾਨ ਵਿਧਾਇਕ ਜਗਰੂਪ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਲੋਕਾਂ ਨਾਲ ਸਿਹਤ, ਸਿੱਖਿਆ ਅਤੇ ਨਸ਼ੇ ਨੂੰ ਜੜ੍ਹੋਂ ਖਤਮ ਕਰਨ ਲਈ ਕੀਤੇ ਹਰ ਇੱਕ ਵਾਅਦੇ 'ਤੇ ਖਰੀ ਉਤਰ ਰਹੀ ਹੈ। ਉਨ੍ਹਾਂ ਪੰਚਾਂ ਸਰਪੰਚਾਂ ਅਤੇ ਚੌਂਕੀਦਾਰਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਸਾਡੀਆਂ ਆਉਣ ਵਾਲੀਆਂ ਪੀੜੀਆਂ ਨੂੰ ਬਚਾਉਣ ਲਈ ਸਾਨੂੰ ਇਕੱਠੇ ਹੋ ਕੇ ਹੰਭਲਾ ਮਾਰਨ ਦੀ ਲੋੜ ਹੈ।

ਇਸ ਦੌਰਾਨ ਵਿਧਾਇਕ ਮੌੜ ਸੁਖਬੀਰ ਸਿੰਘ ਮਾਈਸਰਖਾਨਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਨਸ਼ੇ ਦੀ ਦਲਦਲ ਵਿੱਚ ਧਸੇ ਨੌਜਵਾਨਾਂ ਨੂੰ ਨਸ਼ੇ ਦੀ ਗ੍ਰਿਫਤ ਤੋਂ ਕੱਢਣ ਲਈ ਸਰਕਾਰ ਹਰ ਤਰ੍ਹਾਂ ਦੇ ਯਤਨ ਕਰ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਵੱਲੋਂ ਵੀ ਉਨ੍ਹਾਂ ਦੇ ਇਲਾਜ ਲਈ ਢੁਕਵੇਂ ਪ੍ਰਬੰਧ ਕੀਤੇ ਹੋਏ ਹਨ। ਉਨ੍ਹਾਂ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਚੋਂ ਆਏ ਪੰਚ ਸਰਪੰਚ ਅਤੇ ਹੋਰ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਉਹ ਨਸ਼ੇ ਨੂੰ ਰੋਕਣ ਵਿੱਚ ਆਪਣਾ ਪੂਰਨ ਸਹਿਯੋਗ ਦੇਣ ਤਾਂ ਜੋ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਇਆ ਜਾ ਸਕੇ।

ਇਸ ਮੌਕੇ ਡੀਆਈਜੀ ਬਠਿੰਡਾ ਰੇਂਜ ਹਰਜੀਤ ਸਿੰਘ ਨੇ ਕਿਹਾ ਕਿ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਸਾਂਝੇ ਤੌਰ 'ਤੇ ਨਸ਼ੇ ਨੂੰ ਠੱਲ੍ਹ ਪਾਉਣ ਲਈ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮੌਕੇ ਉਨ੍ਹਾਂ ਇਹ ਵੀ ਕਿਹਾ ਕਿ 1 ਮਾਰਚ ਤੋਂ ਲੈ ਕੇ ਹੁਣ ਤੱਕ 250 ਦੇ ਕਰੀਬ ਐਨਡੀਪੀਐਸ ਐਕਟ ਤਹਿਤ ਮੁਕੱਦਮੇ ਦਰਜ ਕੀਤੇ ਗਏ ਹਨ, ਇਸ ਤੋਂ ਇਲਾਵਾ 300 ਤੋਂ ਵੱਧ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪਿਛਲੇ ਇੱਕ ਮਹੀਨੇ ਸੇਫ ਪੰਜਾਬ ਅਧੀਨ ਜਾਰੀ ਕੀਤੇ ਵਟਸਐਪ ਨੰਬਰ 'ਤੇ ਆਮ ਲੋਕਾਂ ਵੱਲੋਂ ਕੀਤੀਆਂ ਗਈਆਂ ਸ਼ਿਕਾਇਤਾਂ ਦੇ ਤਹਿਤ 14 ਐਫ.ਆਈ. ਆਰਜ਼ ਵੀ ਦਰਜ ਕੀਤੀਆਂ ਗਈਆਂ ਹਨ।ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਪਿੰਡਾਂ ਜਾਂ ਸ਼ਹਿਰਾਂ ਚ ਤੁਹਾਡੇ ਆਲੇ-ਦੁਆਲੇ ਕੋਈ ਵੀ ਤਸਕਰ ਨਸ਼ਾ ਵੇਚਦਾ ਹੈ ਤਾਂ ਉਹ ਵਟਸਐਪ ਨੰਬਰ 9779-100-200 'ਤੇ ਸੂਚਨਾ ਦੇ ਸਕਦੇ ਹਨ। ਨਸ਼ੇ ਦੇ ਸੌਦਾਗਰ ਦਾ ਪਤਾ ਦੱਸਣ ਵਾਲੇ ਵਿਅਕਤੀ ਦੀ ਪਹਿਚਾਣ ਤੇ ਨਾਮ ਗੁਪਤ ਰੱਖਿਆ ਜਾਵੇਗਾ।ਇਸ ਮੌਕੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਜਤਿੰਦਰ ਸਿੰਘ ਭੱਲਾ ਨੇ ਕਿਹਾ ਕਿ ਪੰਜਾਬ ਗੁਰੂਆਂ ਪੀਰਾਂ ਅਤੇ ਪੈਗੰਬਰਾਂ ਦੀ ਧਰਤੀ ਹੈ। ਸੂਬਾ ਸਰਕਾਰ ਵੱਲੋਂ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਉਪਰਾਲੇ ਲਗਾਤਾਰ ਜਾਰੀ ਹਨ। ਇਸ ਦੌਰਾਨ ਉਨ੍ਹਾਂ ਨਸ਼ਿਆਂ ਖਿਲਾਫ ਪੇਸ਼ ਕੀਤੇ ਗਏ ਨਾਟਕਾਂ ਦੀ ਸ਼ਲਾਂਘਾ ਕਰਦਿਆਂ ਕਿਹਾ ਕਿ ਇਹੋ-ਜਿਹੇ ਨਾਟਕਾਂ ਨੂੰ ਜ਼ਿਲ੍ਹੇ ਦੇ ਹਰ ਇੱਕ ਪਿੰਡ ਵਿੱਚ ਦਿਖਾਇਆ ਜਾਵੇਗਾ ਤਾਂ ਜੋ ਆਮ ਲੋਕਾਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਸਕੇ।ਇਸ ਤੋਂ ਪਹਿਲਾਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੰਜਾਬੀ ਗਾਇਕ ਅਤੇ ਅਦਾਕਾਰ ਹਰਸਿਮਰਨ ਅਤੇ ਸੂਫ਼ੀ ਗਾਇਕ ਸ਼ਮਸ਼ੇਰ ਲਹਿਰੀ ਨੇ ਨਸ਼ਿਆਂ ਨੂੰ ਤਿਆਗ ਕੇ ਆਪਣਾ ਮੂਲ ਪਛਾਣਣ ਦਾ ਸੁਨੇਹਾ ਦਿੱਤਾ।ਇਸ ਤੋਂ ਪਹਿਲਾਂ ਸ਼ਹੀਦ ਸਿਪਾਹੀ ਮੇਜਰ ਰਵੀ ਇੰਦਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਰਸ ਰਾਮ ਨਗਰ ਦੇ ਵਿਦਿਆਰਥੀਆਂ ਵੱਲੋਂ ਸਵਾਗਤੀ ਗੀਤ ਅਤੇ ਨਾਟਕ ਨਸ਼ਿਆਂ ਵਿਰੁੱਧ ਮੇਰਾ ਵੀਰ ਭਗਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੰਜੇ ਨਗਰ ਦੇ ਵਿਦਿਆਰਥੀਆਂ ਨੇ ਕੋਰੀਓਗ੍ਰਾਫੀ, ਪੰਜਾਬ ਨਾਟਿਅਸ ਦੇ ਕਲਾਕਾਰਾਂ ਵਲੋਂ "ਆਓ ਕੋਸ਼ਿਸ਼ ਕਰੀਏ" ਨਾਟਕ ਅਤੇ ਕਾਨ੍ਹ ਅਕੈਡਮੀ ਪਰਸ ਰਾਮ ਨਗਰ ਵਲੋਂ 'ਯੁੱਧ ਨਸ਼ਿਆਂ ਵਿਰੁੱਧ' ਨਾਟਕ ਤੇ ਸੰਤ ਜੇਸਫ ਸਕੂਲ ਦੇ ਵਿਦਿਆਰਥੀਆਂ ਵੱਲੋਂ ਰਾਸ਼ਟਰੀ ਗੀਤ ਪੇਸ਼ ਕੀਤਾ ਗਿਆ।ਇਸ ਮੌਕੇ ਡਾਕਟਰਾਂ,ਸਮਾਗਮ ਦੌਰਾਨ ਪੇਸ਼ਕਾਰੀ ਕਰਨ ਵਾਲੇ ਸਕੂਲੀ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮੈਡਮ ਕੰਚਨ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਰਿੰਦਰ ਸਿੰਘ, ਮੁੱਖ ਮੰਤਰੀ ਦਫਤਰ ਦੇ ਖੇਤਰੀ ਫੀਲਰ ਅਫਸਰ ਰਮਨਜੀਤ ਸਿੰਘ, ਚੇਅਰਮੈਨ ਮਾਰਕੀਟ ਕਮੇਟੀ ਬਠਿੰਡਾ ਬੱਲੀ ਬਲਜੀਤ, ਡਾਇਰੈਕਟਰ ਪੰਜਾਬ ਵਾਟਰ ਰਿਸੋਰਸਜ ਮੈਨੇਜਮੈਂਟ ਅਤੇ ਡਿਵੈਲਪਮੈਂਟ ਕਾਰਪੋਰੇਸ਼ਨ ਅਮਰਜੀਤ ਰਾਜਨ, ਐੱਸਡੀਐਮ ਬਲਕਰਨ ਸਿੰਘ ਮਾਹਲ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਗੁਰਪ੍ਰਤਾਪ ਸਿੰਘ, ਨਿਗਰਾਨ ਇੰਜੀਨੀਅਰ ਸੰਦੀਪ ਗੁਪਤਾ, ਜ਼ਿਲ੍ਹਾ ਭਾਸ਼ਾ ਅਫ਼ਸਰ ਕੀਰਤੀ ਕਿਰਪਾਲ ਸਿੰਘ, ਸਟੇਟ ਵਾਈਸ ਪ੍ਰਧਾਨ ਸੇਵਾ ਮੁਕਤ ਇੰਪਲਾਈਜ਼ ਵਿੰਗ (ਆਪ) ਰਣਜੀਤ ਸਿੰਘ, ਕੌਂਸਲਰ ਸੁਖਦੀਪ ਸਿੰਘ ਤੋਂ ਇਲਾਵਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਆਦਿ ਹਾਜ਼ਰ ਸਨ।

# ਪ੍ਰੀ-ਏਸ਼ੀਆ ਬੇਸਬਾਲ ਚੈਂਪੀਅਨਸ਼ਿਪ (ਲੜਕੀਆਂ) ਵਿਚ ਭਾਗ ਲੈਣ ਲਈ ਇੰਡੀਆ ਟੀਮ ਥਾਈਲੈਂਡ ਰਵਾਨਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 25 ਅਪ੍ਰੈਲ
INTERNATIONAL PAPER, 9463601616
hardipchumber57@gmail.com



ਜ਼ੀਰਾ 25 ਅਪ੍ਰੈਲ ( ਅੰਗਰੇਜ਼ ਬਰਾੜ ) - ਸਾਈ ਸੈਂਟਰ ਮਸਤੂਆਣਾ ਸਾਹਿਬ ਵਿਖੇ 20 ਦਿਨ ਚੱਲੇ ਕੋਚਿੰਗ ਕੈਂਪ ਤੋਂ ਬਾਅਦ ਚੁਣੀ ਗਈ ਬੇਸਬਾਲ ਲਈ ਇੰਡੀਆ ਵੱਲੋਂ ਲੜਕੀਆਂ ਦੀ ਟੀਮ ਪ੍ਰੀ-ਏਸ਼ੀਆ ਚੈਂਪੀਅਨਸ਼ਿਪ ਵਿਚ ਭਾਗ ਲੈਣ ਲਈ ਥਾਈਲੈਂਡ ਲਈ ਰਵਾਨਾ ਹੋਈ। ਮੈਡਮ ਪ੍ਰੀਤ ਹੀਰ ਨੇ ਅੱਗੇ ਦੱਸਿਆ ਕਿ ਸਪੋਰਟਸ ਅਥਾਰਟੀ ਆਫ ਇੰਡੀਆ ਦੇ ਮਸਤੂਆਣਾ ਸਾਹਿਬ ਸੈਂਟਰ ਵਿਖੇ ਲੱਗੇ ਕੈਂਪ ਬਾਰੇ ਜਾਣਕਾਰੀ ਦਿੰਦਿਆਂ ਬੇਸਬਾਲ ਇੰਡੀਆ ਦੇ ਸਕੱਤਰ ਹਰੀਸ਼ ਕੁਮਾਰ ਭੁਪਾਲ ਅਤੇ ਟੀਮ ਕੋਚ ਅਰਵਿੰਦ ਕੁਮਾਰ ਅਤੇ ਕੈਂਪ ਮੈਨੇਜਰ ਮਨੂੰ ਬੜਰੁੱਖਾਂ ਨੇ ਦੱਸਿਆ ਕਿ ਬੇਸਬਾਲ ਸੀਨੀਅਰ ਲੜਕੀਆਂ ਦਾ ਕੋਚਿੰਗ ਕੈਂਪ 1 ਅਪਰੈਲ ਤੋਂ 20 ਅਪਰੈਲ ਤੱਕ ਲੱਗਿਆ ਜਿਸ ਵਿਚ ਥਾਈਲੈਂਡ ਵਿਚ ਹੋਣ ਵਾਲੀ ਪ੍ਰੀ-ਏਸ਼ੀਆ ਬੇਸਬਾਲ ਚੈਂਪੀਅਨਸ਼ਿਪ (ਲੜਕੀਆਂ) ਵਿਚ ਭਾਗ ਲੈਣ ਲਈ ਟੀਮ ਦੀ ਚੋਣ ਕੀਤੀ ਗਈ। ਟੀਮ ਨੂੰ ਰਵਾਨਾ ਕਰਨ ਮੌਕੇ ਅਕਾਲ ਕਾਲਜ ਕੌਂਸਲ ਮਸਤੂਆਣਾ ਸਾਹਿਬ ਦੇ ਸਕੱਤਰ ਜਸਵੰਤ ਸਿੰਘ ਖਹਿਰਾ, ਜ਼ਿਲ੍ਹਾ ਬੇਸਬਾਲ ਐਸੋਸੀਏਸ਼ਨ ਦੇ ਸਕੱਤਰ ਗੁਰਜੰਟ ਸਿੰਘ ਦੁੱਗਾਂ ਅਤੇ ਕੈਂਪ ਮੈਨੇਜਰ ਮਨੂੰ ਬੜਰੁੱਖਾਂ ਆਦਿ ਸ਼ਾਮਲ ਸਨ। ਉਨ੍ਹਾਂ ਉਮੀਦ ਜਤਾਈ ਕਿ ਚੁਣੀ ਗਈ ਟੀਮ ਪ੍ਰੀ-ਏਸ਼ੀਆ ਬੇਸਵਾਲ ਚੈਂਪੀਅਨਸ਼ਿਪ ਵਿਚ ਬੇਹਤਰ ਖੇਡ ਦਾ ਪ੍ਰਦਰਸ਼ਨ ਕਰੇਗੀ।

# ਦਿਵਿਆਂਗ ਵਿਦਿਆਰਥੀਆਂ ਲਈ ਮੁਫਤ ਸਿਲਾਈ ਕਢਾਈ ਅਤੇ ਕੰਪਿਊਟਰ ਕੋਰਸ ਕਰਨ ਦਾ ਸੁਨਹਿਰੀ ਮੌਕਾ : ਡਿਪਟੀ ਕਮਿਸ਼ਨਰ

## ਮੁਫ਼ਤ ਕੋਰਸਾਂ ਦੇ ਨਾਲ-ਨਾਲ ਦਿੱਤਾ ਜਾਂਦਾ ਹੈ 1500 ਰੁਪਏ ਪ੍ਰਤੀ ਮਹੀਨਾ ਵਜ਼ੀਫ਼ਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 25 ਅਪ੍ਰੈਲ
INTERNATIONAL PAPER, 9463601616
hardipchumber57@gmail.com



ਬਠਿੰਡਾ, 25 ਅਪ੍ਰੈਲ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੇਟਗੁਰੂ) -ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਅਧੀਨ ਚੱਲ ਰਹੇ ਸਥਾਨਕ ਦਫਤਰ ਸੁਪਰਡੰਟ ਵੋਕੇਸ਼ਨ ਰੀਹੈਬਲੀਟੇਸ਼ਨ ਸੈਂਟਰ, ਰੈੱਡ ਕਰਾਸ ਬਿਲਡਿੰਗ ਨੇੜੇ ਸਰਕਾਰੀ ਹਸਪਤਾਲ, ਬਠਿੰਡਾ ਵਿਖੇ ਦਿਵਿਆਂਗ ਵਿਦਿਆਰਥੀਆਂ ਦੀ ਭਲਾਈ ਲਈ ਹਰ ਸਾਲ ਮੁਫਤ ਸਿਲਾਈ ਕਢਾਈ ਅਤੇ ਕੰਪਿਊਟਰ ਦੇ ਕੋਰਸ ਕਰਵਾਏ ਜਾਂਦੇ ਹਨ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਸਾਂਝੀ ਕੀਤੀ।ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਦੱਸਿਆ ਕਿ ਇਨ੍ਹਾਂ ਇੱਕ ਸਾਲਾਂ ਕੋਰਸ ਕਰਨ ਵਾਲੇ ਸਿਖਿਆਰਥੀਆਂ ਨੂੰ 1500/- ਪ੍ਰਤੀ ਮਹੀਨਾ ਵਜੀਫਾ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਕੋਰਸ ਪੂਰਾ ਹੋਣ ਉਪਰੰਤ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੀ ਜਾਰੀ ਕੀਤਾ ਜਾਂਦਾ ਹੈ ਜਿਸ ਦੇ ਆਧਾਰ ਤੇ ਦਿਵਿਆਂਗ ਵਿਦਿਆਰਥੀ ਸਰਕਾਰੀ/ਅਰਧ ਸਰਕਾਰੀ/ ਪ੍ਰਾਈਵੇਟ ਖੇਤਰ ਵਿੱਚ ਆਪਣਾ ਰੁਜ਼ਗਾਰ ਪ੍ਰਾਪਤ ਕਰ ਸਕਦੇ ਹਨ। ਇਹਨਾਂ ਕੋਰਸਾਂ ਵਿੱਚ ਦਿਵਿਆਂਗ ਲੜਕੇ/ਲੜਕੀਆਂ ਜਿੰਨ੍ਹਾਂ ਦੀ ਉਮਰ 18 ਤੋਂ 40 ਸਾਲ ਤੱਕ ਹੋਵੇ ਅਪਲਾਈ ਕਰ ਸਕਦੇ ਹਨ। ਕੰਪਿਊਟਰ ਕੋਰਸਾਂ ਲਈ ਯੋਗਤਾ ਮੈਟ੍ਰਿਕ ਅਤੇ ਸਿਲਾਈ ਕਢਾਈ ਲਈ ਪੰਜਵੀਂ ਪਾਸ ਹੋਵੇ ਅਤੇ ਅਪੰਗਤਾ 40% ਹੋਣੀ ਜ਼ਰੂਰੀ ਹੈ। ਇਹਨਾਂ ਕੋਰਸਾਂ ਦੀਆਂ ਕਲਾਸਾਂ ਮਈ-ਜੂਨ ਵਿੱਚ ਸ਼ੁਰੂ ਕੀਤੀਆਂ ਜਾ ਰਹੀਆਂ ਹਨ।ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਅਫ਼ਸਰ ਸ੍ਰੀ ਪੰਕਜ ਕੁਮਾਰ ਨੇ ਅਪੀਲ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਚਲਾਈ ਜਾ ਰਹੀ ਇਸ ਸਕੀਮ ਦਾ ਦਵਿਆਂਗ ਵਿਦਿਆਰਥੀ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ।ਵਧੇਰੇ ਜਾਣਕਾਰੀ ਲਈ ਰਾਬਤਾ ਨੰਬਰ 98783-77249, 98766-03786, 82838-86812 ਤੇ ਸੰਪਰਕ ਕੀਤਾ ਜਾ ਸਕਦਾ ਹੈ। ਦਫ਼ਤਰ ਦੀ ਈਮੇਲ ਆਈਡੀ sudtvrcbathinda@gmail.com ਹੈ।

# ਸੂਬਾ ਸਰਕਾਰ ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਵਚਨਵੱਧ : ਰਾਕੇਸ਼ ਪੁਰੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 25 ਅਪ੍ਰੈਲ
INTERNATIONAL PAPER, 9463601616
hardipchumber57@gmail.com



ਬਠਿੰਡਾ, 25 ਅਪ੍ਰੈਲ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੇਟਗੁਰੂ) -ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਜਿੱਥੇ ਰਾਜ ਨੂੰ ਨਸ਼ਾ,ਭ੍ਰਿਸ਼ਟਾਚਾਰ, ਬੇਰੋਜ਼ਗਾਰੀ ਮੁਕਤ ਬਣਾਉਣ ਚਾਹੁੰਦੀ ਹੈ ਉਥੇ ਹੀ ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਵੀ ਪੂਰੀ ਤਰ੍ਹਾਂ ਵਚਨਵੱਧ ਤੇ ਯਤਨਸ਼ੀਲ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਚੇਅਰਮੈਨ ਪੰਜਾਬ ਜੰਗਲਾਤ ਵਿਭਾਗ ਰਾਕੇਸ਼ ਪੁਰੀ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਰੂਆਣਾ, ਸਰਕਾਰੀ ਪ੍ਰਾਇਮਰੀ ਸਕੂਲ ਜੈ ਸਿੰਘ ਵਾਲਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੈ ਸਿੰਘ ਵਾਲਾ ਵਿਖੇ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ।ਇਸ ਮੌਕੇ ਚੇਅਰਮੈਨ ਸ੍ਰੀ ਰਾਕੇਸ਼ ਪੁਰੀ ਨੇ ਕਿਹਾ ਕਿ ਬੱਚਿਆਂ ਦੇ ਸੁਨਹਿਰੀ ਭਵਿੱਖ ਨੂੰ ਸਿਰਜਣ ਲਈ ਸੂਬਾ ਸਰਕਾਰ ਹਮੇਸ਼ਾ ਤਤਪਰ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਸੁਪਨਾ ਹੈ ਕਿ ਪੰਜਾਬ ਦਾ ਹਰ ਨੌਜਵਾਨ ਪੜ੍ਹ-ਲਿਖ ਕੇ ਆਪਣੇ ਸੁਪਨਿਆਂ ਦੀ ਪੂਰਤੀ ਕਰੇ। ਉਨ੍ਹਾਂ ਇਹ ਵੀ ਕਿਹਾ ਕਿ ਸੂਬਾ ਸਰਕਾਰ ਨਸ਼ਿਆਂ ਦੀ ਚੇਨ ਨੂੰ ਤੋੜਨ ਦੇ ਲਈ ਵੱਡੀ ਲੜਾਈ ਲੜ ਰਹੀ ਹੈ।ਇਸ ਮੌਕੇ ਚੇਅਰਮੈਨ ਸ੍ਰੀ ਰਾਕੇਸ਼ ਪੁਰੀ ਨੇ ਵਿਦਿਆਰਥੀਆਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਉਹ ਸਖਤ ਮਿਹਨਤ ਕਰਕੇ ਬੁਲੰਦੀਆਂ ਨੂੰ ਛੂੰਹਣ ਅਤੇ ਆਪਣੇ ਅਧਿਆਪਕਾਂ ਅਤੇ ਮਾਪਿਆਂ ਦਾ ਨਾਮ ਰੌਸ਼ਨ ਕਰਨ। ਇਸ ਦੌਰਾਨ ਸਕੂਲ ਦਾ ਸਮੁੱਚਾ ਸਟਾਫ, ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪਿਆਂ ਤੋਂ ਇਲਾਵਾ ਪਿੰਡ ਵਾਸੀ ਆਦਿ ਹਾਜ਼ਰ ਸਨ।

# ਪਹਿਲ ਯੋਜਨਾ ਤਹਿਤ ਪੇਂਡੂ ਔਰਤਾਂ ਦਾ ਸੁਧਰ ਰਿਹਾ ਹੈ ਆਰਥਿਕ ਪੱਧਰ : ਡਿਪਟੀ ਕਮਿਸ਼ਨਰ

## ਘਨੱਈਆ ਨਗਰ ਸਕੂਲ ਵਿਖੇ ਵਰਦੀਆਂ ਵੰਡਣ ਦੀ ਕੀਤੀ ਸ਼ੁਰੂਆਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 25 ਅਪ੍ਰੈਲ
INTERNATIONAL PAPER, 9463601616
hardipchumber57@gmail.com



ਬਠਿੰਡਾ, 25 ਅਪ੍ਰੈਲ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੇਟਗੁਰੂ)- ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਵੱਲੋਂ ਅੱਜ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਪੰਜਾਬ ਵਿਭਾਗ ਦੇ ਪੰਜਾਬ ਰਾਜ ਪੇਂਡੂ ਆਜੀਵਿਕਾ ਮਿਸ਼ਨ ਦੀ ਪਹਿਲ ਯੋਜਨਾ ਤਹਿਤ ਤਿਆਰ ਕੀਤੀਆਂ ਸਕੂਲੀ ਵਿਦਿਆਰਥੀਆਂ ਦੀਆਂ ਵਰਦੀਆਂ ਦੀ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਵੰਡ ਕਰਨ ਦੀ ਸ਼ੁਰੂਆਤ ਅੱਜ ਸਥਾਨਕ ਭਾਈ ਘਨੱਈਆ ਨਗਰ ਦੇ ਸਰਕਾਰੀ ਹਾਈ ਸਕੂਲ ਵਿਖੇ ਕੀਤੀ ਗਈ।ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਵੱਲੋਂ ਸਕੂਲੀ ਵਿਦਿਅਰਥੀਆਂ ਨੂੰ ਵਰਦੀਆਂ ਵੰਡ ਕਰਨ ਉਪਰੰਤ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਪਹਿਲ ਯੋਜਨਾ ਤਹਿਤ ਸਵੈ-ਸਹਾਇਤਾ ਸਮੂਹਾਂ ਨਾਲ ਜੁੜੀਆਂ ਹੋਈਆਂ ਪੇਂਡੂ ਔਰਤਾਂ ਨੂੰ ਸਿੱਧਾ ਰੁਜ਼ਗਾਰ ਮਿਲ ਰਿਹਾ ਹੈ। ਜਿਸ ਨਾਲ ਉਨ੍ਹਾਂ ਦੇ ਆਰਥਿਕ ਪੱਧਰ ਵਿੱਚ ਸੁਧਾਰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਸਕੂਲਾਂ ਵਿੱਚ ਪਹਿਲਾਂ ਵੀ ਵਰਦੀਆਂ ਦੀ ਖਰੀਦ ਕੀਤੀ ਜਾਂਦੀ ਸੀ, ਜਿਸ ਦਾ ਮੁਨਾਫ਼ਾ ਸਿਰਫ ਇਕ ਪ੍ਰਾਇਵੇਟ ਕੰਪਨੀ ਜਾਂ ਦੁਕਾਨਦਾਰ ਨੂੰ ਹੁੰਦਾ ਸੀ, ਪਰ ਹੁਣ ਪਹਿਲ ਯੋਜਨਾ ਤਹਿਤ ਸੈਂਕੜੇ ਔਰਤਾਂ ਨੂੰ ਇਸ ਦਾ ਲਾਭ ਮਿਲ ਰਿਹਾ ਹੈ। ਉਨ੍ਹਾਂ ਪਹਿਲ ਨਾਲ ਜੁੜੀਆਂ ਔਰਤਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹੁਣ ਇਹ ਔਰਤਾਂ ਆਪਣੇ ਪੱਧਰ ਤੇ ਜਿਥੇ ਵਰਦੀਆਂ ਬਣਾ ਰਹੀਆਂ ਹਨ, ਉਥੇ ਵੱਡੇ ਸ਼ਹਿਰਾਂ ਵਿੱਚ ਜਾ ਕੇ ਸਮਾਨ ਖਰੀਦਣ, ਵਰਦੀਆਂ ਦੇ ਰੱਖ-ਰਖਾਵ, ਪੈਕਜਿੰਗ ਅਤੇ ਵਿਤਰਣ ਸਬੰਧੀ ਸਾਰੇ ਕੰਮ ਆਪਣੇ ਹੱਥੀ ਬੜੇ ਆਤਿਮ ਵਿਸ਼ਵਾਸ ਨਾਲ ਕਰ ਰਹੀਆਂ ਹਨ।ਇਸ ਦੌਰਾਨ ਉਨ੍ਹਾਂ ਸਕੂਲੀ ਬੱਚਿਆਂ ਨੂੰ ਪੜ੍ਹਾਈ ਦੀ ਅਹਿਮੀਅਤ ਸਬੰਧੀ ਦੱਸਦਿਆਂ ਕਿਹਾ ਕਿ ਜਿੰਦਗੀ ਵਿੱਚ ਸਫ਼ਲ ਅਤੇ ਚੰਗੇ ਇਨਸਾਨ ਬਣਨ ਲਈ ਪੜ੍ਹਾਈ ਬੇਹੱਦ ਜ਼ਰੂਰੀ ਹੈ। ਉਨ੍ਹਾਂ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੇਕਰ ਉਹਨਾਂ ਨੂੰ ਪੜ੍ਹਾਈ ਅਤੇ ਸਕੂਲ ਸਬੰਧੀ ਕੋਈ ਪ੍ਰੇਸ਼ਾਨੀ ਹੈ ਤਾਂ ਕਿਸੇ ਸਮੇਂ ਵੀ ਉਹਨਾਂ ਨਾਲ ਉਹਨਾਂ ਦੇ ਦਫ਼ਤਰ ਆ ਕੇ ਦੱਸ ਸਕਦੇ ਹਨ।ਇਸ ਮੌਕੇ ਤੇ ਵਧੀਕ ਡਿਪਟੀ ਕਮਿਸ਼ਨਰ ਮੈਡਮ ਕੰਚਨ ਨੇ ਦੱਸਿਆ ਕਿ ਇਸ ਸਾਲ ਪਹਿਲ ਯੋਜਨਾ ਤਹਿਤ ਪਹਿਲੇ ਪੜਾਅ ਲਈ 40 ਹਜ਼ਾਰ ਸਕੂਲੀ ਵਿਦਿਆਰਥੀਆਂ ਦੀਆਂ ਵਰਦੀਆਂ ਬਣਾਉਣ ਦਾ ਟੀਚਾ ਮਿਲਿਆ ਹੈ, ਜਿਸ ਨੂੰ ਸਮਾਂ ਰਹਿੰਦੇ ਪੂਰਾ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਇਸ ਨਾਲ ਪਹਿਲ ਯੋਜਨਾ ਤਹਿਤ ਖੁੱਲ੍ਹੇ ਸੈਂਟਰਾਂ ਦੀ ਟਰਨ ਓਵਰ 2 ਕਰੋੜ 40 ਲੱਖ ਹੋ ਜਾਵੇਗੀ।ਇਸ ਤੋਂ ਪਹਿਲਾਂ ਯੋਜਨਾ ਸਬੰਧੀ ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਸੁਖਵਿੰਦਰ ਸਿੰਘ ਚੱਠਾ ਨੇ ਦੱਸਿਆ ਕਿ ਪਿਛਲੇ ਸਾਲ ਇਸ ਸੈਂਟਰ ਦੀ ਟਰਨ ਓਵਰ 1 ਕਰੋੜ 20 ਲੱਖ ਰੁਪੈ ਦੇ ਲਗਭਗ ਸੀ। ਇਸ ਮੌਕੇ ਇਸ ਯੋਜਨਾ ਨਾਲ ਜ਼ਿਲ੍ਹੇ ਦੇ ਸਵੈ-ਸਹਿਤਾ ਸਮੂਹਾਂ ਦੀਆਂ 250 ਤੋਂ ਵੱਧ ਔਰਤਾਂ ਜੁੜ ਕੇ ਕੰਮ ਕਰ ਰਹੀਆਂ ਹਨ ਅਤੇ ਜੇਕਰ ਇਹ ਟੀਚਾ ਵੱਧ ਕੇ 78 ਹਜ਼ਾਰ ਦਾ ਹੁੰਦਾ ਹੈ ਤਾਂ ਕੁੱਲ ਟਰਨ ਓਵਰ ਵੱਧ ਕੇ 4 ਕਰੋੜ 68 ਲੱਖ ਤੱਕ ਪਹੁੰਚ ਜਾਵੇਗੀ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਮੈਡਮ ਮਨਿੰਦਰ ਕੌਰ ਨੇ ਸਿੱਖਿਆ ਵਿਭਾਗ ਵੱਲੋਂ ਪਹਿਲ ਮੈਂਬਰਾਂ ਨੂੰ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੰਦਿਆਂ ਸਰਕਾਰ ਦੀ ਇਸ ਯੋਜਨਾ ਨੂੰ ਰੁਜਗਾਰ ਦਾ ਚੰਗਾ ਸਾਧਨ ਦੱਸਿਆ।ਇਸ ਮੌਕੇ ਮੁੱਖ ਅਧਿਆਪਕ ਸੰਜੀਵ ਗਰਗ, ਸੰਦੀਪ ਕੁਮਾਰ ਕੋਆਰਡੀਨੇਟਰ ਸਮੱਗਰਾ, ਬਲਜੀਤ ਸਿੰਘ ਬਲਾਕ ਪ੍ਰੋਗਰਾਮ ਮੈਨੇਜਰ ਗੋਨਿਆਣਾ, ਪਹਿਲ ਮੈਨੇਜਰ ਹਰਪ੍ਰੀਤ ਕੌਰ, ਕੋਆਰਡੀਨੇਟਰ ਸੁਖਦੀਪ ਕੌਰ ਤੋਂ ਇਲਾਵਾ ਸਮੂਹ ਸਕੂਲ ਸਟਾਫ਼ ਅਤੇ ਵਿਦਿਆਰਥੀ ਮੌਜੂਦ ਸਨ।

# ਸਿੱਖਿਆ ਦੇ ਢਾਂਚੇ ਨੂੰ ਮੁੜ ਤੋਂ ਲੀਹਾਂ ਤੇ ਲਿਆਉਣ ਲਈ ਪੰਜਾਬ ਸਰਕਾਰ ਵਚਨਬੱਧ: ਜੈ ਕ੍ਰਿਸ਼ਨ ਸਿੰਘ ਰੌੜੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 25 ਅਪ੍ਰੈਲ
INTERNATIONAL PAPER, 9463601616
hardipchumber57@gmail.com



ਗੜ੍ਹਸ਼ੰਕਰ/ਹੁਸ਼ਿਆਰਪੁਰ, ਅਪ੍ਰੈਲ:( ਪੱਤਰ ਪ੍ਰੇਰਕ) ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਦਾ ਮੁੱਖ ਮੰਤਵ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਕੇ ਸਕੂਲਾਂ ਨੂੰ ਹਰ ਪੱਖੋਂ ਸਰਵੋਤਮ ਸੁਵਿਧਾਵਾਂ ਪ੍ਰਦਾਨ ਕਰਨਾ ਹੈ ਤਾਂ ਜੋ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਆਧੁਨਿਕ ਸਿੱਖਿਆ ਦੇ ਸਮੇਂ ਦਾ ਹਾਣੀ ਬਣਾਇਆ ਜਾ ਸਕੇ। ਇਹ ਵਿਚਾਰ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਹਲਕਾ ਗੜ੍ਹਸ਼ੰਕਰ ਦੇ ਚਾਰ ਸਰਕਾਰੀ ਸਕੂਲਾਂ ਵਿਚ 16.31 ਲੱਖ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦੇ ਉਦਘਾਟਨ ਦੌਰਾਨ ਰੱਖੇ। ਉਨ੍ਹਾਂ ਸਰਕਾਰੀ ਪ੍ਰਾਇਮਰੀ ਸਕੂਲ ਸਤਨੌਰ ਵਿਖੇ ਚਾਰਦੀਵਾਰੀ, ਸਰਕਾਰੀ ਪ੍ਰਾਇਮਰੀ ਸਕੂਲ ਸਲੇਮਪੁਰ ਵਿਖੇ ਕਲਾਸਰੂਮ, ਸਰਕਾਰੀ ਪ੍ਰਾਇਮਰੀ ਸਕੂਲ ਕਿਤਨਾ ਵਿਖੇ ਚਾਰਦੀਵਾਰੀ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਮੇਰਾਂਵਾਲੀ ਵਿਖੇ ਕਲਾਸਰੂਮ ਦਾ ਉਦਘਾਟਨ ਕੀਤਾ।

ਡਿਪਟੀ ਸਪੀਕਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬਾ ਸਰਕਾਰ ਨੇ ਮਾੜੀ ਸਥਿਤੀ ਵਿੱਚ ਪਹੁੰਚੇ ਸਰਕਾਰੀ ਸਕੂਲਾਂ ਤੇ ਸਿਹਤ ਸੰਸਥਾਵਾਂ ਨੂੰ ਤਰਜੀਹੀ ਖੇਤਰ ਮੰਨਦੇ ਹੋਏ ਰਿਕਾਰਡ ਵਿਕਾਸ ਕਰਵਾਇਆ ਹੈ ਜਿਸ ਸਦਕਾ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਹਰੇਕ ਖੇਤਰ ਵਿੱਚ ਉੱਚੀਆਂ ਮੱਲਾਂ ਮਾਰ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਸਾਡੇ ਸੂਬੇ ਦੀ ਤਰੱਕੀ ਦਾ ਆਧਾਰ ਬਣੇਗੀ ਤੇ ਸਰਕਾਰੀ ਸਕੂਲਾਂ ਚੋਂ ਪੜ੍ਹ ਕੇ ਆਮ ਘਰਾਂ ਦੇ ਬੱਚੇ ਵੱਡੀਆਂ ਉਚਾਈਆਂ ਨੂੰ ਛੂਹਣਗੇ । ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੁਣ ਤੱਕ 54 ਹਜਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਪ੍ਰਦਾਨ ਕਰਕੇ ਕੀਰਤੀਮਾਨ ਸਥਾਪਿਤ ਕੀਤਾ ਗਿਆ ਹੈ। ਇਸ ਮੌਕੇ ਉਨ੍ਹਾਂ ਨੇ ਹੋਣਹਾਰ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ। ਇਸ ਮੌਕੇ ਪਿੰਡਾਂ ਦੇ ਪੰਚਾਇਤ ਮੈਂਬਰ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ।

# ਨੌਜਵਾਨ ਨਸ਼ਿਆ ਦਾ ਤਿਆਗ ਕਰਕੇ ਚੰਗੇ ਸਮਾਜ ਦੀ ਕਰਨ ਸਿਰਜਣਾ : ਪ੍ਰੋ ਬਲਜਿੰਦਰ ਕੌਰ

## ਫ਼ਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਰਾਮਪੁਰਾ ਫੂਲ ਦੇ 52 ਵਿਦਿਆਰਥੀਆਂ ਨੇ ਪੰਜਾਬ ਅਧਿਆਪਕ ਯੋਗਤਾ ਪ੍ਰੀਖਿਆ 'ਚ ਰਿਕਾਰਡ ਸਫਲਤਾ ਹਾਸਲ ਕੀਤੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਅਪਰੈਲ
INTERNATIONAL PAPER, 94636 01616
hardipchumber57@gmail.com



